11-APRIL-PAGE-1.qxd 4/10/2023 10:44 PM Page 1

ਮੰਗਲਵਾਰ, 11 ਅਪ੍ਰੈਲ, 2023
29 ਚੇਤ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 310

# ਨਵਾਂ ਜ਼ਮਾਨਾ

DAILY NAWAN ZAMANA • TUESDAY, 11 APRIL, 2023 — ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

## ਮਸਜਿਦ 'ਤੇ ਹਮਲੇ ਤੋਂ ਬਾਅਦ ਤਣਾਅ

**ਚੰਡੀਗੜ੍ਹ :** ਹਰਿਆਣਾ ਦੇ ਸੋਨੀਪਤ ਜ਼ਿਲ੍ਹੇ 'ਚ 15-20 ਹਥਿਆਰਬੰਦ ਹਮਲਾਵਰਾਂ ਵੱਲੋਂ ਮਸਜਿਦ 'ਚ ਭੰਨ-ਤੋੜ ਕਰਨ ਅਤੇ ਨਮਾਜ਼ੀਆਂ ਉੱਤੇ ਹਮਲਾ ਕਰਨ ਤੋਂ ਬਾਅਦ ਤਣਾਅ ਪੈਦਾ ਹੋ ਗਿਆ ਹੈ। ਹਮਲੇ 'ਚ ਘੱਟੋ-ਘੱਟ 9 ਵਿਅਕਤੀ ਜ਼ਖਮੀ ਹੋ ਗਏ। ਐਤਵਾਰ ਰਾਤ ਪਿੰਡ ਸੰਦਲ ਕਲਾਂ 'ਚ ਵਾਪਰੀ ਇਸ ਘਟਨਾ ਤੋਂ ਬਾਅਦ ਹਥਿਆਰਬੰਦ ਵਿਅਕਤੀਆਂ ਵੱਲੋਂ ਲੋਕਾਂ 'ਤੇ ਹਮਲਾ ਕਰਨ ਦੀਆਂ ਤਸਵੀਰਾਂ ਵਾਇਰਲ ਹੋ ਰਹੀਆਂ ਹਨ। ਹਮਲਾਵਰ ਡਾਂਗਾਂ ਨਾਲ ਲੈਸ ਸਨ। ਹਮਲੇ ਦਾ ਕਾਰਨ ਸਪੱਸ਼ਟ ਨਹੀਂ ਹੈ, ਪਰ ਪੁਲਸ ਨੇ 19 ਵਿਅਕਤੀਆਂ ਖਿਲਾਫ ਐੱਫ ਆਈ ਆਰ ਦਰਜ ਕੀਤੀ ਹੈ। ਜ਼ਖਮੀਆਂ ਨੂੰ ਸੋਨੀਪਤ ਦੇ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ।

## ਝੰਡੇ ਦੀ ਬੇਅਦਬੀ ਤੋਂ ਬਾਅਦ ਪਥਰਾਅ ਤੇ ਅਗਜ਼ਨੀ

**ਰਾਂਚੀ :** ਜਮਸ਼ੇਦਪੁਰ ਦੇ ਸ਼ਾਸਤਰੀ ਨਗਰ 'ਚ ਧਾਰਮਕ ਝੰਡੇ ਦੀ ਕਥਿਤ ਬੇਅਦਬੀ ਕਾਰਨ ਦੋ ਧੜਿਆਂ ਵਿਚਾਲੇ ਪਥਰਾਅ ਅਤੇ ਅਗਜ਼ਨੀ ਤੋਂ ਬਾਅਦ ਧਾਰਾ 144 ਤਹਿਤ ਮਨਾਹੀ ਦੇ ਹੁਕਮ ਲਾਗੂ ਕੀਤੇ ਗਏ ਹਨ। ਐਤਵਾਰ ਸ਼ਾਮ ਨੂੰ ਦੋ ਸਮੂਹਾਂ ਨੇ ਦੋ ਦੁਕਾਨਾਂ ਅਤੇ ਆਟੋ-ਰਿਕਸ਼ਾ ਨੂੰ ਅੱਗ ਲਗਾ ਦਿੱਤੀ ਅਤੇ ਪੁਲਸ ਨੇ ਭੀੜ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ ਛੱਡੇ। ਇਸ ਦੌਰਾਨ ਪੁਲਸ ਨੇ 50 ਵਿਅਕਤੀਆਂ ਨੂੰ ਹਿਰਾਸਤ 'ਚ ਲੈ ਲਿਆ ਹੈ।

## ਵੁਜ਼ੂ 'ਤੇ ਸੁਣਵਾਈ 14 ਨੂੰ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਅੰਜੁਮਨ ਇੰਤਜ਼ਾਮੀਆ ਮਸਜਿਦ ਕਮੇਟੀ ਵੱਲੋਂ ਵਾਰਾਨਸੀ ਦੇ ਗਿਆਨਵਾਪੀ ਮਸਜਿਦ ਕੰਪਲੈਕਸ ਵਿਚ ਰਮਜ਼ਾਨ ਦੇ ਮਹੀਨੇ ਦੌਰਾਨ 'ਵੁਜ਼ੂ' ਕਰਨ ਦੀ ਇਜਾਜ਼ਤ ਮੰਗੀ ਹੈ। ਸੁਪਰੀਮ ਕੋਰਟ ਨੇ ਪਟੀਸ਼ਨ 'ਤੇ 14 ਅਪਰੈਲ ਨੂੰ ਸੁਣਵਾਈ ਕਰਨ ਲਈ ਸਹਿਮਤੀ ਦਿੱਤੀ।

## ਪਤਨੀ ਤੇ ਦੋ ਬੱਚਿਆਂ ਨੂੰ ਮਾਰਨ ਤੋਂ ਬਾਅਦ ਖੁਦਕੁਸ਼ੀ

**ਝੱਜਰ :** ਪਿੰਡ ਮਦਾਨਾ ਖੁਰਦ 'ਚ ਐਤਵਾਰ ਰਾਤ ਇੱਕ ਵਿਅਕਤੀ ਨੇ ਪਤਨੀ ਅਤੇ ਦੋ ਬੱਚਿਆਂ ਦਾ ਕਤਲ ਕਰਨ ਤੋਂ ਬਾਅਦ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਅਪਰਾਧ ਦੇ ਕਾਰਨਾਂ ਦਾ ਪਤਾ ਨਹੀਂ ਲੱਗਿਆ। ਮ੍ਰਿਤਕਾਂ ਦੀ ਪਛਾਣ ਨਰੇਸ਼ (44), ਉਸ ਦੀ ਪਤਨੀ ਸੁਮਨ (40), ਅਨੁਸ਼ਕਾ (16) ਅਤੇ ਨਮਨ (14) ਵਜੋਂ ਹੋਈ ਹੈ। ਨਰੇਸ਼ ਪਿੰਡ ਰੋਹੜ 'ਚ ਪਲਾਈਵੁੱਡ ਫੈਕਟਰੀ 'ਚ ਕੰਮ ਕਰਦਾ ਸੀ।

## ਦਲਾਈ ਲਾਮਾ ਨੇ ਮੁਆਫੀ ਮੰਗੀ

**ਸ਼ਿਮਲਾ :** ਦਲਾਈ ਲਾਮਾ ਨੇ ਸੋਮਵਾਰ ਕਿਹਾ ਕਿ ਜੇ ਉਨ੍ਹਾ ਦੇ ਸ਼ਬਦਾਂ ਨਾਲ ਭਾਵਨਾਵਾਂ ਨੂੰ ਸੱਟ ਵੱਜੀ ਹੈ ਤਾਂ ਉਹ ਬੱਚੇ, ਉਸ ਦੇ ਪਰਵਾਰ ਅਤੇ ਦੋਸਤਾਂ ਤੋਂ ਮੁਆਫੀ ਮੰਗਦੇ ਹਨ। ਇਸ ਤੋਂ ਪਹਿਲਾਂ ਵੀਡੀਓ 'ਚ ਤਿੱਬਤੀ ਅਧਿਆਤਮਕ ਨੇਤਾ ਕਥਿਤ ਤੌਰ 'ਤੇ ਬੱਚੇ ਨੂੰ ਆਪਣੀ ਜੀਭ ਚੂਸਣ ਲਈ ਕਹਿ ਰਹੇ ਹਨ। ਇਸ ਨਾਲ ਵਿਵਾਦ ਪੈਦਾ ਹੋ ਗਿਆ।

# ਕੇਂਦਰ ਤੋਂ ਕਣਕ ਦੇ ਖਰੀਦ ਮਾਪਦੰਡਾਂ 'ਚ ਛੋਟ ਦੀ ਮੰਗ

### ਕੈਬਨਿਟ ਵੱਲੋਂ ਮੁਆਵਜ਼ੇ 'ਚ ਕੇਂਦਰ ਦਾ ਹਿੱਸਾ ਵਧਾਉਣ ਦੀ ਵੀ ਅਪੀਲ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਨੇ ਕੇਂਦਰ ਸਰਕਾਰ ਤੋਂ ਬੇਮੌਸਮੇ ਮੀਂਹ ਕਾਰਨ ਕਿਸਾਨਾਂ ਦੀਆਂ ਫ਼ਸਲਾਂ ਦੇ ਹੋਏ ਨੁਕਸਾਨ ਦੇ ਮੱਦੇਨਜ਼ਰ ਮੌਜੂਦਾ ਸੀਜ਼ਨ ਵਿੱਚ ਕਣਕ ਖਰੀਦ ਮਾਪਦੰਡਾਂ ਵਿੱਚ ਢਿੱਲ ਦੇਣ ਦੀ ਮੰਗ ਕੀਤੀ ਹੈ। ਇਸ ਸੰਬੰਧੀ ਫੈਸਲਾ ਸੋਮਵਾਰ ਇੱਥੇ ਪੰਜਾਬ ਸਿਵਲ ਸਕੱਤਰੇਤ ਵਿੱਚ ਮੁੱਖ ਮੰਤਰੀ ਦੀ ਅਗਵਾਈ ਹੇਠ ਉਨ੍ਹਾ ਦੇ ਦਫ਼ਤਰ ਵਿੱਚ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਿਆ ਗਿਆ। ਮੀਟਿੰਗ ਦੌਰਾਨ ਕੈਬਨਿਟ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਬਿਨਾਂ ਕਿਸੇ ਕਟੌਤੀ ਦੇ ਮਾਪਦੰਡਾਂ ਵਿੱਚ ਢੁਕਵੀਂ ਢਿੱਲ ਦਿੱਤੀ ਜਾਵੇ ਤਾਂ ਕਿ ਪਹਿਲਾਂ ਹੀ ਖਰਾਬ ਮੌਸਮ ਦੀ ਮਾਰ ਝੱਲ ਰਹੇ ਸੂਬੇ ਦੇ ਕਿਸਾਨਾਂ ਨੂੰ ਹੋਰ ਦਿੱਕਤਾਂ ਦਾ ਸਾਹਮਣਾ ਨਾ ਕਰਨਾ ਪਵੇ। ਕਣਕ ਦੀ ਪੱਕੀ ਫ਼ਸਲ ਉਤੇ ਪਿਆ ਮੀਂਹ, ਤੇਜ਼ ਹਵਾਵਾਂ ਤੇ ਗੜ੍ਹੇਮਾਰੀ ਕਾਰਨ ਬਹੁਤ ਨੁਕਸਾਨ ਹੋਇਆ ਹੈ। ਖੇਤਾਂ ਵਿੱਚ ਪਾਣੀ ਖੜ੍ਹਾ ਹੋਣ ਕਾਰਨ ਕਣਕ ਦਾ ਦਾਣਾ ਵੀ ਬਦਰੰਗ ਹੋਇਆ ਹੈ। ਇਸ ਲਈ ਕੈਬਨਿਟ ਨੇ ਇਕਮੱਤ ਵਿੱਚ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਕਣਕ ਦੇ ਦਾਣੇ ਦੇ ਸੁੰਗੜਨ, ਬਦਰੰਗੀ ਤੇ ਨਮੀ ਸੰਬੰਧੀ ਮਾਪਦੰਡਾਂ ਵਿੱਚ ਛੋਟ ਦਿੱਤੀ ਜਾਣੀ ਚਾਹੀਦੀ ਹੈ। ਕੈਬਨਿਟ ਨੇ ਕਿਹਾ ਕਿ ਫ਼ਸਲ ਪਾਲਣ ਲਈ ਵਧੀਆਂ ਲਾਗਤਾਂ ਅਤੇ ਹੋਰ ਖ਼ਰਚਿਆਂ ਵਿੱਚ ਹੋਏ ਬੇਤਹਾਸ਼ਾ ਵਾਧੇ ਦੇ ਮੱਦੇਨਜ਼ਰ ਕੁਦਰਤੀ ਆਫ਼ਤਾਂ ਕਾਰਨ ਹੁੰਦੇ ਨੁਕਸਾਨ ਬਦਲੇ ਕਿਸਾਨਾਂ ਨੂੰ ਮਿਲਦੇ ਮੁਆਵਜ਼ੇ ਵਿੱਚ ਕੇਂਦਰ ਸਰਕਾਰ ਦਾ ਹਿੱਸਾ ਕਾਫ਼ੀ ਘੱਟ ਹੈ। ਪੰਜਾਬ ਸਰਕਾਰ ਨੇ ਹਾਲ ਹੀ ਵਿੱਚ 75 ਫੀਸਦੀ ਤੋਂ ਵੱਧ ਫ਼ਸਲ ਦੇ ਨੁਕਸਾਨ ਲਈ ਕਿਸਾਨਾਂ ਨੂੰ ਮਿਲਦੇ ਮੁਆਵਜ਼ੇ ਵਿੱਚ ਆਪਣਾ ਹਿੱਸਾ ਵਧਾ ਕੇ 15 ਹਜ਼ਾਰ ਰੁਪਏ ਪ੍ਰਤੀ ਏਕੜ ਕੀਤਾ ਹੈ। ਇਸ ਦੌਰਾਨ ਕੈਬਨਿਟ ਨੇ ਕੇਂਦਰ ਸਰਕਾਰ ਨੂੰ ਵੀ ਪ੍ਰਭਾਵਤ ਕਿਸਾਨਾਂ ਲਈ ਮੁਆਵਜ਼ਾ ਵਧਾਉਣ ਦੀ ਅਪੀਲ ਕੀਤੀ। ਕੈਬਨਿਟ ਦਾ ਤਰਕ ਸੀ ਕਿ ਮੌਸਮ ਵਿੱਚ ਅਚਾਨਕ ਆਈ ਤਬਦੀਲੀ ਕਾਰਨ ਨੁਕਸਾਨ ਝੱਲਣ ਵਾਲੇ ਵੱਡੀ ਗਿਣਤੀ ਕਿਸਾਨਾਂ ਦਾ ਦਰਦ ਤੇ ਪੀੜ ਸ਼ਬਦਾਂ ਵਿੱਚ ਬਿਆਨ ਨਹੀਂ ਕੀਤੀ ਜਾ ਸਕਦੀ। ਤੇਜ਼ ਹਵਾਵਾਂ ਤੇ ਗੜ੍ਹੇਮਾਰੀ ਦੇ ਨਾਲ ਪਏ ਮੋਹਲੇਧਾਰ ਮੀਂਹ ਕਾਰਨ ਫ਼ਸਲਾਂ ਦਾ ਵੱਡੇ ਪੱਧਰ ਉਤੇ ਨੁਕਸਾਨ ਹੋਇਆ ਹੈ ਅਤੇ ਵੱਡੀ ਗਿਣਤੀ ਕਿਸਾਨਾਂ ਦੀ ਰੋਜ਼ੀ-ਰੋਟੀ ਨੂੰ ਸੱਟ ਵੱਜੀ ਹੈ।

ਕੈਬਨਿਟ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਤੇਜ਼ ਹਵਾਵਾਂ, ਮੀਂਹ ਤੇ ਗੜ੍ਹੇਮਾਰੀ ਕਾਰਨ ਜਿਨ੍ਹਾਂ ਕਿਸਾਨਾਂ ਦੀ ਖੜ੍ਹੀ ਫ਼ਸਲ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ। ਕੈਬਨਿਟ ਨੇ ਕਿਹਾ ਕਿ ਪ੍ਰਭਾਵਤ ਕਿਸਾਨਾਂ ਨੂੰ ਪ੍ਰਤੀ ਏਕੜ ਮਿਲਦਾ ਘੱਟੋ-ਘੱਟ ਮੁਆਵਜ਼ਾ ਦੇਣ ਲਈ ਨਿਯਮਾਂ ਵਿੱਚ ਸੋਧ ਕਰਨ ਦੀ ਲੋੜ ਹੈ। ਕੈਬਨਿਟ ਨੇ ਚੇਤੇ ਕਰਵਾਇਆ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬ ਕੇਂਦਰੀ ਪੂਲ ਵਿੱਚ ਕਣਕ ਦਾ 40 ਤੋਂ 50 ਫੀਸਦੀ ਅਤੇ ਚੌਲਾਂ ਦਾ 30 ਤੋਂ 35 ਫੀਸਦੀ ਯੋਗਦਾਨ ਪਾ ਕੇ ਦੇਸ਼ ਦੀ ਖੁਰਾਕ ਸੁਰੱਖਿਆ ਯਕੀਨੀ ਬਣਾਉਣ ਲਈ ਹਮੇਸ਼ਾ ਮੋਹਰੀ ਰਿਹਾ ਹੈ। ਕਿਸਾਨਾਂ ਦੇ ਸਮਰਪਣ ਤੇ ਵਚਨਬੱਧਤਾ ਦਾ ਅੰਦਾਜ਼ਾ ਇਸ ਗੱਲੋਂ ਲਾਇਆ ਜਾ ਸਕਦਾ ਹੈ ਕਿ ਸਿਰਫ਼ ਦੋ ਫੀਸਦੀ ਭੂਗੋਲਿਕ ਇਲਾਕਾ ਤੇ ਦੇਸ਼ ਦੀ

● ਬਾਕੀ ਸਫ਼ਾ 2 'ਤੇ

# 'ਬਨੇਗਾ' ਹੀ ਖੁਸ਼ੀਆਂ ਦੀ ਗਰੰਟੀ : ਲਵਪ੍ਰੀਤ, ਕਰਮਵੀਰ

### ਸਰਕਾਰ ਪੰਜਾਬੀ 'ਵਰਸਿਟੀ ਦਾ ਸਾਰਾ ਕਰਜ਼ਾ ਮੁਆਫ ਕਰਕੇ ਬਣਦੀ ਨਵੀਂ ਗਰਾਂਟ ਜਾਰੀ ਕਰੇ



**ਮੋਗਾ (ਅਮਰਜੀਤ ਬੱਬਰੀ)**-ਸਰਵ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ, ਜ਼ਿਲ੍ਹਾ ਮੋਗਾ ਵੱਲੋਂ 'ਰੁਜ਼ਗਾਰ ਪ੍ਰਾਪਤੀ ਮੁਹਿੰਮ' ਦੇ ਬੈਨਰ ਹੇਠ "ਪਰਮਗੁਣੀ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ" ਦੇ ਸ਼ਹੀਦੀ ਦਿਨ ਨੂੰ ਸਮਰਪਿਤ 'ਨੌਜਵਾਨ-ਵਿਦਿਆਰਥੀ ਕਾਨਫਰੰਸ' ਬੱਧਨੀ ਖੁਰਦ ਵਿਖੇ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਆਗੂ ਅਤੇ ਮੌਜੂਦਾ ਸਰਪੰਚ ਕੁਲਵੰਤ ਸਿੰਘ ਬੱਧਨੀ ਤੇ ਵਿਦਿਆਰਥੀ ਆਗੂ ਜਸਪ੍ਰੀਤ ਕੌਰ ਬੱਧਨੀ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿਚ ਮੁੱਖ ਵਕਤਾ ਦੇ ਤੌਰ 'ਤੇ ਸਰਵ ਭਾਰਤ ਨੌਜਵਾਨ ਸਭਾ ਦੇ ਸਾਬਕਾ ਸੂਬਾ ਸਕੱਤਰ ਕੁਲਦੀਪ ਭੋਲਾ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਲਵਪ੍ਰੀਤ ਮਾੜੀਮੇਘਾ ਅਤੇ ਨੌਜਵਾਨ ਆਗੂ ਕਰਮਵੀਰ ਬੱਧਨੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਪਿੰਡ ਵਿੱਚੋਂ ਵੱਡੀ ਗਿਣਤੀ 'ਚ ਨੌਜਵਾਨ-ਵਿਦਿਆਰਥੀਆਂ, ਕਿਸਾਨਾਂ, ਮਜ਼ਦੂਰਾਂ, ਔਰਤਾਂ ਤੇ ਬੱਚਿਆਂ ਨੇ ਇਸ ਕਾਨਫਰੰਸ ਵਿੱਚ ਸ਼ਾਮਲ ਹੋ ਕੇ ਜਿੱਥੇ 23 ਮਾਰਚ ਦੇ ਸ਼ਹੀਦਾਂ ਨੂੰ ਯਾਦ ਕੀਤਾ, ਉਥੇ ਨਾਲ ਹੀ ਸ਼ਹੀਦਾਂ ਦੇ ਜੀਵਨ, ਉਹਨਾਂ ਦੀ ਵਿਚਾਰਧਾਰਾ ਅਤੇ ਅੱਜ ਦੇ ਸਮੇਂ ਜਵਾਨੀ ਨੂੰ ਕਿਸ ਤਰੀਕੇ ਨਾਲ ਉਹਨਾਂ ਦੇ ਦਿਖਾਏ ਰਸਤੇ ਉੱਤੇ ਚੱਲਣ ਦੀ ਲੋੜ ਹੈ, ਬਾਰੇ ਵਿਚਾਰ ਚਰਚਾ ਕੀਤੀ।

ਕੁਲਦੀਪ ਭੋਲਾ ਨੇ ਸੰਬੋਧਨ ਕਰਦਿਆਂ ਦੋਹਾਂ ਜੱਥੇਬੰਦੀਆਂ ਦੀ ਟੀਮ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਜਦੋਂ ਸੀਜ਼ਨ ਦਾ ਸਮਾਂ ਹੈ ਲੋਕ ਕੰਮਾਂ-ਕਾਰਾਂ 'ਚ ਰੁੱਝੇ ਹੋਏ ਹਨ, ਫਿਰ ਵੀ ਵੱਡੀ ਗਿਣਤੀ 'ਚ ਲੋਕਾਂ ਦਾ ਸ਼ਹੀਦਾਂ ਨੂੰ ਯਾਦ ਕਰਨ ਲਈ ਇਕੱਠੇ ਹੋ ਵਿਚਾਰ ਚਰਚਾਵਾਂ ਕਰਨੀਆਂ ਆਪਣੇ-ਆਪ 'ਚ ਸਲਾਹੁਣਯੋਗ ਕੰਮ ਹੈ। ਅੱਜ ਦਾ ਸਮਾਂ ਮੰਗ ਕਰਦਾ ਕਿ ਹਕੂਮਤ ਵੱਲੋਂ ਜਿਸ ਤਰ੍ਹਾਂ ਦੇ ਹਾਲਾਤ ਬਣਾਏ ਜਾ ਰਹੇ ਹਨ, ਉਹਨਾਂ ਬਾਰੇ ਸੋਚੀਏ ਤੇ ਸਹੀ ਰਾਹ ਚੁਣ ਅੱਗੇ ਵਧੀਏ। ਉਹਨਾਂ ਕਿਹਾ ਕਿ ਸਰਮਾਏਦਾਰੀ ਜਿਸ ਪੜਾਅ 'ਤੇ ਪਹੁੰਚ ਚੁੱਕੀ ਹੈ। ਕਿਰਤ ਦੀ ਲੁੱਟ ਕਰਨ ਵਾਲੇ ਮੁੱਠੀ ਭਰ ਲੋਕ ਕੁੱਲ ਦੁਨੀਆ ਦੀ ਦੌਲਤ 'ਤੇ ਕਾਬਜ਼ ਹੋ ਰਹੇ ਹਨ ਅਤੇ ਬਾਕੀ ਵਸੋਂ ਦੋ ਵਕਤ ਦੀ ਰੋਟੀ ਤੋਂ ਵੀ ਮੁਥਾਜ ਕੀਤੀ ਜਾ ਰਹੀ ਹੈ ਅਜਿਹੇ ਸਮੇਂ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਆਪਣੇ ਵਿਚਾਰਧਾਰਕ ਆਗੂ ਤੋਂ ਸੇਧ ਲੈਣ ਲਈ ਅਜਿਹੇ ਪ੍ਰੋਗਰਾਮ ਕਰੀਏ। ਉਹਨਾਂ ਲੋਕਾਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਨੌਜਵਾਨ-ਵਿਦਿਆਰਥੀਆਂ ਭਗਤ ਸਿੰਘ ਦੇ ਜੀਵਨ ਨੂੰ ਪੜ੍ਹਨ, ਜਾਨਣ ਅਤੇ ਜੱਥੇਬੰਦੀਆਂ ਦੇ ਲੜ ਲਗਾ ਇਸ ਲਹਿਰ ਦਾ ਹਿੱਸਾ ਬਣਾਉਣ ਦੀ ਅਪੀਲ ਕੀਤੀ ਅਤੇ ਨਾਲ ਹੀ ਬੇਮੌਸਮੀ ਬਰਸਾਤ ਕਾਰਨ ਖਰਾਬ ਹੋਈਆਂ ਫਸਲਾਂ ਦਾ ਬਣਦਾ ਮੁਆਵਜ਼ਾ ਜਲਦੀ ਤੋਂ ਜਲਦੀ ਕਿਸਾਨਾਂ ਨੂੰ ਮਿਲੇ, ਦੀ ਗੱਲ ਵੀ ਕੀਤੀ

ਲਵਪ੍ਰੀਤ ਮਾੜੀਮੇਘਾ ਅਤੇ ਸੂਬਾਈ ਜੱਥੇਬੰਦਕ ਸਕੱਤਰ ਕਰਮਵੀਰ ਬੱਧਨੀ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਨੇ ਆਪਣੇ ਨਿੱਜੀ ਹਿੱਤਾਂ ਲਈ ਜਵਾਨੀ ਨੂੰ ਵਰਤਿਆ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਪ੍ਰਬੰਧ ਨੇ ਲੋਕਾਂ ਨੂੰ ਕਿਰਤ ਤੋਂ ਪਾਸੇ ਕਰ ਉਹਨਾਂ

● ਬਾਕੀ ਸਫ਼ਾ 2 'ਤੇ

## ਵਿਸ਼ੇਸ਼ ਸਪਲੀਮੈਂਟ



ਅਜੇ ਅਰੋੜਾ
ਕੋਟ ਈਸੇ ਖਾਂ
99143-58312



ਬਲਬੀਰ ਸੈਣੀ
ਹੁਸ਼ਿਆਰਪੁਰ
94632-61803



ਤਰਸੇਮ ਸਿੰਘ ਸਾਧਪੁਰ
ਤਰਸਿੱਕਾ (ਅੰਮ੍ਰਿਤਸਰ)
99882-03163



ਰਛਪਾਲ ਸਿੰਘ ਸੰਧੂ
ਮਖੂ
94175-55398



ਨਛੱਤਰ ਸਿੰਘ
ਹਠੂਰ
98151-18229



ਅਮਿਤ ਖੰਨਾ
ਜਗਰਾਓਂ
99140-20819

ਵਿਸਾਖੀ ਦੇ ਸ਼ੁੱਭ ਮੌਕੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ। -ਜਨਰਲ ਮੈਨੇਜਰ

# ਪੱਪਲਪ੍ਰੀਤ ਗ੍ਰਿਫਤਾਰ



**ਚੰਡੀਗੜ੍ਹ :** 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਖੁਦਸਾਖਤਾ ਚੀਫ ਅੰਮ੍ਰਿਤਪਾਲ ਸਿੰਘ ਦੇ ਸਹਿਯੋਗੀ ਪੱਪਲਪ੍ਰੀਤ ਸਿੰਘ ਨੂੰ ਸੋਮਵਾਰ ਪੰਜਾਬ ਪੁਲਸ ਅਤੇ ਉਸ ਦੀ ਕਾਊਂਟਰ ਇੰਟੈਲੀਜੈਂਸ ਯੂਨਿਟ ਨੇ ਗ੍ਰਿਫ਼ਤਾਰ ਕਰ ਲਿਆ। ਆਈ ਜੀ ਸੁਖਚੈਨ ਸਿੰਘ ਗਿੱਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੱਪਲਪ੍ਰੀਤ ਸਿੰਘ ਨੂੰ ਅੰਮ੍ਰਿਤਸਰ ਦੇ ਕੱਥੂਨੰਗਲ ਇਲਾਕੇ 'ਚੋਂ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾ ਕਿਹਾ ਕਿ ਪੱਪਲਪ੍ਰੀਤ ਸਿੰਘ ਨੂੰ ਐੱਨ ਐੱਸ ਏ ਤੇ 6 ਹੋਰ ਮਾਮਲਿਆਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਸਵੇਰੇ ਡੀ ਜੀ ਪੀ ਗੌਰਵ ਯਾਦਵ ਨੇ ਕਿਹਾ ਸੀ ਕਿ ਭਗੌੜਿਆਂ ਨੂੰ ਕਾਨੂੰਨ ਅੱਗੇ ਆਤਮ ਸਮਰਪਣ ਕਰਨਾ ਚਾਹੀਦਾ ਹੈ। ਉਨ੍ਹਾ ਇਹ ਵੀ ਕਿਹਾ ਕਿ ਸੂਬੇ ਦੀ ਸਖਤ ਮਿਹਨਤ ਨਾਲ ਹਾਸਲ ਕੀਤੀ ਸ਼ਾਂਤੀ ਨੂੰ ਭੰਗ ਨਹੀਂ ਹੋਣ ਦਿੱਤਾ ਜਾਵੇਗਾ। ਯਾਦਵ ਨੇ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੁਲਸ ਭਗੌੜਿਆਂ ਨੂੰ ਗ੍ਰਿਫ਼ਤਾਰ ਕਰੇਗੀ ਅਤੇ ਅਜਿਹੇ ਫਰਾਰ ਬੰਦੇ ਆਪ ਹੀ ਕਾਨੂੰਨ ਅੱਗੇ ਆਤਮ ਸਮਰਪਣ ਕਰਨ ਤਾਂ ਬਿਹਤਰ ਹੋਵੇਗਾ।

ਅੰਮ੍ਰਿਤਪਾਲ ਸਿੰਘ ਦੇ ਧਾਰਮਕ ਸਥਾਨ 'ਤੇ ਸ਼ਰਨ ਲੈਣ ਦੀਆਂ ਖਬਰਾਂ ਬਾਰੇ ਡੀ ਜੀ ਪੀ ਨੇ ਕਿਹਾ ਕਿ ਧਾਰਮਕ ਸਥਾਨਾਂ ਦੀ ਵਰਤੋਂ ਨਿੱਜੀ ਕਾਰਨਾਂ ਕਰਕੇ ਨਹੀਂ ਕੀਤੀ ਜਾਣੀ ਚਾਹੀਦੀ।

# ਖਾਲਸਾ ਰਾਜ ਦੇ ਝੰਡੇ ਨੂੰ ਖਾਲਿਸਤਾਨ ਦਾ ਦੱਸਣ 'ਤੇ ਕਾਨੂੰਨੀ ਨੋਟਿਸ

**ਅੰਮ੍ਰਿਤਸਰ :** ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦੇ ਖਾਲਸਾ ਰਾਜ ਝੰਡੇ ਨੂੰ ਖਾਲਿਸਤਾਨ ਦਾ ਝੰਡਾ ਦੱਸਣ ਵਾਲੇ ਪੁਲਸ ਅਧਿਕਾਰੀਆਂ ਅਤੇ ਮੀਡੀਆ ਚੈਨਲਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਾਨੂੰਨੀ ਨੋਟਿਸ ਭੇਜਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਦੱਸਿਆ ਕਿ 10 ਮੀਡੀਆ ਅਦਾਰਿਆਂ ਤੇ ਪੁਲਸ ਅਧਿਕਾਰੀਆਂ ਨੂੰ ਇਹ ਨੋਟਿਸ ਭੇਜੇ ਹਨ।

ਇਸੇ ਦੌਰਾਨ ਆਸਾਮ 'ਚ ਡਿਬਰੂਗੜ੍ਹ ਵਿਖੇ ਗਏ ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਮਾਹਰਾਂ ਦੀ ਟੀਮ ਨੇ ਕੌਮੀ ਸੁਰੱਖਿਆ ਐਕਟ ਹੇਠ ਜੇਲ੍ਹ 'ਚ ਬੰਦ ਸਿੱਖ ਨੌਜਵਾਨਾਂ ਦੇ ਕੇਸਾਂ ਦੀ ਕਾਨੂੰਨੀ ਚਾਰਾਜ਼ੋਈ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਕੌਮੀ ਸੁਰੱਖਿਆ ਐਕਟ ਹੇਠ ਨੌਂ ਸਿੱਖ ਨੌਜਵਾਨ ਗ੍ਰਿਫਤਾਰ ਹਨ। ਬੰਦੀ ਸਿੱਖਾਂ ਦੀ ਰਿਹਾਈ ਵਾਸਤੇ ਸ਼ੁਰੂ ਕੀਤੀ ਦਸਤਖਤ ਮੁਹਿੰਮ ਖਾਲਸਾ ਸਾਜਨਾ ਦਿਵਸ ਮੌਕੇ ਸਮਾਪਤ ਕੀਤੀ ਜਾ ਰਹੀ ਹੈ, ਜਿਸ ਤਹਿਤ ਹੁਣ ਤੱਕ 25 ਲੱਖ ਲੋਕਾਂ ਵੱਲੋਂ ਇਸ ਸੰਬੰਧੀ ਫਾਰਮਾਂ 'ਤੇ ਦਸਤਖਤ ਕੀਤੇ ਗਏ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਖਾਲਸਾ ਸਾਜਨਾ ਦਿਵਸ ਤੋਂ ਬਾਅਦ ਇਹ ਫਾਰਮ ਪੰਜਾਬ ਦੇ ਰਾਜਪਾਲ ਨੂੰ ਸੌਂਪੇ ਜਾਣਗੇ ਅਤੇ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਕੀਤੀ ਜਾਵੇਗੀ।

# ਦਰੱਖਤ ਸ਼ੈੱਡ 'ਤੇ ਡਿੱਗਣ ਨਾਲ 7 ਮੌਤਾਂ



**ਮੁੰਬਈ :** ਮਹਾਰਾਸ਼ਟਰ ਦੇ ਅਕੋਲਾ ਜ਼ਿਲ੍ਹੇ 'ਚ ਤੇਜ਼ ਹਵਾ ਅਤੇ ਮੀਂਹ ਕਾਰਨ ਮੰਦਰ ਕੰਪਲੈਕਸ 'ਚ ਟੀਨ ਦੇ ਸ਼ੈੱਡ ਉੱਤੇ ਦਰੱਖਤ ਡਿੱਗਣ ਕਾਰਨ ਹੇਠਾਂ ਖੜ੍ਹੇ 7 ਵਿਅਕਤੀਆਂ ਦੀ ਮੌਤ ਹੋ ਗਈ ਅਤੇ 37 ਜ਼ਖਮੀ ਹੋ ਗਏ। ਇਹ ਘਟਨਾ ਬਾਲਾਪੁਰ ਤਹਿਸੀਲ ਦੇ ਅਧੀਨ ਪਾਰਸ ਪਿੰਡ ਦੇ ਬਾਬੂਜੀ ਮਹਾਰਾਜ ਮੰਦਰ 'ਚ ਐਤਵਾਰ ਸ਼ਾਮ 7.30 ਵਜੇ ਦੇ ਕਰੀਬ ਉਸ ਸਮੇਂ ਹੋਈ, ਜਦੋਂ ਲੋਕ 'ਮਹਾਂ ਆਰਤੀ' ਲਈ ਉੱਥੇ ਇਕੱਠੇ ਹੋਏ ਸਨ।

# ਸਾਬਕਾ ਵਿਧਾਇਕ ਸੁਰਿੰਦਰ ਚੌਧਰੀ 'ਆਪ' 'ਚ ਸ਼ਾਮਲ



**ਜਲੰਧਰ (ਸ਼ੈਲੀ ਐਲਬਰਟ, ਇਕਬਾਲ ਉਭੀ, ਸੁਰਿੰਦਰ ਕੁਮਾਰ)**

ਪੰਜਾਬ ਵਿੱਚ ਕਾਂਗਰਸ ਨੂੰ ਇੱਕ ਹੋਰ ਝਟਕਾ ਦਿੰਦੇ ਹੋਏ ਕਰਤਾਰਪੁਰ ਤੋਂ ਸਾਬਕਾ ਕਾਂਗਰਸੀ ਵਿਧਾਇਕ ਸੁਰਿੰਦਰ ਚੌਧਰੀ ਸੋਮਵਾਰ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ। ਇਸ ਤੋਂ ਪਹਿਲਾਂ ਜਲੰਧਰ ਤੋਂ ਸਾਬਕਾ ਕਾਂਗਰਸੀ ਵਿਧਾਇਕ ਸੁਸ਼ੀਲ ਰਿੰਕੂ 'ਆਪ' 'ਚ ਸ਼ਾਮਲ ਹੋਏ ਸਨ ਅਤੇ ਉਹ ਜਲੰਧਰ

● ਬਾਕੀ ਸਫ਼ਾ 2 'ਤੇ

# ਭਾਰਤ ਨੇ ਬਰਤਾਨੀਆ ਨਾਲ ਗੱਲਬਾਤ ਰੋਕੀ ?

**ਨਵੀਂ ਦਿੱਲੀ :** ਪਿਛਲੇ ਮਹੀਨੇ ਲੰਡਨ 'ਚ ਭਾਰਤੀ ਹਾਈ ਕਮਿਸ਼ਨ ਉੱਤੇ ਹਮਲਾ ਕਰਨ ਵਾਲੇ ਸਿੱਖ ਕੱਟੜਪੰਥੀ ਸਮੂਹ ਖਿਲਾਫ ਕਾਰਵਾਈ ਕਰਨ 'ਚ ਅਸਫਲ ਰਹਿਣ ਦਾ ਦੋਸ਼ ਲਗਾਉਣ ਤੋਂ ਬਾਅਦ ਭਾਰਤ ਨੇ ਬਰਤਾਨੀਆ ਨਾਲ ਵਪਾਰਕ ਗੱਲਬਾਤ ਰੋਕ ਦਿੱਤੀ ਹੈ।

ਟਾਈਮਜ਼ ਨੇ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਕਿ 19 ਮਾਰਚ ਨੂੰ ਖਾਲਿਸਤਾਨ ਬੈਨਰਾਂ ਵਾਲੇ ਪ੍ਰਦਰਸ਼ਨਕਾਰੀਆਂ ਨੇ ਹਾਈ ਕਮਿਸ਼ਨ ਕੋਲ ਪ੍ਰਦਰਸ਼ਨ ਕੀਤਾ ਅਤੇ ਇਮਾਰਤ ਦੀ ਪਹਿਲੀ ਮੰਜ਼ਲ ਦੀ ਬਾਲਕੋਨੀ ਤੋਂ ਤਿਰੰਗਾ ਉਤਾਰ ਦਿੱਤਾ ਸੀ। ਸੂਤਰਾਂ ਨੇ ਦੱਸਿਆ ਕਿ ਭਾਰਤ ਉਦੋਂ ਤੱਕ ਬਰਤਾਨੀਆ ਨਾਲ ਵਪਾਰਕ ਗੱਲ ਨਹੀਂ ਕਰਨਾ ਚਾਹੁੰਦਾ, ਜਦੋਂ ਤੱਕ ਖਾਲਿਸਤਾਨੀ ਕੱਟੜਪੰਥੀਆਂ ਖਿਲਾਫ ਕਾਰਵਾਈ ਨਹੀਂ ਕੀਤੀ ਜਾਂਦੀ। ਇਸ ਦੌਰਾਨ ਭਾਰਤ ਨੇ ਇਨ੍ਹਾਂ ਖਬਰਾਂ ਦਾ ਖੰਡਨ ਕੀਤਾ ਹੈ।

# ਲੈਂਟਰ ਡਿੱਗਣ ਨਾਲ 3 ਮਜ਼ਦੂਰਾਂ ਦੀ ਮੌਤ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**

ਵਿਧਾਨ ਸਭਾ ਹਲਕਾ ਮਜੀਠਾ ਅਤੇ ਥਾਣਾ ਮੱਤੇਵਾਲ ਅਧੀਨ ਪੈਂਦੇ ਪਿੰਡ ਰਾਮ ਦਿਵਾਲੀ ਮੁਸਲਮਾਨਾਂ ਵਿੱਚ ਸੋਮਵਾਰ ਇੱਕ ਕੋਠੀ ਵਿੱਚ ਬਣਾਏ ਜਾ ਰਹੇ ਸ਼ੈੱਡ ਦੇ ਲੈਂਟਰ ਦੀਆਂ ਬੱਲੀਆਂ ਖਿਸਕ ਜਾਣ ਕਾਰਨ 3 ਮਜ਼ਦੂਰਾਂ ਦੀ ਮੌਤ ਹੋ ਗਈ। ਥਾਣਾ ਮੁਖੀ ਮੱਤੇਵਾਲ ਗੁਰਪ੍ਰੀਤ ਸਿੰਘ ਅਨੁਸਾਰ ਪਿੰਡ ਰਾਮ ਦਿਵਾਲੀ ਮੁਸਲਮਾਨਾਂ ਵਿੱਚ ਸ਼ੈੱਡ ਦਾ ਲੈਂਟਰ ਪਾਇਆ ਜਾ ਰਿਹਾ ਸੀ ਕਿ ਲੈਟਰ ਦਾ ਪਾਣੀ ਹੇਠਾਂ ਵਗਣ ਲੱਗ ਪਿਆ। ਇਸ ਦੌਰਾਨ ਜਦੋਂ ਮਿਸਤਰੀ ਤੇ ਮਜ਼ਦੂਰ ਹੇਠਾਂ ਦੇਖ ਰਹੇ ਸਨ ਤਾਂ ਲੈਂਟਰ ਮਜ਼ਦੂਰਾ ਦੇ ਉਪਰ ਡਿੱਗ ਗਿਆ

● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਬਾਹਲੀ ਖਬਰਾਂ ਦੀ ਤੇਜ਼ ਰਫਤਾਰ ਮਿੱਤਰ,
ਇੱਕ ਤੋਂ ਇੱਕ ਚੜ੍ਹਦਾ ਸਮਾਚਾਰ ਮਿੱਤਰ।
ਪਹਿਲੀ ਖਬਰ ਨਾਲ ਹਿੱਲਣ ਸਮਾਜ ਲੱਗੇ,
ਆਵੇ ਦੂਜੀ ਤਾਂ ਹਿੱਲਣ ਦਰਬਾਰ ਮਿੱਤਰ।
ਆਇਆ ਇੱਕ ਹੈ ਛੱਡ ਕੋਈ ਪਾਰਟੀ ਨੂੰ,
ਟੱਪਿਆ ਵਾੜ ਤੋਂ ਦੂਜਾ ਈ ਪਾਰ ਮਿੱਤਰ।
ਮੀਟਿੰਗ ਕਿਸੇ ਦੀ ਵਿੱਚ ਹੈ ਪਿਆ ਰੱਫੜ,
ਕਿਸੇ ਦਾ ਰੇੜਕਾ ਸੱਥ ਵਿਚਕਾਰ ਮਿੱਤਰ।
ਪਹਿਲੀ ਪੂਰੀ ਨਹੀਂ ਪੜ੍ਹੀ ਹੈ ਖਬਰ ਹੁੰਦੀ,
ਦੂਸਰੀ ਲੈਂਦੀ ਦਰਵਾਜ਼ੇ ਨੂੰ ਮੱਲ ਮਿੱਤਰ।
ਸੌਖਾ ਕਰਨਾ ਨਹੀਂ ਮਿੱਤਰ ਯਕੀਨ ਹੁੰਦਾ,
ਕਿਹੜੀ ਝੂਠ ਜਾਂ ਸੱਚੀ ਕੀ ਗੱਲ ਮਿੱਤਰ।

-ਤੀਸ ਮਾਰ ਖਾਂ

# ਜਲੰਧਰ ਦੀ ਚੋਣ 'ਕਰੋ ਜਾਂ ਮਰੋ' ਦੀ ਲੜਾਈ : ਰਾਜਾ ਵੜਿੰਗ



ਅਮਰਿੰਦਰ ਸਿੰਘ ਰਾਜਾ ਵੜਿੰਗ ਨਾਲ ਖੜ੍ਹੇ ਹਨ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਤੇ ਹੋਰ।

**ਸ਼ਾਹਕੋਟ (ਗਿਆਨ ਸੈਦਪੁਰੀ)**

ਜਲੰਧਰ ਪਾਰਲੀਮੈਂਟ ਦੀ ਜ਼ਿਮਨੀ ਚੋਣ ਲਈ ਵਿਧਾਨ ਸਭਾ ਹਲਕਾ ਸ਼ਾਹਕੋਟ ਤੋਂ ਚੋਣ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਪੰਜਾਬ ਕਾਂਗਰਸ ਕਮੇਟੀ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਇਹ 'ਕਰੋ ਜਾਂ ਮਰੋ' ਦੀ ਲੜਾਈ ਹੈ। ਇਸ ਲਈ ਪੂਰੀ ਤਰਾਂ ਕਮਰਕੱਸੇ ਕਰਕੇ ਜਿੱਤਣ ਲਈ ਮੈਦਾਨ ਮੱਲੋ। ਉਹ ਸੋਮਵਾਰ ਨੂੰ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੀ ਰਿਹਾਇਸ਼ 'ਤੇ ਸੱਦੀ ਵਰਕਰ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾ ਹਲਕੇ ਦੇ ਕਾਂਗਰਸੀ ਵਰਕਰਾਂ 'ਚ ਉਤਸ਼ਾਹ ਭਰਦਿਆਂ ਕਿਹਾ ਕਿ ਜਦੋਂ ਸਾਰੇ ਪੰਜਾਬ ਵਿੱਚ ਸਿਆਸੀ ਬਦਲਾਅ ਤੇ ਆਮ ਆਦਮੀ ਪਾਰਟੀ ਦੀ ਗੱਲ ਹੀ ਚਲਦੀ ਸੀ ਤਾਂ ਸ਼ਾਹਕੋਟੀਆਂ ਨੇ ਕਾਂਗਰਸ ਪਾਰਟੀ ਦਾ ਝੰਡਾ ਬੁਲੰਦ ਰੱਖਿਆ। ਇਸ ਨਾਲ ਇਹ ਵੀ ਪਤਾ ਲੱਗਦਾ ਕਿ ਦੁਆਬੇ ਦੇ ਲੋਕ ਦੂਰਅੰਦੇਸ਼ ਤੇ ਸਿਆਣੇ ਹਨ। ਉਨ੍ਹਾ ਕਿਹਾ ਕਿ ਕਾਂਗਰਸ ਸਰਕਾਰ ਦੇ ਕੰਮਾਂ ਵਿੱਚ ਕਮੀਆਂ ਰਹਿ ਗਈਆਂ ਸਨ, ਇਸ ਕਰਕੇ ਲੋਕਾਂ ਨੇ ਜਿੱਥੇ 'ਆਪ' ਨੂੰ ਜਿਤਾਇਆ, ਉੱਥੇ ਕਾਂਗਰਸ ਨੂੰ ਹਰਾਇਆ ਵੀ।

ਰਾਜਾ ਵੜਿੰਗ ਨੇ ਕਿਹਾ ਕਿ 'ਆਪ' ਨੂੰ ਉਮੀਦਵਾਰ ਕਾਂਗਰਸ ਪਾਰਟੀ ਕੋਲੋਂ ਲੈਣਾ ਪਿਆ। ਸ਼ਾਹਕੋਟ ਹਲਕੇ ਤੋਂ ਭਾਜਪਾ ਦੇ ਇੰਚਰਾਜ ਬਣੇ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਸਖਤ ਅਲੋਚਨਾ ਕਰਦਿਆਂ ਵੜਿੰਗ ਨੇ ਕਿਹਾ ਕਿ ਉਹ ਪੰਜਾਬ ਦੇ ਖਜ਼ਾਨਾ ਮੰਤਰੀ ਨਾ ਹੁੰਦੇ ਤਾਂ ਅੱਜ ਪੰਜਾਬ ਵਿੱਚ ਕਾਂਗਰਸ ਸੱਤਾਧਾਰੀ ਹੁੰਦੀ। ਮਨਪ੍ਰੀਤ ਜਿਸ ਪਾਰਟੀ ਵਿੱਚ ਗਏ, ਉਸ ਦਾ ਭੱਠਾ ਬਿਠਾ ਕੇ ਆਏ। ਇਹੀ ਹਾਲ ਉਹ ਪੰਜਾਬ ਭਾਜਪਾ ਦਾ ਕਰਨਗੇ। ਦਲ-ਬਦਲੂਆਂ ਬਾਰੇ ਗੱਲ ਕਰਦਿਆਂ ਉਨ੍ਹਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਹਵਾਲਾ ਦਿੰਦਿਆਂ ਕਿਹਾ ਕਿ ਲੀਡਰ ਵੱਡਾ ਨਹੀਂ ਹੁੰਦਾ, ਸਗੋਂ ਪਾਰਟੀ ਵੱਡੀ ਹੁੰਦੀ ਹੈ। ਕੈਪਟਨ ਨੂੰ ਹੁਣ ਕੋਈ ਨਹੀਂ ਪੁੱਛਦਾ। ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਸੀਨੀਅਰ ਕਾਂਗਰਸੀ ਆਗੂ ਰਾਣਾ ਗੁਰਜੀਤ ਸਿੰਘ ਦੀ ਸ਼ਲਾਘਾ ਕੀਤੀ।

ਰੈਲੀ ਨੂੰ ਰਾਣਾ ਗੁਰਜੀਤ ਸਿੰਘ, ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਕੁਲਦੀਪ ਸਿੰਘ ਕਿੱਕੀ ਢਿੱਲੋਂ, ਮਾਰਕੀਟ ਕਮੇਟੀ ਸ਼ਾਹਕੋਟ ਦੇ ਸਾਬਕਾ

● ਬਾਕੀ ਸਫ਼ਾ 2 'ਤੇ

# ਮੰਗਾਂ ਨਜ਼ਰਅੰਦਾਜ਼ ਕਰਨ 'ਤੇ ਪੀ ਆਰ ਟੀ ਸੀ ਕਾਮੇ 18 ਨੂੰ ਰੋਸ ਧਰਨਾ ਦੇਣਗੇ

**ਪਟਿਆਲਾ :** ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਦਾ 6 ਜਥੇਬੰਦੀਆ ਦਾ ਵਫਦ ਨਿਰਮਲ ਸਿੰਘ ਧਾਲੀਵਾਲ ਕਨਵੀਨਰ ਦੀ ਅਗਵਾਈ ਵਿੱਚ ਸੋਮਵਾਰ ਪੀ ਆਰ ਟੀ ਸੀ ਦੇ ਮੈਨੇਜਿੰਗ ਡਾਇਰੈਕਟਰ ਨੂੰ ਮਿਲਿਆ। ਵਫਦ ਵਿੱਚ ਕਨਵੀਨਰ ਤੋਂ ਇਲਾਵਾ ਐਕਸ਼ਨ ਕਮੇਟੀ ਦੇ ਪ੍ਰਮੁੱਖ ਮੈਂਬਰਾਂ ਬਲਦੇਵ ਰਾਜ ਬੱਤਾ, ਬਿਕਰਮਜੀਤ ਸ਼ਰਮਾ, ਨਸੀਬ ਚੰਦ, ਤਰਸੇਮ ਸਿੰਘ ਅਤੇ ਉਤਮ ਸਿੰਘ ਬਾਗੜੀ ਸ਼ਾਮਲ ਸਨ। ਮੁੱਖ ਮਸਲਾ ਵਰਕਰਾਂ ਦੇ ਬਕਾਏ, ਸੇਵਾ-ਮੁਕਤ ਕਰਮਚਾਰੀਆਂ ਦੀਆ ਅਦਾਇਗੀਆਂ, ਮੈਡੀਕਲ ਬਿੱਲ ਅਤੇ ਹੋਰ ਫੁਟਕਲ ਏਰੀਅਰਜ਼ ਆਦਿ ਦੀਆਂ ਅਦਾਇਗੀਆਂ ਸੰਬੰਧੀ ਸੀ, ਪਰ ਮੈਨੇਜਮੈਂਟ ਦਾ ਰਵਈਆ ਹਾਂ-ਪੱਖੀ ਨਹੀਂ ਸੀ, ਸਗੋਂ ਜਿਹੜਾ ਪੈਸਾ ਸਰਕਾਰ ਤੋਂ ਮੁਫਤ ਸਫਰ ਸਹੂਲਤਾਂ ਬਦਲੇ 95 ਕਰੋੜ ਮਿਲਿਆ ਹੈ, ਉਸ ਦੀ ਵਰਤੋ ਮੈਨੇਜਮੈਂਟ ਆਪਣੀ ਮਰਜ਼ੀ ਨਾਲ ਕਰਨਾ ਚਾਹੁੰਦੀ ਹੈ, ਜਿਸ ਮਰਜ਼ੀ ਦਾ ਸਪੱਸ਼ਟ ਸੰਕੇਤ ਸੀ ਕਿ ਵਰਕਰਾਂ ਦੀਆਂ ਅਦਾਇਗੀਆਂ 'ਤੇ ਹੀ ਕੱਟ ਲਾਇਆ ਜਾਵੇਗਾ, ਪਰ ਵਰਕਰਾਂ ਵੱਲੋਂ ਅਜਿਹੀ ਨੀਤੀ ਦੇ ਵਿਰੁੱਧ ਭਾਰੀ ਰੋਸ ਪ੍ਰਗਟ ਕੀਤਾ ਜਾ ਰਿਹਾ ਹੈ। ਸਾਲਾਂਬੱਧੀ ਸਮੇਂ ਤੋਂ ਲਟਕ ਰਹੇ 90 ਕਰੋੜ ਰੁਪਏ ਦੇ ਬਕਾਏ ਮਿਲਣ ਦੀ ਉਮੀਦ ਲਾਈ ਬੈਠੇ ਵਰਕਰਾਂ ਦੇ ਨੁਮਾਇੰਦਿਆਂ ਨੂੰ ਜਦੋਂ ਮੈਨੇਜਮੈਂਟ ਤੋਂ ਇਹ ਸੁਣਨ ਨੂੰ ਮਿਲੇ ਕਿ ਅਸੀਂ ਦੇਖਣਾ ਹੈ ਕਿ ਕੀ ਦੇਣਾ ਹੈ ਅਤੇ ਕੀ ਨਹੀਂ, ਤਾਂ ਇਸ ਤੋਂ ਹੋਰ ਮਾੜੀ ਗੱਲ ਕੀ ਹੋ ਸਕਦੀ ਹੈ। ਮੈਨੇਜਮੈਂਟ ਐਕਸ਼ਨ ਕਮੇਟੀ ਦੇ ਵਫਦ ਨੂੰ ਕੋਈ ਭਰੋਸਾ ਦੇਣ ਨੂੰ ਤਿਆਰ ਹੀ ਨਹੀਂ ਸੀ ਕਿ ਵਰਕਰਾਂ ਦੀਆਂ ਬਕਾਇਆ ਅਦਾਇਗੀਆਂ ਦਾ ਭੁਗਤਾਨ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ, ਜਦ ਕਿ ਕਾਨੂੰਨ ਅਨੁਸਾਰ ਵਰਕਰਾਂ ਦੀ ਮਿਹਨਤ ਦਾ ਮੁੱਲ ਪਹਿਲ ਦੇ ਆਧਾਰ 'ਤੇ

● ਬਾਕੀ ਸਫ਼ਾ 2 'ਤੇ

CMYK

## ਤਰਕਸੀਲ ਸੁਸਾਇਟੀ ਧੂਰੀ ਇਕਾਈ ਦੀ ਚੋਣ



**ਧੂਰੀ (ਸੁਖਦੇਵ ਧੂਰੀ)**-ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਧੂਰੀ ਦਾ ਚੋਣ ਇਜਲਾਸ ਸੁਖਦੇਵ ਧੂਰੀ ਦੀ ਦੇਖ-ਰੇਖ ਹੇਠ ਹੋਇਆ। ਇਸ ਇਜਲਾਸ ਵਿੱਚ ਸਭ ਤੋਂ ਪਹਿਲਾਂ ਪਿਛਲੇ ਦੋ ਸਾਲਾਂ ਦੌਰਾਨ ਸੁਸਾਇਟੀ ਵੱਲੋਂ ਕੀਤੇ ਕਾਰਜਾਂ ਦੀ ਰਿਪੋਰਟ ਪੇਸ਼ ਕੀਤੀ ਗਈ, ਜਿਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਇਸ ਦੇ ਨਾਲ ਹੀ ਆਉਣ ਵਾਲੇ ਸਮੇਂ ਵਿੱਚ ਸੁਸਾਇਟੀ ਦੀ ਕਾਰਜ ਯੋਜਨਾ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਤੋਂ ਬਾਅਦ ਪੁਰਾਣੀ ਕਾਰਜਕਾਰਨੀ ਭੰਗ ਕਰਕੇ ਨਵੀਂ ਟੀਮ ਲਈ ਚੋਣ ਦਾ ਏਜੰਡਾ ਲਾਇਆ ਗਿਆ, ਜਿਸ ਵਿੱਚ ਸਰਬਸੰਮਤੀ ਨਾਲ ਰਜਿੰਦਰ ਰਾਜੂ ਨੂੰ ਜਥੇਬੰਦਕ ਮੁਖੀ, ਕੁਲਵਿੰਦਰ ਬੰਟੀ ਨੂੰ ਵਿੱਤ ਵਿਭਾਗ ਮੁਖੀ, ਸੁਖਦੇਵ ਧੂਰੀ ਨੂੰ ਮਨੋਰੋਗ ਮਸ਼ਵਰਾ ਵਿਭਾਗ ਮੁਖੀ, ਮੰਗਲ ਸਿੰਘ ਨੂੰ ਸੱਭਿਆਚਾਰ ਵਿਭਾਗ ਮੁਖੀ, ਰਤਨ ਭੰਡਾਰੀ ਨੂੰ ਮੀਡੀਆ ਵਿਭਾਗ ਦੇ ਮੁਖੀ ਵਜੋਂ ਸਰਬਸੰਮਤੀ ਨਾਲ ਚੁਣਿਆ ਗਿਆ। ਇਸ ਦੇ ਨਾਲ ਹੀ ਰਤਨ ਭੰਡਾਰੀ ਨੂੰ ਜ਼ੋਨ ਤੇ ਸੂਬਾ ਪੱਧਰੀ ਇਜਲਾਸ ਲਈ ਡੈਲੀਗੇਟ ਵਜੋਂ ਚੁਣਿਆ ਗਿਆ। ਨਵੀਂ ਟੀਮ ਨੇ ਆਉਣ ਵਾਲੇ ਸਮੇਂ ਵਿੱਚ ਪੂਰੀ ਤਨਦੇਹੀ ਨਾਲ ਕੰਮ ਕਰਨ ਦਾ ਪ੍ਰਣ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਮ ਸਿੰਘ, ਬਾਬੂ ਸਿੰਘ ਮੋਮੀ, ਚੰਦ ਸਿੰਘ, ਬਲਦੇਵ ਸਿੰਘ ਮੀਮਸਾ, ਬਲਵਿੰਦਰ ਸਿੰਘ (ਬਸਾਖਾ ਸਿੰਘ), ਨਰਿੰਦਰ ਨਿੰਦੀ, ਵਿਜੇ ਸੋਫਤ ਬਿੱਟੂ ਤੇ ਰਣਜੀਤ ਸਿੰਘ ਆਦਿ ਹਾਜ਼ਰ ਸਨ।

## ਸੁਆਮੀ ਚੰਦ ਜੈਨ ਸਕੂਲ ਦੇ ਵਿਦਿਆਰਥੀ ਪੂਰੇ ਜਗਰਾਓਂ 'ਚੋਂ ਅੱਵਲ



**ਜਗਰਾਓਂ (ਅਮਿਤ ਖੰਨਾ)**-ਸੁਆਮੀ ਰੂਪ ਚੰਦ ਜੈਨ ਸਕੂਲ ਦੀਆਂ ਅਕਾਦਮਿਕ ਪ੍ਰਾਪਤੀਆਂ ਵਿੱਚ ਇਸ ਸਾਲ ਦੀ ਪਹਿਲੀ ਖ਼ੁਸ਼ਖ਼ਬਰੀ ਲੈ ਕੇ ਆਇਆ ਹੈ। ਸਕੂਲ ਦੀਆਂ ਹੋਣਹਾਰ ਬੱਚੀਆਂ ਗੁਰਜੋਤ ਕੌਰ ਤੇ ਸਹਿਜਪ੍ਰੀਤ ਕੌਰ ਨੇ ਪੰਜਵੀਂ ਵਿੱਚੋਂ ਪੂਰੇ ਜਗਰਾਓਂ 'ਚੋਂ ਪਹਿਲਾ ਤੇ ਦੂਜਾ ਸਥਾਨ ਹਾਸਲ ਕਰਕੇ ਵਿੱਦਿਆ ਦੇ ਇਤਿਹਾਸ ਵਿੱਚ ਇੱਕ ਹੋਰ ਸੁਨਹਿਰੀ ਪੰਨਾ ਜੋੜ ਦਿੱਤਾ ਹੈ। ਪ੍ਰਿੰਸੀਪਲ ਸ੍ਰੀਮਤੀ ਰਾਜਪਾਲ ਕੌਰ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਅਧਿਆਪਕਾਂ ਦੀ ਜੀ ਤੋੜ ਮਿਹਨਤ ਸਦਕਾ ਲਗਭਗ 50% ਬੱਚਿਆਂ ਦੇ 95% ਤੋਂ ਵੱਧ ਅੰਕ ਆਏ ਹਨ। ਗੁਰਜੋਤ ਕੌਰ ਨੇ 499/500 (99.8%) ਅੰਕ ਲੈ ਕੇ ਜਗਰਾਉਂ 'ਚੋਂ ਪਹਿਲਾ ਤੇ ਸਹਿਜਪ੍ਰੀਤ ਕੌਰ ਨੇ 497/500 (99.4%) ਅੰਕ ਲੈ ਕੇ ਜਗਰਾਓਂ 'ਚੋਂ ਦੂਜਾ ਸਥਾਨ ਹਾਸਲ ਕੀਤਾ। ਉਨ੍ਹਾਂ ਦੱਸਿਆ ਕਿ ਪੰਜਵੀਂ ਵਿੱਚ ਪੜ੍ਹਦੇ ਸਾਰੇ ਬੱਚਿਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ। ਉਨ੍ਹਾਂ ਦੁਆਰਾ ਦੱਸੇ ਨਤੀਜਿਆਂ ਅਨੁਸਾਰ ਗੁਰਮੰਨਤ ਕੌਰ ਨੇ 99%, ਹਰਨੂਰ ਕੌਰ ਨੇ 98.6%, ਅਭਿਜੋਤ ਸਿੰਘ ਨੇ 98.2%, ਮਨਪ੍ਰੀਤ ਕੌਰ ਨੇ 97.8%, ਗੁਰੂਅੰਸ਼ ਵੀਰ ਸਿੰਘ ਨੇ 97.6%, ਕੁਲਵੰਤ ਸਿੰਘ ਸੈਂਭੀ ਨੇ 97.4%, ਰੌਸ਼ਨ ਕੁਮਾਰ ਨੇ 97.4%, ਨਿਖਿਲ ਸ਼ਰਮਾ ਨੇ 97.4%, ਪ੍ਰਤੀਕ ਗੋਇਲ ਨੇ 97.2% ਤੇ ਅੰਗਰੇਜ ਨੇ 96.8% ਅੰਕ ਲੈ ਕੇ ਸਕੂਲ ਨੂੰ ਬੁਲੰਦੀਆਂ ਦਾ ਦਾਅਵੇਦਾਰ ਬਣਾਇਆ ਹੈ।

## ਦੀ ਐਜ ਇੰਸਟੀਚਿਊਟ ਦੀ ਵਿਦਿਆਰਥਣ ਨੇ 9 ਬੈਂਡ ਦਾ ਰਿਕਾਰਡ ਬਣਾਇਆ




**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਵੀਜ਼ਾ ਮਾਹਿਰ ਅਤੇ ਦੀ ਐਜ ਓਵਰਸੀਜ਼ ਕੰਸਲਟੈਂਟ ਦੇ ਮੈਨੇਜਿੰਗ ਡਾਇਰੈਕਟਰ ਜਗਸੀਰ ਸਿੰਘ ਜੱਗੀ ਢੀਂਡਸਾ ਦੀ ਅਗਵਾਈ ਹੇਠ ਧੂਰੀ ਤੇ ਧਨੌਲਾ ਵਿਖੇ ਸਫ਼ਲਤਾਪੂਰਵਕ ਚੱਲ ਰਹੇ ਦੀ ਐਜ ਇੰਸਟੀਚਿਊਟ ਆਫ਼ ਇੰਗਲਿਸ਼ ਅਤੇ ਇਮੀਗ੍ਰੇਸ਼ਨ ਸੈਂਟਰ ਨਿੱਤ ਨਵੀਆਂ ਪੁਲਾਂਘਾਂ ਪੁੱਟ ਰਹੇ ਹਨ। ਜੱਗੀ ਢੀਂਡਸਾ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਵਿੱਚ ਮਿਆਰੀ ਆਈਲੈਟਸ ਅਤੇ ਪੀਟੀਈ ਵੀ ਸਿੱਖਿਆ ਦਿੱਤੀ ਜਾ ਰਹੀ ਹੈ, ਜਿਸ ਕਾਰਨ ਵਿਦਿਆਰਥੀ ਆਪਣੇ ਮੁਕਾਮ ਨੂੰ ਜਲਦੀ ਹੀ ਹਾਸਲ ਕਰ ਲੈਂਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਧੂਰੀ ਸੈਂਟਰ ਦੀ ਵਿਦਿਆਰਥਣ ਗੁਰਲੀਨ ਕੌਰ ਭਸੌੜ ਨੇ ਜਿੱਥੇ ਲਿਸਨਿੰਗ ਵਿੱਚੋਂ 9 ਬੈਂਡ ਲੈ ਕੇ ਓਵਰਵਾਲ 7.5 ਬੈਂਡ ਲੈ ਕੇ ਆਪਣਾ ਵਿਦੇਸ਼ ਜਾਣ ਲਈ ਰਸਤਾ ਸਾਫ਼ ਕਰ ਲਿਆ ਹੈ, ਉਥੇ ਧਨੌਲਾ ਕੇਂਦਰ ਦੀ ਵਿਕਿਆਰਥਣ ਤੋਂ ਨਿਰਪਜੀਤ ਕੌਰ ਭੈਣੀ ਜੱਸਾ ਧਨੌਲਾ (ਬਰਨਾਲਾ) ਨੇ ਡੀ ਵੱਕਾਰੀ ਸੰਸਥਾ ਦੀ ਮਾਹਰ ਟੀਮ ਦੀ ਯੋਗ ਅਗਵਾਈ ਹੇਠ ਸਫ਼ਲਤਾਪੂਰਵਕ 62 ਓਵਰਆਲ ਸਕੋਰ ਹਾਸਲ ਕੀਤੇ।

## ਵਾਰ-ਵਾਰ ਧਸ ਰਹੀਆਂ ਸੜਕਾਂ ਕਾਰਨ ਲੋਕ ਪ੍ਰੇਸ਼ਾਨ



**ਬਰੇਟਾ (ਗੋਬਿੰਦ ਸ਼ਰਮਾ)**-ਸਥਾਨਕ ਸ਼ਹਿਰ ਵਿੱਚ ਕੁਝ ਸਾਲ ਪਹਿਲਾਂ ਪਾਇਆ ਸੀਵਰੇਜ ਅਜੇ ਵੀ ਲੋਕਾਂ ਲਈ ਸਿਰਦਰਦੀ ਪੈਦਾ ਕਰ ਰਿਹਾ ਹੈ। ਬਠਿੰਡਾ ਡਿਵੈਲਪਮੈਂਟ ਅਥਾਰਟੀ ਵੱਲੋਂ ਪੂਰੀ ਕਾਹਲੀ ਨਾਲ ਇਸ ਉੱਪਰ ਸੜਕਾਂ ਬਣਾ ਦਿੱਤੀਆਂ ਗਈਆਂ, ਜੋ ਵਾਰ ਵਾਰ ਥੱਲੇ ਧਸ ਰਹੀਆਂ ਹਨ ਅਤੇ ਹਰ ਸਮੇਂ ਕੋਈ ਨਾ ਕੋਈ ਹਾਦਸਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਬਰੇਟਾ ਪਿੰਡ ਕੁਲਰੀਆਂ ਰੋਡ ਗੁਰਦੁਆਰਾ ਸਾਹਿਬ ਨੇੜੇ ਇਥੇ ਆਵਾਜਾਈ ਲਈ ਤੰਗ ਮੋੜ ਵਾਲੀ ਥਾਂ 'ਤੇ ਵੱਡਾ ਖੱਡਾ ਬਣ ਗਿਆ ਹੈ, ਜਿਸ ਕਾਰਨ ਲੋਕ ਖੱਡੇ ਤੋਂ ਪ੍ਰੇਸ਼ਾਨ ਹੋ ਕੇ ਲੋਕ ਵਾਹਨ ਇੱਕ ਪਾਸੇ ਦੀ ਲੰਘਾ ਰਹੇ ਹਨ। ਨਗਰ ਕੌਂਸਲ ਵੱਲੋਂ ਲੰਮਾਂ ਸਮਾਂ ਲੰਘਣ ਦੇ ਬਾਵਜੂਦ ਇਸ ਖੱਡੇ ਦੀ ਸਾਰ ਨਹੀਂ ਲਈ ਗਈ। ਉਥੋਂ ਦੇ ਲੰਘਣ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਨਗਰ ਕੌਂਸਲ ਵੱਲੋਂ ਇਸ ਖੱਡੇ ਨੂੰ ਤੁਰੰਤ ਭਰਨਾ ਚਾਹੀਦਾ ਹੈ ਤਾਂ ਕਿ ਕੋਈ ਹਾਦਸਾ ਵਾਪਰਨ ਤੋਂ ਟਲ ਸਕੇ।

## ਜੀ ਟੀ ਬੀ ਕੈਂਬ੍ਰਿਜ ਸਕੂਲ ਵਿਖੇ ਕੋਚਿੰਗ ਕਲਾਸਾਂ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਸਥਾਨਕ ਜੀ.ਟੀ.ਬੀ ਕੈਂਬਰਿਜ ਵਰਲਡ ਸਕੂਲ ਵਿੱਚ ਸਕੂਲ ਦੇ ਪ੍ਰਿੰਸੀਪਲ ਪ੍ਰਤਾਪ ਸਿੰਘ ਵਿਰਕ ਦੀ ਅਗਵਾਈ ਹੇਠ ਕੋਟਾ ਐਕਸਪਰਟਸ ਦੀ ਟੀਮ ਵੱਲੋਂ ਦਸਵੀਂ, ਗਿਆਰਵੀਂ ਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਕੋਚਿੰਗ ਕਲਾਸਾਂ ਦੀ ਸ਼ੁਰੂਆਤ ਕੀਤੀ ਗਈ। ਇਲਾਕੇ ਦੇ ਇਸ ਨਾਮਵਰ ਸਕੂਲ ਨੇ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਨੂੰ ਮੱਦੇਨਜ਼ਰ ਰੱਖਦੇ ਹੋਏ ਕੋਟਾ ਐਕਸਪਰਟਸ ਦੀ ਟੀਮ ਨਾਲ ਸੰਪਰਕ ਕਰਦੇ ਹੋਏ ਇਨ੍ਹਾਂ ਕਲਾਸਾਂ ਦੀ ਸ਼ੁਰੂਆਤ ਕੀਤੀ, ਜੋ ਕਿ ਲਗਾਤਾਰ ਜਾਰੀ ਰਹੇਗੀ। ਕੋਟਾ ਐਕਸਪਰਟਸ ਦੀ ਟੀਮ (ਡਾਕਟਰ ਤਰੁਨਾ ਵਿਸ਼ਵਾਸ, ਪ੍ਰੋਫੈਸਰ ਅਸਲਮ ਸ਼ਾਹ, ਮਿਸ ਸ਼ਰਧਾ, ਮਿਸਜ਼ ਪੂਜਾ, ਮਿ. ਗੌਰਵ ਸ਼ਰਮਾ ਤੇ ਮਿ. ਹਰਮਨ) ਨੇ ਵਿਦਿਆਰਥੀਆਂ ਨੂੰ ਆਪਣੇ-ਆਪਣੇ ਲੈਕਚਰਾਂ ਵਿੱਚ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪੜ੍ਹਾਈ ਦੇ ਨਾਲ-ਨਾਲ ਕੋਟਾ ਐਕਸਪਰਟਸ ਦੀ ਕੋਚਿੰਗ ਦੀ ਅਹਿਮੀਅਤ ਬਾਰੇ ਵੀ ਜਾਣਕਾਰੀ ਦਿੱਤੀ। ਕੋਟਾ ਐਕਸਪਰਟਸ ਦੇ ਮੈਨੇਜਿੰਗ ਡਾਇਰੈਕਟਰ ਡਾਕਟਰ ਵਿਜੈ ਵਿਸ਼ਵਾਸ ਨੇ ਦੱਸਿਆ ਕਿ ਉਹ ਆਪਣੇ ਇਲਾਕੇ ਵਿੱਚ ਰਹਿ ਕੇ ਆਪਣੀ ਪੜ੍ਹਾਈ ਦੇ ਨਾਲ-ਨਾਲ ਐੱਨ ਈ, ਆਈ ਆਈ ਟੀ, ਜੇ ਈ ਈਜ਼, ਸੀ ਯੂ ਈ ਟੀ ਦੀ ਕੋਚਿੰਗ ਵੀ ਪ੍ਰਾਪਤ ਕਰ ਸਕਦੇ ਹਨ। ਵਿਦਿਆਰਥੀਆਂ ਨੇ ਸਕੂਲ ਤੇ ਕੋਟਾ ਐਕਸਪਰਟਸ ਦੀ ਟੀਮ ਦਾ ਧੰਨਵਾਦ ਕਰਦੇ ਹੋਏ ਸਕੂਲ ਨੂੰ ਚੜ੍ਹਦੀ ਕਲਾ ਵਿੱਚ ਰਹਿਣ ਦੀ ਕਾਮਨਾ ਕੀਤੀ।

## ਬਲੌਜ਼ਮਜ਼ ਕਾਨਵੈਂਟ ਸਕੂਲ 'ਚ ਅਧਿਆਪਕਾਂ ਲਈ ਵਰਕਸ਼ਾਪ



**ਜਗਰਾਓਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਅਧਿਆਪਕਾਂ ਦੇ ਬਹੁ-ਪੱਖੀ ਵਿਕਾਸ ਲਈ ਇੱਕ ਵਰਕਸ਼ਾਪ ਲਗਾਈ ਗਈ, ਜਿਸ ਦਾ ਵਿਸ਼ਾ ਕਲਾਸਰੂਮ ਮੈਨੇਜਮੈਂਟ ਤੇ ਟਾਈਮ ਮੈਨੇਜਮੈਂਟ ਸੀ। ਇਸ ਵਿੱਚ ਲੁਧਿਆਣਾ ਤੋਂ ਆਏ ਰਿਸੋਰਸ ਪਰਸਨ ਅਸਿਸਟੈਂਟ ਕੁਆਰਡੀਨੇਟਰ ਪ੍ਰਿੰਸੀਪਲ ਹਰਮੀਤ ਕੌਰ ਵੜੈਚ ਨੇ ਆਪਣੇ ਨਿੱਜੀ ਤਜਰਬੇ ਤੇ ਗਤੀਵਿਧੀਆਂ ਰਾਹੀਂ ਅਧਿਆਪਕਾਂ ਨੂੰ ਗਿਆਨ ਦਿੱਤਾ। ਕਈ ਤਰੀਕੇ ਦੱਸੇ ਕਿ ਕਿਸ ਤਰ੍ਹਾਂ ਵਿਦਿਆਰਥੀਆਂ ਦੇ ਮਨੋਬਲ ਨੂੰ ਵਧਾਉਣਾ ਹੈ। ਉਨ੍ਹਾਂ ਕਲਾਸਰੂਮ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਨੂੰ ਸਹੀ ਤਰੀਕੇ ਨਾਲ ਹੱਲ ਕਰਨ ਦੀਆਂ ਯੁਕਤੀਆਂ ਦੱਸੀਆਂ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ: ਅਮਰਜੀਤ ਕੌਰ ਨਾਜ਼ ਨੇ ਰਿਸੋਰਸ ਪਰਸਨ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਅਧਿਆਪਕ ਹਮੇਸ਼ਾ ਆਪਣੇ ਵਿਦਿਆਰਥੀਆਂ ਦੇ ਭਵਿੱਖ ਲਈ ਤਤਪਰ ਰਹਿੰਦਾ ਹੈ। ਅਸੀਂ ਅਧਿਆਪਕਾਂ ਦੇ ਗਿਆਨ ਵਿੱਚ ਵਾਧਾ ਕਰਨ ਲਈ ਸਮੇਂ-ਸਮੇਂ ਦੌਰਾਨ ਅਜਿਹੀਆਂ ਵਰਕਸ਼ਾਪ ਕਰਦੇ ਰਹਿੰਦੇ ਹਾਂ ਤਾਂ ਜੋ ਅਧਿਆਪਕ ਸੂਰਜ ਵਾਂਗ ਹਮੇਸ਼ਾ ਵਿਦਿਆਰਥੀਆਂ ਨੂੰ ਚਾਨਣ ਦੇ ਕੇ ਉਨ੍ਹਾਂ ਦਾ ਭਵਿੱਖ ਰੌਸ਼ਨ ਕਰਦੇ ਰਹਿਣ। ਇਸ ਮੌਕੇ ਸਕੂਲ ਦੇ ਚੇਅਰਮੈਨ ਹਰਭਜਨ ਸਿੰਘ ਜੌਹਲ, ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ, ਸੈਕੇਟਰੀ ਅਜਮੇਰ ਸਿੰਘ ਰੱਤੀਆਂ ਤੇ ਸਤਵੀਰ ਸਿੰਘ ਸੇਖੋਂ ਨੇ ਦੱਸਿਆ ਕਿ ਅਧਿਆਪਕਾਂ ਨੂੰ ਗਿਆਨ ਭਰਪੂਰ ਹੋਣਾ ਅੱਜ ਦੇ ਸਮੇਂ ਦੀ ਲੋੜ ਹੈ।

# ਨਰੇਗਾ ਕਾਮਿਆਂ ਨੂੰ ਆਪਣੀ ਜਥੇਬੰਦੀ ਮਜ਼ਬੂਤ ਕਰਕੇ ਹੀ ਹੱਕ ਪ੍ਰਾਪਤ ਹੋਣਗੇ : ਸੋਹਲ, ਗਦਾਈਆ, ਭੋਲਾ

**ਨਾਭਾ (ਵਰਿੰਦਰ ਵਰਮਾ)**



ਕੇਂਦਰ ਦੀ ਯੂ ਪੀ ਏ ਸਰਕਾਰ ਦੇ ਸਮੇਂ ਕੌਮੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ 2005 ਕਮਿਊਨਿਸਟਾ ਦੇ ਦਖਲ ਨਾਲ ਬਣਿਆ ਸੀ। ਇਸ ਦੀ ਮਹੱਤਤਾ ਨੂੰ ਕੇਂਦਰ ਦੀ ਮੋਦੀ ਹਕੂਮਤ ਘਟਾ ਕੇ ਦੇਖ ਰਹੀ ਹੈ। ਕੋਰੋਨਾ ਕਾਲ ਸਮੇਂ ਤੇ ਤੇਜ਼ੀ ਨਾਲ ਵਧ ਰਹੇ ਮਸ਼ੀਨੀਕਰਨ ਦੇ ਕਾਰਨ ਵਧੀ ਬੇਰੁਜ਼ਗਾਰੀ ਨੇ ਮਹਾਤਮਾ ਗਾਂਧੀ ਕੌਮੀ ਪੇਂਡੂ ਰੁਜ਼ਗਾਰ ਗਰੰਟੀ ਐਕਟ 2005 ਦੀ ਮਹੱਤਤਾ ਨੂੰ ਹੋਰ ਵਧਾ ਦਿੱਤਾ ਹੈ। ਇਸ ਐਕਟ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕਰਵਾਉਣ ਲਈ ਨਰੇਗਾ ਕਾਮਿਆਂ ਨੂੰ ਆਪਣੀ ਜੱਥੇਬੰਦੀ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਏਟਕ) ਨੂੰ ਮਜ਼ਬੂਤ ਕਰਕੇ ਲੜਾਈ ਲੜਨੀ ਪਵੇਗੀ, ਤਾਂ ਹੀ ਆਪਣਾ ਹੱਕ ਪ੍ਰਾਪਤ ਕੀਤਾ ਜਾ ਸਕੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਇਸਤਰੀ ਸਭਾ ਦੀ ਸੂਬਾਈ ਆਗੂ ਨਰਿੰਦਰ ਕੌਰ ਸੋਹਲ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਰਜਿ.) ਏਟਕ ਦੇ ਸੂਬਾਈ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ, ਸਾਬਕਾ ਨੌਜਵਾਨ ਆਗੂ ਕੁਲਦੀਪ ਸਿੰਘ ਭੋਲਾ ਨੇ ਨਰੇਗਾ ਕਾਮਿਆਂ ਵੱਲੋਂ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਿਤ ਨਾਭਾ ਨੇੜਲੇ ਪਿੰਡ ਸੁੱਖੇਵਾਲ ਵਿਖੇ ਆਯੋਜਿਤ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਇਹਨਾਂ ਆਗੂਆਂ ਨੇ ਕਿਹਾ ਕਿ ਕੇਂਦਰ ਮੋਦੀ ਹਕੂਮਤ ਨਰੇਗਾ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕਰਨ ਦੀ ਬਜਾਏ ਇਸ ਕੰਮ ਦੇ ਕਾਨੂੰਨ ਨੂੰ ਖਤਮ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੀ ਹੈ। ਅਸੀਂ ਅੱਜ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਿਤ ਕਰਕੇ ਕਾਨਫਰੰਸ ਕਰ ਰਹੇ ਹਾਂ, ਜਿਹਨਾਂ ਸਾਡੇ ਦੇਸ਼ ਦਾ ਸੰਵਿਧਾਨ ਬਣਾਇਆ, ਪਰ ਮੋਦੀ ਹਕੂਮਤ ਇਸ ਸੰਵਿਧਾਨ ਨੂੰ ਖਤਮ ਕਰਕੇ ਫਾਸ਼ਿਸਟ ਰਾਜ ਸਥਾਪਤ ਕਰਨਾ ਚਾਹੁੰਦੀ ਹੈ। ਸਾਨੂੰ ਸੰਵਿਧਾਨ ਦੀ ਰਾਖੀ ਕਰਦਿਆਂ ਦੇਸ਼ ਦੀ ਜਵਾਨੀ ਲਈ ਰੁਜ਼ਗਾਰ ਦੀ ਗਾਰੰਟੀ ਕਰਨ ਵਾਲਾ ਕਾਨੂੰਨ 'ਭਗਤ ਸਿੰਘ ਕੌਮੀ ਰੁਜ਼ਗਾਰ ਗਾਰੰਟੀ ਐਕਟ' ਬਨੇਗਾ ਦੀ ਪ੍ਰਾਪਤੀ ਕਰਨ ਲਈ ਇੱਕਜੁੱਟ ਹੋਣਾ ਪਵੇਗਾ। ਇਸ ਸਮੇਂ ਡਾ. ਸਾਹਿਬ ਸਿੰਘ ਵੱਲੋਂ ਆਪਣਾ ਪ੍ਰਸਿੱਧ ਨਾਟਕ 'ਲੱਛੂ ਕਬਾੜੀਆ' ਵੀ ਪੇਸ਼ ਕੀਤਾ ਗਿਆ।

ਕਾਨਫਰੰਸ ਦੀ ਪ੍ਰਧਾਨਗੀ ਸੁਖਵਿੰਦਰ ਕੌਰ ਸੁੱਖੇਵਾਲ ਨੇ ਕੀਤੀ। ਕਾਨਫਰੰਸ ਵਿੱਚ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਬਲਦੇਵ ਸਿੰਘ, ਜੱਗਾ ਸਿੰਘ ਸੁੱਖੇਵਾਲ, ਬੱਗਾ ਸਿੰਘ ਗਲਵੱਟੀ, ਪੰਜਾਬ ਇਸਤਰੀ ਸਭਾ ਦੇ ਆਗੂ ਬਲਜੀਤ ਕੌਰ, ਮਨਜੀਤ ਕੌਰ ਸੁੱਖੇਵਾਲ, ਦਰਸ਼ਨ ਕੌਰ ਬਨੇਰਾ, ਅਮਨਦੀਪ ਕੌਰ ਬਨੇਰਾ, ਚਰਨਜੀਤ ਕੌਰ ਕਕਰਾਲਾ ਤੇ ਅੰਮ੍ਰਿਤ ਕੌਰ ਸੁਰਾਜਪੁਰ ਆਦਿ ਆਗੂ ਹਾਜ਼ਰ ਸਨ।

## ਜ਼ਿਲ੍ਹਾ ਵਸ਼ੂ ਚੈਂਪੀਅਨਸ਼ਿਪ 'ਚ ਕੇ ਟੈਨ ਮਾਰਸ਼ਲ ਆਰਟ ਫਿੱਟਨੈੱਸ ਅਕੈਡਮੀ ਅੱਵਲ ਰਹੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਬੀਤੇ ਦਿਨ ਭਗਤ ਸਿੰਘ ਸਟੇਡੀਅਮ ਫਿਰੋਜ਼ਪੁਰ ਵਿਖੇ 7ਵੀਂ ਜ਼ਿਲ੍ਹਾ ਵਸ਼ੂ ਸਬ ਜੂਨੀਅਰ, ਜੂਨੀਅਰ, ਯੂਥ ਤੇ ਸੀਨੀਅਰ ਵੁਸ਼ੂ ਚੈਂਪੀਅਨਸ਼ਿਪ 2023 ਕਾਰਵਾਈ ਗਈ, ਜਿਸ ਵਿੱਚ ਫਿਰੋਜ਼ਪੁਰ ਦੇ 15 ਸਕੂਲਾਂ 'ਚੋਂ ਲਗਭਗ 170 ਖਿਡਾਰੀਆਂ ਨੇ ਭਾਗ ਲਿਆ ਅਤੇ ਕੇ ਟੈਨ ਮਾਰਸ਼ਲ ਆਰਟ ਫਿੱਟਨੈੱਸ ਅਕੈਡਮੀ ਨੇ ਪਹਿਲਾ ਤੇ ਆਰਮੀ ਸਕੂਲ ਦੂਸਰਾ ਅਤੇ ਜੇ ਐੱਨ ਇੰਟਰਨੈਸ਼ਨਲ ਸਕੂਲ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਟੂਰਨਾਮੈਂਟ ਦੀ ਓਪਨਿੰਗ ਅਸ਼ੋਕ ਬਹਿਲ (ਰੈਡ ਕ੍ਰਾਸ ਸੈਕਟਰੀ), ਸੁਨੀਲ ਸ਼ਰਮਾ (ਰਿਟਾਇਰ ਡਿਪਟੀ ਡਾਇਰੈਕਟਰ ਸਪੋਰਟਸ ਪੰਜਾਬ), ਡਾ. ਸਤਿੰਦਰ ਸਿੰਘ (ਨੈਸ਼ਨਲ ਐਵਾਰਡੀ), ਅਸ਼ੋਕ ਸ਼ਰਮਾ ਵੱਲੋਂ ਕੀਤੀ ਗਈ ਤੇ ਕਲੋਜ਼ਿੰਗ ਸੈਰੇਮਨੀ ਅਨਿਰੁਧ ਗੁਪਤਾ (ਡੀ ਸੀ ਐੱਮ ਗਰੁੱਪ ਆਫ ਸਕੂਲ) ਵੱਲੋਂ ਕੀਤੀ ਗਈ। ਇਸ ਮੌਕੇ ਅਨਿਰੁਧ ਗੁਪਤਾ ਨੇ ਜੇਤੂਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ।

ਇਸ ਮੌਕੇ ਐਸੋਸੀਏਸ਼ਨ ਦੇ ਸੈਕਟਰੀ ਕ੍ਰਿਸ਼ਨ ਕੁਮਾਰ, ਕੋਆਰਡੀਨੇਟਰ ਅਸ਼ੋਕ ਸ਼ਰਮਾ, ਤਕਨੀਕਲ ਅਭਿਸ਼ੇਕ ਸ਼ਰਮਾ, ਪਾਰੁਲ ਮਹਿਤਾ, ਕੋਚ ਵਿਸ਼ਾਲ ਕੰਬੋਜ, ਕਿੱਟੀ ਸਹੋਤਾ, ਨਿਸ਼ਾਨ ਸਿੰਘ, ਸੰਤਾ ਸਿੰਘ, ਸੁਖਵਿੰਦਰ ਸਿੰਘ ਮੌਜੂਦ ਰਹੇ। ਇਸ ਮੌਕੇ ਜਰਨਲ ਸੈਕਟਰੀ ਕ੍ਰਿਸ਼ਨ ਕੁਮਾਰ ਨੇ ਦੱਸਿਆ ਕੇ ਗੋਲਡ ਮੈਡਲ ਜਿੱਤਣ ਵਾਲੇ ਖਿਡਾਰੀ ਜਲਦ ਹੀ ਹੋਣ ਵਾਲੀ ਸਟੇਟ ਵੁਸ਼ੂ ਚੈਂਪੀਅਨਸ਼ਿਪ 2023 ਵਿੱਚ ਭਾਗ ਲੈਣਗੇ।

# ਬੰਦੀ ਸਿੰਘਾਂ ਦੀ ਰਿਹਾਈ ਲਈ ਆਰੰਭੀ ਦਸਤਖ਼ਤੀ ਮੁਹਿੰਮ ਵਿਸਾਖੀ ਮੌਕੇ ਹੋਵੇਗੀ ਸੰਪੰਨ : ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਸਿੱਖਾਂ ਦੀ ਰਿਹਾਈ ਲਈ 1 ਦਸੰਬਰ 2022 ਨੂੰ ਸ਼ੁਰੂ ਕੀਤੀ ਦਸਤਖ਼ਤੀ ਮੁਹਿੰਮ ਖ਼ਾਲਸਾ ਸਾਜਣਾ ਦਿਵਸ (ਵਿਸਾਖੀ) ਮੌਕੇ ਸੰਪੰਨ ਕਰਨ ਦਾ ਫੈਸਲਾ ਕੀਤਾ ਹੈ। ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਹੋਈ ਅੰਤ੍ਰਿੰਗ ਕਮੇਟੀ ਦੀ ਬੈਠਕ ਵੱਲੋਂ ਇਸ ਦੇ ਨਾਲ ਹੀ ਕਈ ਹੋਰ ਅਹਿਮ ਫੈਸਲੇ ਵੀ ਲਏ ਗਏ।

ਇਕੱਤਰਤਾ ਉਪਰੰਤ ਪੱਤਰਕਾਰਾਂ ਨਾਲ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਵੱਲੋਂ ਸ਼ੁਰੂ ਕੀਤੀ ਦਸਤਖ਼ਤੀ ਮੁਹਿੰਮ ਤਹਿਤ ਹੁਣ ਤੱਕ 25 ਲੱਖ ਤੋਂ ਵੱਧ ਪ੍ਰੋਫਾਰਮੇ ਭਰੇ ਜਾ ਚੁੱਕੇ ਹਨ, ਜੋ ਅਗਲੇ ਦਿਨਾਂ ਵਿਚ ਇਕੱਠੇ ਕਰਕੇ ਗਵਰਨਰ ਪੰਜਾਬ ਰਾਹੀਂ ਭਾਰਤ ਦੇ ਰਾਸ਼ਟਰਪਤੀ ਨੂੰ ਭੇਜੇ ਜਾਣਗੇ। ਐਡਵੋਕੇਟ ਧਾਮੀ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਪ੍ਰੋਫਾਰਮੇ ਰਾਜਪਾਲ ਨੂੰ ਸੌਂਪਣ ਤੋਂ ਇਕ ਦਿਨ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਕੱਠ ਕਰਕੇ ਅਰਦਾਸ ਕੀਤੀ ਜਾਵੇਗੀ। ਇਸ ਸਮਾਗਮ ਦੌਰਾਨ ਤਖ਼ਤ ਸਾਹਿਬਾਨ ਦੇ ਜਥੇਦਾਰ ਅਤੇ ਸਿੰਘ ਸਾਹਿਬਾਨ ਵੀ ਮੌਜੂਦ ਰਹਿਣਗੇ। ਉਨ੍ਹਾਂ ਦੱਸਿਆ ਕਿ ਗਵਰਨਰ ਪੰਜਾਬ ਪਾਸੋਂ ਜਲਦ ਸਮਾਂ ਲੈਣ ਲਈ ਕਾਰਵਾਈ ਵਾਸਤੇ ਅਧਿਕਾਰੀਆਂ ਨੂੰ ਆਦੇਸ਼ ਦੇ ਦਿੱਤੇ ਗਏ ਹਨ ਅਤੇ ਸਮਾਂ ਮਿਲਣ 'ਤੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਅਹੁਦੇਦਾਰ ਅਤੇ ਮੈਂਬਰ ਪ੍ਰੋਫਾਰਮੇ ਅਤੇ ਮੰਗ ਪੱਤਰ ਸੌਂਪਣ ਲਈ ਜਾਣਗੇ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਵਿਚ ਪੜ੍ਹਦੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਸਾਲ 2023-24 ਲਈ ਵਜ਼ੀਫੇ ਦੇਣ ਦੀ ਪ੍ਰਵਾਨਗੀ ਵੀ ਦਿੱਤੀ ਗਈ ਹੈ। ਇਕੱਤਰਤਾ 'ਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰ, ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਅੰਤ੍ਰਿੰਗ ਕਮੇਟੀ ਮੈਂਬਰ ਜਰਨੈਲ ਸਿੰਘ ਕਰਤਾਰਪੁਰ, ਸ. ਸੁਰਜੀਤ ਸਿੰਘ ਤੁਗਲਵਾਲ, ਬਾਵਾ ਸਿੰਘ ਗੁਮਾਨਪੁਰਾ, ਗੁਰਨਾਮ ਸਿੰਘ ਜੱਸਲ, ਪਰਮਜੀਤ ਸਿੰਘ ਖ਼ਾਲਸਾ, ਸ਼ੇਰ ਸਿੰਘ ਮੰਡਵਾਲਾ, ਬਾਬਾ ਗੁਰਪ੍ਰੀਤ ਸਿੰਘ ਰੰਧਾਵਾ ਤੇ ਮਲਕੀਤ ਸਿੰਘ ਚੰਗਾਲ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਓਐਸਡੀ ਸਤਬੀਰ ਸਿੰਘ ਧਾਮੀ ਆਦਿ ਮੌਜੂਦ ਸਨ।

## ਪੰਜਾਬੀ ਯੂਨੀਵਰਸਿਟੀ ਬਚਾਓ ਮੋਰਚਾ ਹੋਰ ਭਖਾਉਣ ਦਾ ਐਲਾਨ



**ਲੌਂਗੋਵਾਲ (ਕੁਲਦੀਪ ਅੱਤਰੀ, ਪ੍ਰਦੀਪ ਸਿੰਘ ਸੱਪਲ)** ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਨੇ ਪੰਜਾਬੀ ਯੂਨੀਵਰਸਿਟੀ ਬਚਾਓ ਮੋਰਚੇ ਦੀ ਅਗਵਾਈ ਹੇਠ ਪੰਜਾਬੀ ਯੂਨੀਵਰਸਿਟੀ ਨੂੰ ਬੰਦ ਹੋਣ ਤੋਂ ਬਚਾਉਣ ਲਈ ਚੱਲ ਰਹੇ ਸੰਘਰਸ਼ ਵਿੱਚ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਹੈ। ਡੀ.ਟੀ.ਐੱਫ. ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਨੇ ਕਿਹਾ ਕਿ ਇਹ ਯੂਨੀਵਰਸਿਟੀ ਪਹਿਲਾਂ ਹੀ 207 ਕਰੋੜ ਰੁਪਏ ਦੇ ਵਿੱਤੀ ਘਾਟੇ ਵਿੱਚ ਚੱਲ ਰਹੀ ਹੈ ਅਤੇ ਇਸ 'ਤੇ 150 ਕਰੋੜ ਰੁਪਏ ਦਾ ਕਰਜ਼ਾ ਹੈ, ਜਿਸਦਾ ਸਾਲਾਨਾ 18 ਕਰੋੜ ਵਿਆਜ ਬਣਦਾ ਹੈ। ਅਸਲ ਵਿੱਚ ਸਰਕਾਰ ਆਪਣੇ ਲੋਕ ਵਿਰੋਧੀ ਮਨਸੂਬੇ ਅਧੀਨ ਵਿੱਤੀ ਘਾਟੇ ਵਿੱਚ ਲਿਜਾ ਕੇ ਇਸ ਯੂਨੀਵਰਸਿਟੀ ਨੂੰ ਬੰਦ ਕਰਨਾ ਚਾਹੁੰਦੀ ਹੈ। ਸੂਬਾ ਸੀਨੀਅਰ ਮੀਤ ਪ੍ਰਧਾਨ ਸਰਵਨ ਸਿੰਘ ਔਜਲਾ, ਸੂਬਾ ਜਥੇਬੰਦਕ ਸਕੱਤਰ ਕਰਨੈਲ ਸਿੰਘ ਚਿੱਟੀ, ਸੂਬਾ ਮੀਤ ਪ੍ਰਧਾਨ ਸੁਖਵਿੰਦਰ ਸੁੱਖੀ, ਵਿੱਤ ਸਕੱਤਰ ਜਸਵਿੰਦਰ ਬਠਿੰਡਾ ਤੇ ਪ੍ਰੈੱਸ ਸਕੱਤਰ ਗੁਰਮੀਤ ਕੋਟਲੀ ਨੇ ਕਿ ਪੰਜਾਬ ਸਰਕਾਰ ਨੇ ਯੂਨੀਵਰਸਿਟੀ ਦੀ ਮੰਗ ਅਨੁਸਾਰ ਬਜਟ ਦੇਣ ਦੀ ਥਾਂ ਪਿਛਲੇ ਸਾਲ ਦੇ ਬਜਟ 200 ਕਰੋੜ ਵਿੱਚੋਂ ਵੀ 36 ਕਰੋੜ ਰੁਪਏ ਘਟਾ ਕੇ 164 ਕਰੋੜ ਕਰ ਦਿੱਤਾ ਹੈ।

## 'ਅਗਨੀਪਥ' ਨੂੰ ਸਹੀ ਦੱਸਦੇ ਹਾਈ ਕੋਰਟ ਦੇ ਫੈਸਲੇ ਖਿਲਾਫ ਪਟੀਸ਼ਨਾਂ ਰੱਦ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਹਥਿਆਰਬੰਦ ਬਲਾਂ 'ਚ ਭਰਤੀ ਲਈ ਕੇਂਦਰ ਦੀ ਅਗਨੀਪਥ ਯੋਜਨਾ ਨੂੰ ਸਹੀ ਕਰਾਰ ਦੇਣ ਵਾਲੇ ਦਿੱਲੀ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਦੋ ਪਟੀਸ਼ਨਾਂ ਖਾਰਜ ਕਰ ਦਿੱਤੀਆਂ ਹਨ। ਉਸ ਨੇ ਸਪੱਸ਼ਟ ਕੀਤਾ ਕਿ ਅਗਨੀਪਥ ਸਕੀਮ ਦੀ ਸ਼ੁਰੂਆਤ ਤੋਂ ਪਹਿਲਾਂ ਭਰਤੀ ਪ੍ਰਕਿਰਿਆ 'ਚ ਚੁਣੇ ਉਮੀਦਵਾਰਾਂ ਕੋਲ ਨਿਯੁਕਤੀ ਦਾ ਅਧਿਕਾਰ ਨਹੀਂ ਹੈ।

ਇਸ ਦੇ ਨਾਲ ਸੁਪਰੀਮ ਕੋਰਟ ਨੇ ਅਗਨੀਪਥ ਯੋਜਨਾ ਦੀ ਸ਼ੁਰੂਆਤ ਤੋਂ ਪਹਿਲਾਂ ਭਾਰਤੀ ਹਵਾਈ ਫੌਜ 'ਚ ਭਰਤੀ ਪ੍ਰਕਿਰਿਆ ਨਾਲ ਸੰਬੰਧਤ ਇੱਕ ਹੋਰ ਪਟੀਸ਼ਨ 17 ਅਪਰੈਲ ਨੂੰ ਸੁਣਵਾਈ ਲਈ ਸੂਚੀਬੱਧ ਕੀਤੀ ਹੈ।

## ਖਰੂਦੀ ਨੂੰ ਉਤਾਰਨ ਲਈ ਜਹਾਜ਼ ਵਾਪਸ ਲਿਆਉਣਾ ਪਿਆ

**ਨਵੀਂ ਦਿੱਲੀ** : ਏਅਰ ਇੰਡੀਆ ਦੀ ਦਿੱਲੀ-ਲੰਡਨ ਫਲਾਈਟ ਤੋਂ ਸੋਮਵਾਰ ਨੂੰ ਅਮਲੇ 'ਤੇ ਹਮਲਾ ਕਰਨ ਦੇ ਦੋਸ਼ 'ਚ ਯਾਤਰੀ ਨੂੰ ਉਤਾਰ ਦਿੱਤਾ ਗਿਆ।

ਜਹਾਜ਼ ਯਾਤਰੀ ਉਸ ਨੂੰ ਉਤਾਰਨ ਲਈ ਰਾਜਧਾਨੀ ਵਾਪਸ ਲਿਆਂਦਾ ਗਿਆ। ਸੂਤਰਾਂ ਨੇ ਦੱਸਿਆ ਕਿ ਫਲਾਈਟ ਏ ਆਈ 111 'ਚ ਕਰੀਬ 225 ਯਾਤਰੀ ਸਵਾਰ ਸਨ।

ਯਾਤਰੀ ਨੂੰ ਉਤਾਰਨ ਤੋਂ ਬਾਅਦ ਜਹਾਜ਼ ਲੰਡਨ ਦੇ ਹੀਥਰੋ ਲਈ ਰਵਾਨਾ ਹੋਇਆ। ਇਸੇ ਦੌਰਾਨ ਏਅਰ ਇੰਡੀਆ ਦੀ ਦਿੱਲੀ-ਸਾਨ ਫਰਾਂਸਿਸਕੋ ਉਡਾਣ ਤਕਨੀਕੀ ਖਰਾਬੀ ਕਾਰਨ ਦਿੱਲੀ ਮੋੜਨੀ ਪਈ। ਬਾਅਦ 'ਚ ਜਹਾਜ਼ ਬਦਲ ਕੇ ਯਾਤਰੀਆਂ ਨੂੰ ਰਵਾਨਾ ਕੀਤਾ ਗਿਆ।

## ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ ਭਲਕੇ

**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਗੌਰਮਿੰਟ ਪੈਨਸਨਰਜ ਐਸੋਸੀਏਸ਼ਨ (ਰਜਿ:) ਪੰਜਾਬ ਦੀ ਜ਼ਿਲ੍ਹਾ ਇਕਾਈ ਮੋਗਾ ਦੀ ਮਹੀਨਾਵਾਰ ਮੀਟਿੰਗ ਸੁਤੰਤਰਤਾ ਸੈਨਾਨੀ ਭਵਨ ਵਿਖੇ ਸਾਢੇ ਨੌਂ ਵਜੇ ਹੋਵੇਗੀ। ਐਸੋਸੀਏਸ਼ਨ ਦੇ ਪ੍ਰਧਾਨ ਭਜਨ ਸਿੰਘ ਗਿੱਲ ਨੇ ਦੱਸਿਆ ਕਿ ਮੀਟਿੰਗ ਵਿੱਚ 23 ਅਪ੍ਰੈਲ ਨੂੰ ਸੂਬਾ ਕਮੇਟੀ ਦੀ ਚੋਣ ਸਬੰਧੀ ਵਿਚਾਰ ਚਰਚਾ ਕੀਤੀ ਜਾਵੇਗੀ, ਜੋ ਮੋਗਾ ਵਿਖੇ ਸ਼ਹੀਦ ਨਛੱਤਰ ਸਿੰਘ ਭਵਨ ਵਿਖੇ ਹੋਵੇਗੀ। ਚੋਣ ਪ੍ਰੋਗਰਾਮ ਸਬੰਧੀ ਇੱਕ ਪ੍ਰਬੰਧਕੀ ਕਮੇਟੀ ਦਾ ਗਠਨ ਕੀਤਾ ਜਾਵੇਗਾ, ਜੋ ਆਏ ਹੋਏ ਡੈਲੀਗੇਟਾਂ ਲਈ ਚਾਹ, ਪਾਣੀ ਤੇ ਦੁਪਹਿਰ ਦੇ ਖਾਣੇ ਦੀ ਵਿਉਂਤਬੰਦੀ ਕਰੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਵਿੱਚ ਸਬ ਡਵੀਜ਼ਨਾਂ ਵੱਲੋਂ 31 ਮਾਰਚ ਤੱਕ ਕੀਤੀ ਮੈਂਬਰਸ਼ਿਪ ਦੇ ਵੇਰਵੇ ਇਕੱਤਰ ਕੀਤੇ ਜਾਣਗੇ ਤੇ ਸਬ-ਡਵੀਜ਼ਨਾਂ ਦੀ ਇਕੱਤਰ ਮੈਂਬਰਸ਼ਿਪ ਦੀ ਰਕਮ ਦਾ ਜ਼ਿਲ੍ਹਾ ਕਮੇਟੀ ਦਾ ਰਹਿੰਦਾ ਹਿੱਸਾ ਵੀ ਜਮ੍ਹਾਂ ਕੀਤਾ ਜਾਵੇਗਾ। ਜਨਰਲ ਸਕੱਤਰ ਲੈਕ: ਸੁਖਮੰਦਰ ਸਿੰਘ ਨੇ ਸਮੂਹ ਸਬ ਡਵੀਜ਼ਨ ਪ੍ਰਧਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਸਬ ਡਵੀਜ਼ਨ ਦਾ ਬਣਦਾ ਰਹਿੰਦਾ ਹਿੱਸਾ ਮੀਟਿੰਗ 'ਤੇ ਲੈ ਕੇ ਆਉਣ ਤੇ ਵਿੱਤ ਸਕੱਤਰ ਪ੍ਰੇਮ ਕੁਮਾਰ ਪਾਸ ਜਮ੍ਹਾਂ ਕਰਾ ਦੇਣ। ਮੀਟਿੰਗ ਤੋਂ ਬਾਅਦ ਲੋੜ ਅਨੁਸਾਰ ਖ਼ਜ਼ਾਨਾ ਦਫ਼ਤਰ ਤੇ ਬੈਂਕਾਂ ਆਦਿ ਵਿੱਚ ਵੀ ਮਸਲੇ ਹੱਲ ਕਰਨ ਲਈ ਪਹੁੰਚ ਕੀਤੀ ਜਾਵੇਗੀ। ਸੁਰਿੰਦਰ ਰਾਮ ਕੁੱਸਾ ਨੇ ਦੱਸਿਆ ਕਿ ਜਥੇਬੰਦੀ ਦੀ ਸੂਬਾ ਕਮੇਟੀ ਦੀ ਚੋਣ ਤੇ ਹਰੇਕ ਸਬ ਡਵੀਜ਼ਨ ਦੇ ਘੱਟੋ-ਘੱਟ 10 ਸਾਥੀ ਜ਼ਰੂਰ ਸ਼ਾਮਲ ਹੋਣ ਤੇ ਉਨ੍ਹਾਂ ਦੇ ਨਾਂਅ ਜ਼ਿਲ੍ਹਾ ਕਮੇਟੀ ਨੂੰ ਪੁੱਜਦੇ ਕੀਤੇ ਜਾਣ।


**ਬਾ-ਅਦਾਲਤ ਸ਼੍ਰੀ ਕੁਲਵੰਤ ਸਿੰਘ ਸਿੱਧੂ ਸਬ ਰਜਿਸਟਰਾਰ ਜਲੰਧਰ-1 (ਅਖਬਾਰ ਇਸ਼ਤਿਹਾਰ)**

ਵਿਸ਼ਾ: ਵਸੀਅਤ ਰਜਿਸਟ੍ਰੇਸ਼ਨ ਐਕਟ 1908 ਦੀ ਧਾਰਾ 40 ਅਧੀਨ ਰਜਿਸਟਰ ਕਰਨ ਬਾਰੇ। ਦਰਖਾਸਤ ਵੱਲੋਂ ਸ੍ਰੀ ਵਿਸ਼ਨੂੰ ਕੁਮਾਰ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸ੍ਰੀ ਵਿਸ਼ਨੂੰ ਕੁਮਾਰ ਪੁੱਤਰ ਸ੍ਰੀ ਤਾਰਾ ਚੰਦ ਵਾਸੀ ਮਕਾਨ ਨੰਬਰ 36/1, ਮੁਹੱਲਾ ਨੰਬਰ-8 ਤਹਿਸੀਲ ਵਾ ਜ਼ਿਲ੍ਹਾ ਜਲੰਧਰ ਜ਼ਿਲ੍ਹਾ ਜਲੰਧਰ ਨੇ ਨਿਮਨਹਸਤਾਖਰ ਦੇ ਪੇਸ਼ ਹੈ ਕਿ ਦਰਖਾਸਤ ਦਿੱਤੀ ਹੈ ਕਿ ਉਸਦੇ ਦਾਦਾ ਜੀ ਸ੍ਰੀ ਰਾਧਾ ਕ੍ਰਿਸ਼ਨ ਅਗਰਵਾਲ ਪੁੱਤਰ ਸ੍ਰੀ ਸੀਤਾ ਰਾਮ ਅਗਰਵਾਲ ਵਾਸੀ ਮੁਹੱਲਾ ਨੰਬਰ 8, ਮਕਾਨ ਨੰਬਰ 36/1, ਜਲੰਧਰ ਕੈਂਟ ਦੀ ਮੌਤ ਮਿਤੀ 09/01/1979 ਨੂੰ ਹੋ ਚੁੱਕੀ ਹੈ। ਉਨ੍ਹ ਨੇ ਆਪਣੀ ਮੌਤ ਤੋਂ ਪਹਿਲਾ ਇਕ ਅਣ-ਰਜਿਸਟਰਡ ਦੂਸਰੀ ਵਸੀਅਤ ਮਿਤੀ 29/12/1978 ਨੂੰ ਮੇਰੇ ਵਿਸ਼ਨੂੰ ਕੁਮਾਰ ਦੇ ਹੱਕ ਵਿਚ ਲਿਖੀ ਸੀ। ਉਸ ਨੇ ਇਹ ਵਸੀਅਤ ਅੰਡਰ ਸੈਕਸ਼ਨ 40 ਅਧੀਨ ਰਜਿਸਟਰਡ ਕੀਤੀ ਜਾਣ ਦੀ ਬੇਨਤੀ ਕੀਤੀ ਹੈ।

ਇਹ ਵਸੀਅਤ ਰਜਿਸਟ੍ਰੇਸ਼ਨ ਐਕਟ 1908 ਦੀ ਧਾਰਾ 40 ਅਧੀਨ ਰਜਿਸਟਰਡ ਕੀਤੀ ਜਾਣੀ ਹੈ, ਜੇਕਰ ਇਸ ਵਸੀਅਤ ਦੇ ਰਜਿਸਟਰਡ ਹੋਣ ਵਿਚ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਆਪਣੇ ਇਤਰਾਜ ਅਸਾਲਤਨ ਜਾਂ ਵਕਾਲਤਨ ਜਾਂ ਬਜਰਿਆ ਮੁਖਤਿਆਰ ਨਿਮਨ ਹਸਤਾਖਰ ਦੀ ਅਦਾਲਤ ਵਿਚ ਹਾਜਰ ਆ ਕੇ ਪੇਸ਼ ਕਰ ਸਕਦਾ ਹੈ। ਇਸ ਤੋਂ ਬਾਅਦ ਕੋਈ ਇਤਰਾਜ ਨਹੀ ਸੁਣਿਆ ਜਾਵੇਗਾ ਅਤੇ ਵਸੀਅਤ ਰਜਿਸਟਰਡ ਕਰਨ ਸਬੰਧੀ ਅੱਗਲੀ ਕਾਰਵਾਈ ਆਰੰਭੀ ਜਾਵੇਗੀ।

ਸਬ ਰਜਿਸਟਰਾਰ ਜਲੰਧਰ-1

ਨੰਬਰ 1374-75 /ਆਰ.ਸੀ/ਮਿਤੀ 10-04-2023



**Capital Small Finance Bank**

CAPITAL SMALL FINANCE BANK LIMITED
Regd. Office: Midas Corporate Park, 3rd Floor, 37, G.T Road, Jalandhar -144001, Punjab INDIA
Ph.: +91 181-5051111, 5052222; Fax: +91 181 5053333 CIN: U65110PB1999PLC022634
E-mail: cs@capitalbank.co.in Website: www.capitalbank.co.in

**ਅਸਧਾਰਨ ਜਨਰਲ ਮੀਟਿੰਗ ਦਾ ਨੋਟਿਸ**

ਜਨਰਲ ਸਰਕੂਲਰਜ਼ 14/2020, 17/2020, 22/2020, 33/2020, 39/2020, 10/2021, 20/2021, 03/2022 ਅਤੇ 11/2022 ਮਿਤੀ 08 ਅਪ੍ਰੈਲ 2020, 13 ਅਪ੍ਰੈਲ 2020, 15 ਜੂਨ 2020, 28 ਸਤੰਬਰ 2020, 31 ਦਸੰਬਰ 2020, 23 ਜੂਨ 2021, 8 ਦਸੰਬਰ 2021, 05 ਮਈ 2022 ਅਤੇ 28 ਦਸੰਬਰ 2022 (ਇਕੱਠੇ "ਐੱਮ ਸੀ ਏ ਸਰਕੂਲਰਜ਼" ਵਜੋਂ ਹਵਾਲਾ) ਅਤੇ ਕਾਰਪੋਰੇਟਸ ਮੰਤਰਾਲਾ, ਭਾਰਤ ਸਰਕਾਰ ਵੱਲੋਂ ਜ਼ਰੂਰੀ ਸਾਰੇ ਲਾਗੂ ਕਾਨੂੰਨਾਂ ਅਤੇ ਜਾਰੀ ਸਰਕੂਲਰਾਂ (ਇਕੱਠੇ "ਸਰਕੂਲਰਜ਼" ਵਜੋਂ ਹਵਾਲਾ) ਨਾਲ ਪੜ੍ਹੇ ਜਾਂਦੇ ਨਿਯਮਾਂ ਅਤੇ ਕੰਪਨੀਜ਼ ਐਕਟ, 2013 ("ਐਕਟ") ਦੀਆਂ ਵਿਵਸਥਾਵਾਂ ਦੀ ਪਾਲਣਾ 'ਚ ਨੋਟਿਸ ਦਿੱਤਾ ਜਾਂਦਾ ਹੈ 29 ਮਾਰਚ 2023 ਦੇ ਈ ਜੀ ਐੱਮ ਦੇ ਨੋਟਿਸ 'ਚ ਦਰਸਾਏ ਕਾਰੋਬਾਰ ਦੇ ਨਿਪਟਾਰੇ ਲਈ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ("ਬੈਂਕ") ਦੇ ਮੈਂਬਰਾਂ ਦੀ ਅਸਧਾਰਨ ਜਨਰਲ ਮੀਟਿੰਗ, ਸਾਂਝੇ ਸਥਾਨ 'ਤੇ ਮੈਂਬਰਾਂ ਦੀ ਭੌਤਿਕ ਹਾਜ਼ਰੀ ਦੇ ਬਗੈਰ, ਵੀਡੀਓ ਕਾਨਫਰੰਸ ('ਵੀ ਸੀ')/ਹੋਰ ਆਡੀਓ ਵਿਜ਼ੂਅਲ ਢੰਗ ("ਓ ਏ ਵੀ ਐੱਮ") ਰਾਹੀਂ ਸ਼ੁੱਕਰਵਾਰ, 12 ਮਈ 2023 ਨੂੰ ਸਵੇਰੇ 11.30 ਵਜੇ (ਆਈ ਐੱਨ ਟੀ) ਹੋਵੇਗੀ। ਉਪਰੋਕਤ ਸਰਕੂਲਰਜ਼ ਦੀ ਪਾਲਣਾ 'ਚ ਈ ਜੀ ਐੱਮ ਨੋਟਿਸ ਸਮੇਤ ਵਿਸਥਾਰਤ ਬਿਆਨ, ਸਿਰਫ ਇਲੈਕਟ੍ਰਾਨਿਕਸ ਮੋਡ (ਈਮੇਲ ਰਾਹੀਂ), ਉਨ੍ਹਾਂ ਸ਼ੇਅਰ ਹੋਲਡਰਾਂ ਨੂੰ ਭੇਜਿਆ ਜਾਵੇਗਾ, ਜਿਨ੍ਹਾਂ ਨੇ ਆਪਣੇ ਈਮੇਲ ਪਤੇ ਬੈਂਕ/ਡਿਪਾਜ਼ਟਰੀ ਪਾਰਟੀਸੀਪੈਂਟ/ਰਜਿਸਟਰਾਰ ਕੋਲ ਰਜਿਸਟਰਡ ਕਰਵਾਏ ਹੋਣਗੇ। ਵੀ ਸੀ/ ਓ ਏ ਵੀ ਐੱਮ ਰਾਹੀਂ ਈ ਜੀ ਐੱਮ 'ਚ ਸ਼ਾਮਲ ਹੋਣ ਅਤੇ ਈ ਜੀ ਐੱਮ ਦੌਰਾਨ ਈ-ਵੋਟਿੰਗ ਲਈ ਬੈਂਕ ਨੇ ਰਿਮੋਟ ਈ-ਵੋਟਿੰਗ ਰਾਹੀਂ ਵੋਟਿੰਗ ਦੀ ਸਹੂਲਤ ਦੇ ਮੰਤਵ ਲਈ ਸੈਂਟਰਲ ਡਿਪਾਜ਼ਟਰੀ ਸਰਵਿਸਿਜ਼/(ਇੰਡੀਆ) ਲਿਮਟਿਡ (ਸੀ ਡੀ ਐੱਸ ਐੱਲ) ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਹਨ।

ਭੌਤਿਕ ਮੋਡ 'ਚ ਸ਼ੇਅਰ ਰੱਖਣ ਵਾਲੇ ਸ਼ੇਅਰ ਹੋਲਡਰਾਂ ਜਾਂ ਜਿਨ੍ਹਾਂ ਨੇ ਆਪਣੇ ਈਮੇਲ ਪਤੇ ਰਜਿਸਟਰਡ/ਅਪਡੇਟ ਨਹੀਂ ਕਰਵਾਏ, ਸ੍ਰੀ ਅਮਿਤ ਸ਼ਰਮਾ ਕੰਪਨੀ ਸੈਕਟਰੀ ਦੀ ਈਮੇਲ ਆਈ ਡੀ cs@capitalbank.co.in or Amit1. sharma@captialbank.co. in 'ਤੇ ਆਪਣਾ ਫੋਲੀਓ ਨੰਬਰ/ਡੀ ਪੀ/ਕਲਾਇੰਟ ਆਈ ਡੀ, ਸਰਟੀਫਿਕੇਟ ਨੰ. ਪੈਨ, ਮੋਬਾਇਲ ਨੰ. ਈਮੇਲ ਆਈ ਡੀ ਸਮੇਤ ਖੁਦ ਤਸਦੀਕਸ਼ੁਦਾ ਪੈਨ ਕਾਰਡ/ਅਧਾਰ/ਪਾਸਪੋਰਟ ਅਤੇ ਸ਼ੇਅਰ ਸਰਟੀਫਿਕੇਟ ਆਦਿ ਦੀ ਕਾਪੀ ਦੇ ਨਾਲ ਲਿਖ ਕੇ ਈ ਵੋਟਿੰਗ ਲਈ ਲਾਗਇਨ ਆਈ ਡੀ ਅਤੇ ਪਾਸਵਰਡ ਪ੍ਰਾਪਤ ਕਰ ਸਕਦੇ ਹਨ।

ਵੀ ਸੀ/ਓ ਏ ਵੀ ਐੱਮ ਰਾਹੀਂ ਈ ਜੀ ਐੱਮ 'ਚ ਹਾਜ਼ਰੀ, ਈ ਜੀ ਐੱਮ 'ਚ ਈ ਵੋਟਿੰਗ ਅਤੇ ਰਿਮੋਟ ਈ-ਵੋਟਿੰਗ ਰਾਹੀਂ ਵੋਟ ਪਾਉਣ ਦਾ ਢੰਗ ਈ ਜੀ ਐੱਮ ਦੇ ਨੋਟਿਸ 'ਚ ਮੁਹੱਈਆ ਕਰਵਾਇਆ ਜਾਵੇਗਾ ਅਤੇ ਸ਼ੇਅਰ ਹੋਲਡਰਾਂ ਨੂੰ ਇਸ ਨੂੰ ਧਿਆਨ ਨਾਲ ਪੜ੍ਹਨ ਦੀ ਬੇਨਤੀ ਕੀਤੀ ਜਾਂਦੀ ਹੈ। ਭੌਤਿਕ ਮੋਡ 'ਚ ਸ਼ੇਅਰ ਰੱਖਣ ਵਾਲੇ ਸ਼ੇਅਰ ਹੋਲਡਰਾਂ ਨੂੰ ਆਪਣੇ ਈ-ਮੇਲ ਪਤੇ ਉਪਰੋਕਤ ਤਰੀਕੇ ਨਾਲ ਬੇਨਤੀ ਭੇਜ ਕੇ ਬੈਂਕ ਕੋਲ ਰਜਿਸਟਰਡ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ ਅਤੇ ਡੀਮਟੀਰੀਲਾਈਜ਼ਡ ਮੋਡ 'ਚ ਸ਼ੇਅਰ ਰੱਖਣ ਵਾਲੇ ਸ਼ੇਅਰ ਹੋਲਡਰਾਂ ਨੂੰ ਆਪਣੇ ਈਮੇਲ ਪਤੇ ਆਪਣੇ ਸੰਬੰਧਤ ਡਿਪਾਜ਼ਟਰੀ ਪਾਰਟੀਸੀਪੈਂਟਸ ਕੋਲ ਰਜਿਸਟਰ/ਅਪਡੇਟ ਕਰਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ।

ਉਪਰੋਕਤ ਨੋਟਿਸ ਬੈਂਕ ਦੀ ਵੈੱਬਸਾਈਟ www.captialbank.co.in ਸੀ ਡੀ ਐੱਸ ਐੱਲ ਦੀ ਵੈੱਬਸਾਈਟ www.evotingindia.com ਅਤੇ ਸਟਾਕ ਐਕਸਚੇਂਜ ਦੀ ਵੈੱਬਸਾਈਟ ਜੋ ਕਿ ਬੀ ਐੱਸ ਈ ਲਿਮਟਿਡ www.bseindia.com 'ਤੇ ਉਪਲੱਬਧ ਕਰਵਾਇਆ ਜਾਵੇਗਾ।

ਵਾਸਤੇ ਕੈਪਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ
ਸਥਾਨ : ਜਲੰਧਰ — ਸਹੀ/- ਅਮਿਤ ਸ਼ਰਮਾ
ਮਿਤੀ : 10 ਅਪ੍ਰੈਲ 2023 — (ਐੱਫ ਸੀ ਐੱਸ 10888) ਕੰਪਨੀ ਸੈਕਟਰੀ


## ...ਸਫ਼ਾ 1 ਦੇ ਬਾਕੀ

### 'ਬਨੇਗਾ' ਹੀ ਖੁਸ਼ੀਆਂ ਦੀ...

ਨੂੰ ਵਿਹਲਿਆਂ ਭੀੜਾਂ ਬਣਾ ਆਪਣੇ ਮੁਨਾਫੇ ਵਧਾਉਣ ਲਈ ਇਹਨਾਂ ਦਾ ਲਾਹਾ ਲਿਆ ਹੈ। ਪੰਜਾਬ ਦੀ ਜਵਾਨੀ ਇੱਥੇ ਰੁਜ਼ਗਾਰ ਨਾ ਹੋਣ ਕਾਰਨ ਵਿਦੇਸ਼ਾਂ ਵੱਲ ਜਾ ਰਹੀ ਹੈ। ਪੰਜਾਬ ਵਿਚ ਘਰਾਂ ਦੇ ਘਰ ਖਾਲੀ ਹੋ ਰਹੇ ਹਨ ਤਾਂ ਸਮੇਂ ਦੀ ਲੋੜ ਬਣ ਜਾਂਦੀ ਹੈ ਕਿ ਉਨ੍ਹਾਂ ਨੌਜਵਾਨਾਂ/ਵਿਦਿਆਰਥੀਆਂ ਜਿਨ੍ਹਾਂ ਨੂੰ ਕੋਈ ਰਸਤਾ ਦਿਖਾਈ ਨਹੀਂ ਦੇ ਰਿਹਾ ਅਤੇ ਨਾ ਹੀ ਸਮੇਂ ਦੀਆਂ ਸਰਕਾਰਾਂ ਉਹਨਾਂ ਦੀ ਯੋਗਤਾ ਦਾ ਮੁੱਲ ਪਾ ਰਹੀਆਂ ਹਨ, ਨੂੰ ਸਹੀ ਸੇਧ ਦੇਣ ਲਈ ਲਾਮਬੰਦ ਕੀਤਾ ਜਾਵੇ। ਕਰੋੜਾਂ ਰੁਪਇਆ ਖਰਚ ਕੇ ਵੀ ਅੱਜ ਸਾਡੇ ਘਰਾਂ ਵਿਚ ਖੁਸ਼ੀਆਂ ਨਹੀਂ ਆ ਰਹੀਆਂ। ਇਹਨਾਂ ਖੁਸ਼ੀਆਂ ਦੀ ਗਾਰੰਟੀ ਹਰ ਹੱਥ ਨੂੰ ਕੰਮ ਦਿੱਤੇ ਬਿਨਾਂ ਨਹੀਂ ਹੋ ਸਕਦੀ। ਉਹਨਾਂ ਕਿਹਾ ਕਿ ਦੋਵੇਂ ਜੱਥੇਬੰਦੀਆਂ ਪਿਛਲੇ ਲੰਮੇ ਸਮੇਂ ਤੋਂ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ (ਬਨੇਗਾ) ਦੇਸ਼ ਦੀ ਪਾਰਲੀਮੈਂਟ ਵਿੱਚ ਪਾਸ ਹੋਵੇ, ਲਈ ਕੰਮ ਕਰ ਰਹੀਆਂ ਹਨ। ਇਹ ਕਾਨੂੰਨ ਹਰ 18-58 ਸਾਲ ਦੇ ਮਰਦ-ਇਸਤਰੀ ਨੂੰ, ਹਰ ਹੱਥ ਨੂੰ ਉਸ ਦੀ ਯੋਗਤਾ ਅਨੁਸਾਰ ਕੰਮ ਅਤੇ ਤਨਖਾਹ ਦੀ ਗਰੰਟੀ ਕਰੇਗਾ। ਇਹ ਲਹਿਰ ਦੇਸ਼ ਪੱਧਰ 'ਤੇ ਸਰਗਰਮ ਰੂਪ 'ਚ ਕੰਮ ਕਰ ਰਹੀ ਹੈ। ਜ਼ਰੂਰਤ ਹੈ ਇਸ ਨੂੰ ਹਰ ਘਰ ਤੱਕ ਲੈ ਕੇ ਜਾਇਆ ਜਾਵੇ। ਦੇਸ਼ ਦਾ ਹਰ ਨੌਜਵਾਨ ਇਸ ਦਾ ਹਿੱਸਾ ਬਣੇ ਤੇ ਅਸੀਂ ਹਰ ਇਕ ਲਈ ਯੋਗਤਾ ਅਨੁਸਾਰ ਕੰਮ ਦੀ ਗਰੰਟੀ ਦਾ ਇਹ ਕਾਨੂੰਨ ਜਿੱਤ ਸਕੀਏ। ਉਹਨਾਂ ਨੌਜਵਾਨਾਂ/ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਆਓ ਇਸ ਲਹਿਰ ਦਾ ਹਿੱਸਾ ਬਣੀਏ। ਪਿੰਡਾਂ ਵਿੱਚ ਇਸ ਤਰ੍ਹਾਂ ਦੇ ਪ੍ਰੋਗਰਾਮ, ਟਰੇਨਿੰਗ ਕੈਂਪ ਜੱਥੇਬੰਦੀਆਂ ਵੱਲੋਂ ਲਗਾਤਾਰ ਹੋ ਰਹੇ ਹਨ, ਉਹ ਇਹਨਾਂ ਦਾ ਹਿੱਸਾ ਬਣ ਸਿੱਖਣ ਤੇ ਆਗੂ ਬਣਨ। ਇਸ ਕਾਨਫਰੰਸ 'ਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪਿਛਲੇ ਕਈ ਦਿਨਾਂ ਤੋਂ ਚੱਲ ਰਹੇ ਸੰਘਰਸ਼ ਦੀ ਹਮਾਇਤ ਕਰਦਿਆਂ ਯੂਨੀਵਰਸਿਟੀ ਦਾ ਸਾਰਾ ਕਰਜ਼ਾ ਮੁਆਫ ਕਰਕੇ ਬਣਦੀ ਨਵੀਂ ਗਰਾਂਟ ਜਾਰੀ ਕਰਨ ਦੀ ਗੱਲ ਵੀ ਕੀਤੀ। ਸਟੇਜ ਸਕੱਤਰ ਦੀ ਭੂਮਿਕਾ ਜਗਵਿੰਦਰ ਕਾਕਾ ਜ਼ਿਲ੍ਹਾ ਪ੍ਰਧਾਨ ਸਰਵ ਭਾਰਤ ਨੌਜਵਾਨ ਸਭਾ ਨੇ ਬਾਖੂਬੀ ਨਿਭਾਈ। ਇਸ ਸਮੇਂ ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਜਗਜੀਤ ਧੂੜਕੋਟ, ਸਾਬਕਾ ਨੌਜਵਾਨ ਆਗੂ ਸੁਖਦੇਵ ਭੋਲਾ, ਮੰਗਤ ਰਾਏ, ਵਿਦਿਆਰਥੀ ਆਗੂ ਵੀਰਪਾਲ ਕੌਰ ਨੇ ਵੀ ਸੰਬੋਧਨ ਕੀਤਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਬਲਰਾਜ ਸਿੰਘ ਬੱਧਨੀ, ਚਮਕੌਰ ਸਿੰਘ, ਵਿਦਿਆਰਥੀ ਆਗੂ ਅਵਤਾਰ ਚੜਿੱਕ, ਨਵਕਿਰਨ ਕੌਰ, ਬੇਅੰਤ ਕੌਰ ਬੀੜ ਬੱਧਨੀ, ਕੇਵਲ ਰਾਉਕੇ, ਜੋਤੀ ਬੱਧਨੀ, ਜਸਵਿੰਦਰ ਕਾਕਾ, ਲਵਪ੍ਰੀਤ ਸਿੰਘ, ਜਗਦੀਪ ਸਿੰਘ, ਰਮਨਦੀਪ ਕੌਰ, ਬਿਕਰਮਜੀਤ ਕੌਰ, ਕਿਰਨਦੀਪ ਬੱਧਨੀ ਆਦਿ ਹਾਜ਼ਰ ਸਨ।

### ਸ਼ੈੱਡ ਦਾ ਲੈਂਟਰ ਡਿੱਗਣ...

ਅਤੇ ਉਹ ਮਲਬੇ ਹੇਠਾਂ ਦੱਬੇ ਗਏ, ਜਿਸ ਕਾਰਨ ਇਕ ਦੀ ਮੌਕੇ 'ਤੇ ਹੀ ਮੌਤ ਹੋ ਗਈ। 2 ਮਜ਼ਦੂਰਾਂ ਦੀ ਮੱਤੇਵਾਲ ਦੇ ਨਿੱਜੀ ਹਸਪਤਾਲ ਵਿੱਚ ਇਲਾਜ ਲਈ ਲਿਜਾਂਦਿਆਂ ਰਸਤੇ ਵਿੱਚ ਹੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਬਲਕਾਰ ਸਿੰਘ ਪੁੱਤਰ ਗੁਲਜ਼ਾਰ ਸਿੰਘ, ਹਰਜਿੰਦਰ ਸਿੰਘ ਪੁੱਤਰ ਕਸ਼ਮੀਰ ਸਿੰਘ ਦੋਵੇਂ ਵਾਸੀ ਮੱਤੇਵਾਲ ਅਤੇ ਜਸਪਾਲ ਸਿੰਘ ਪੁੱਤਰ ਸੋਖਾ ਸਿੰਘ ਵਾਸੀ ਰਾਮਦਿਵਾਲੀ ਮੁਸਲਮਾਨਾਂ ਵਜੋਂ ਹੋਈ। ਥਾਣਾ ਮੱਤੇਵਾਲ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਕਾਨੂੰਨੀ ਕਾਰਵਾਈ ਆਰੰਭ ਕਰ ਦਿੱਤੀ ਹੈ।

### ਸ਼ੈੱਡ ਦਾ ਲੈਂਟਰ ਡਿੱਗਣ...

ਲੋਕ ਸਭਾ ਜ਼ਿਮਨੀ ਚੋਣ ਵਿੱਚ 'ਆਪ' ਦੇ ਉਮੀਦਵਾਰ ਹਨ। ਸੁਰਿੰਦਰ ਚੌਧਰੀ ਮਰਹੂਮ ਸੰਤੋਖ ਸਿੰਘ ਚੌਧਰੀ ਦੇ ਭਤੀਜੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਹਲਕਾ ਕਰਤਾਰਪੁਰ 'ਚ ਇੱਕ ਚੋਣ ਰੈਲੀ ਦੌਰਾਨ ਚੌਧਰੀ ਸੁਰਿੰਦਰ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕੀਤਾ ਅਤੇ ਉਨ੍ਹਾ ਦਾ ਪਾਰਟੀ ਵਿੱਚ ਰਸਮੀ ਸਵਾਗਤ ਕੀਤਾ। ਇਸ ਮੌਕੇ ਮਾਨ ਨੇ ਕਿਹਾ ਕਿ ਸਾਡੇ ਵਿਚਕਾਰ ਇੱਕ ਅਜਿਹੀ ਸ਼ਖਸੀਅਤ ਹੈ, ਜੋ ਪੀੜ੍ਹੀ ਦਰ ਪੀੜ੍ਹੀ ਸਮਾਜ ਅਤੇ ਰਾਜਨੀਤੀ ਦੀ ਸੇਵਾ ਕਰ ਰਹੀ ਹੈ। ਸੁਰਿੰਦਰ ਚੌਧਰੀ ਇੱਕ ਸੱਚੇ ਵਲੰਟੀਅਰ ਵਜੋਂ ਸਾਡੇ ਨਾਲ ਜੁੜਿਆ ਹੈ। ਆਮ ਆਦਮੀ ਪਾਰਟੀ ਕਰੋੜਾਂ ਲੋਕਾਂ ਦੀ ਪਾਰਟੀ ਹੈ ਅਤੇ ਇਸ ਪਾਰਟੀ 'ਚ ਦੇਸ਼ ਦੇ ਹੋਰ ਕਰੋੜਾਂ ਲੋਕਾਂ ਨੇ ਆਉਣਾ ਹੈ ਅਤੇ ਪਾਰਟੀ ਨੂੰ ਦੂਜੇ ਰਾਜਾਂ 'ਚ ਵੀ ਫੈਲਾਉਣਾ ਹੈ। ਉਨ੍ਹਾ ਕਿਹਾ ਕਿ ਫਿਲਹਾਲ ਤਾਂ ਦੋ ਰਾਜਾਂ ਵਿੱਚ ਆਪ ਦੀ ਸਰਕਾਰ ਹੈ। ਅਜੇ 130 ਕਰੋੜ ਲੋਕਾਂ ਤੱਕ ਤਾਂ ਪਾਰਟੀ ਨੇ ਜਾਣਾ ਹੈ। ਸੁਰਿੰਦਰ ਚੌਧਰੀ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਦਾ ਭਵਿੱਖ ਸਿਰਫ ਭਗਵੰਤ ਮਾਨ ਦੇ ਹੱਥਾਂ 'ਚ ਹੀ ਸੁਰੱਖਿਅਤ ਹੈ।

### ਕੇਂਦਰ ਤੋਂ ਕਣਕ ਦੇ...

ਆਬਾਦੀ ਦਾ ਇਕ ਫੀਸਦੀ ਤੋਂ ਵੀ ਘੱਟ ਹੋਣ ਦੇ ਬਾਵਜੂਦ ਪੰਜਾਬ ਦੇਸ਼ ਦੇ ਅਨਾਜ ਭੰਡਾਰ ਵਿੱਚ ਸਾਰੇ ਸੂਬਿਆਂ ਨਾਲੋਂ ਵੱਧ ਯੋਗਦਾਨ ਪਾਉਂਦਾ ਹੈ, ਜਿਸ ਕਾਰਨ ਪੰਜਾਬ ਨੂੰ 'ਅੰਨ ਭੰਡਾਰ' ਦਾ ਉਪ ਨਾਂਅ ਮਿਲਿਆ ਹੈ। ਭਾਵੇਂ ਇਸ ਲਈ ਸੂਬੇ ਅਤੇ ਕਿਸਾਨਾਂ ਨੂੰ ਵੱਡੀ ਕੀਮਤ ਤਾਰਨੀ ਪਈ, ਕਿਉਂਕਿ ਪੰਜਾਬ ਦੇ ਕਿਸਾਨਾਂ ਨੂੰ ਆਪਣੇ ਦੋ ਅਹਿਮ ਕੁਦਰਤੀ ਸਰੋਤਾਂ ਜਰਖ਼ੇਜ਼ ਜ਼ਮੀਨ ਤੇ ਪਾਣੀ ਤੋਂ ਵਾਂਝਾ ਹੋਣਾ ਪਿਆ।

ਇਸ ਦੌਰਾਨ ਪੰਜਾਬ ਕੈਬਨਿਟ ਨੇ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਦੇ ਚੇਅਰਮੈਨ ਮੰਤਰੀਆਂ ਨੂੰ ਸੰਬੰਧਤ ਜ਼ਿਲ੍ਹਿਆਂ ਵਿੱਚ ਆਪਣੀ ਨਿਗਰਾਨੀ ਹੇਠ ਗਿਰਦਾਵਰੀਆਂ ਕਰਵਾਉਣ ਲਈ ਵੀ ਆਖਿਆ ਤਾਂ ਕਿ ਇਸ ਕੰਮ ਵਿੱਚ ਤੇਜ਼ੀ ਆ ਸਕੇ। ਕੈਬਨਿਟ ਨੇ ਸੂਬੇ ਦੀ ਜੇਲ੍ਹ ਵਿੱਚ ਬੰਦ ਕੈਦੀ ਦੀ ਛੇਤੀ ਰਿਹਾਈ ਦਾ ਕੇਸ ਕੇਂਦਰ ਨੂੰ ਭੇਜਣ ਨੂੰ ਵੀ ਹਰੀ ਝੰਡੀ ਦੇ ਦਿੱਤੀ ਹੈ। ਭਾਰਤੀ ਸੰਵਿਧਾਨ ਦੀ ਧਾਰਾ 163 ਅਧੀਨ ਕੈਬਨਿਟ ਦੀ ਮਨਜ਼ੂਰੀ ਤੋਂ ਬਾਅਦ ਸਜ਼ਾ ਵਿੱਚ ਵਿਸ਼ੇਸ਼ ਛੋਟ ਜਾਂ ਜਲਦੀ ਰਿਹਾਈ ਦਾ ਕੇਸ ਭਾਰਤੀ ਸੰਵਿਧਾਨ ਦੀ ਧਾਰਾ 161 ਅਧੀਨ ਪੰਜਾਬ ਦੇ ਰਾਜਪਾਲ ਨੂੰ ਭੇਜਿਆ ਜਾਵੇਗਾ।

### ਮੰਗਾਂ ਨਜ਼ਰਅੰਦਾਜ਼...

ਦੇਣਾ ਹੁੰਦਾ ਹੈ, ਜਿਸ ਕਰਕੇ ਐਕਸ਼ਨ ਕਮੇਟੀ ਨੂੰ ਖਦਸ਼ਾ ਹੈ ਕਿ ਸੇਵਾ-ਮੁਕਤ ਵਰਕਰਾਂ ਦੀਆਂ ਅਦਾਇਗੀਆਂ ਪੂਰੀਆਂ ਕੀਤੀਆਂ ਜਾਣ 'ਤੇ ਵੀ ਸੁਆਲੀਆ ਨਿਸ਼ਾਨ ਹੈ। ਵਰਕਰਾਂ ਦੇ 15 ਕਰੋੜ ਰੁਪਏ ਦਾ ਪੇ ਕਮਿਸ਼ਨ ਲਾਗੂ ਹੋਣ ਦੀ ਤਰੀਕ ਤੋਂ ਬਣਦਾ ਬਕਾਇਆ ਦੇਣ ਸੰਬੰਧੀ ਵੀ ਮੈਨੇਜਮੈਂਟ ਨੇ ਚੁੱਪ ਧਾਰੀ ਹੋਈ ਹੈ। ਸੋ ਅਜਿਹੇ ਹਾਲਾਤ ਵਿੱਚ ਵਰਕਰਾਂ ਵਿੱਚ ਗੁੱਸਾ ਅਤੇ ਰੋਸ ਪੈਦਾ ਹੋਣਾ ਸੁਭਾਵਕ ਹੀ ਹੈ, ਜਿਸ ਕਰਕੇ ਐਕਸ਼ਨ ਕਮੇਟੀ ਨੇ ਫੈਸਲਾ ਕੀਤਾ ਕਿ ਜੇਕਰ ਵਰਕਰਾਂ ਦੇ ਇਸ ਗੰਭੀਰ ਮਸਲੇ ਨੂੰ ਨਜ਼ਰਅੰਦਾਜ ਕੀਤਾ ਗਿਆ ਤਾਂ 18 ਅਪ੍ਰੈਲ ਨੂੰ ਪੀ ਆਰ ਟੀ ਸੀ ਪਟਿਆਲਾ ਦੇ ਮੁੱਖ ਦਫਤਰ ਦੇ ਸਾਹਮਣੇ ਰੋਸ ਧਰਨਾ ਦਿੱਤਾ ਜਾਵੇਗਾ। ਇਸ ਧਰਨੇ ਵਿੱਚ ਵਿਸ਼ੇਸ਼ ਕਰਕੇ ਚੀਫ ਅਕਾਊਂਟਸ ਅਫਸਰ ਵੱਲੋਂ ਵਰਕਰਾਂ ਦੇ ਹਿੱਤਾਂ ਦੇ ਵਿਰੋਧ ਵਿੱਚ ਭੁਗਤਣ ਦਾ ਵੀ ਗੰਭੀਰ ਨੋਟਿਸ ਲਿਆ ਜਾਵੇਗਾ।

### ਜਲੰਧਰ ਦੀ ਚੋਣ 'ਕਰੋ ਜਾਂ ਮਰੋ' ...

ਚੇਅਰਮੈਨ ਸੁਰਿੰਦਰਜੀਤ ਸਿੰਘ ਚੱਠਾ, ਜ਼ਿਲ੍ਹਾ ਪ੍ਰੀਸ਼ਦ ਦੇ ਸਾਬਕਾ ਮੈਂਬਰ ਦਲਜੀਤ ਸਿੰਘ, ਸਾਬਕਾ ਚੇਅਰਮੈਨ ਅਮਰਜੀਤ ਸਿੰਘ ਸੋਹਲ, ਤਰਲੋਕ ਸਿੰਘ ਰੂਪਰਾ, ਐੱਮ ਸੀ ਕ੍ਰਾਂਤੀਜੀਤ, ਹਰਭਜਨ ਸਿੰਘ ਖਾਲਸਾ, ਮਹਿੰਦਰਪਾਲ ਸਿੰਘ ਟੁਰਨਾ, ਦਰਸ਼ਨ ਸਿੰਘ ਮਾਣਕਪੁਰ, ਸੰਤੋਖ ਸਿੰਘ ਸਰਪੰਚ ਨਵਾਂ ਪਿੰਡ ਅਤੇ ਜੋਗਿੰਦਰ ਸਿੰਘ ਉੱਪਲ ਆਦਿ ਨੇ ਸੰਬੋਧਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਲਬੀਰ ਸਿੰਘ ਜ਼ੀਰਾ, ਸੁਖਜੀਤ ਸਿੰਘ ਕਾਕਾ ਲੋਹਗੜ੍ਹ, ਜਗਦਰਸ਼ਨ ਕੌਰ ਧਰਮਕੋਟ, ਅਜਮੇਰ ਸਿੰਘ ਖਾਲਸਾ, ਗੁਲਜ਼ਾਰ ਸਿੰਘ ਥਿੰਦ, ਮੋਹਣ ਸਿੰਘ ਫੁੱਲ, ਅਲਵਿੰਦਰਪਾਲ ਸਿੰਘ ਨੀਟੂ, ਹਰਦੇਵ ਸਿੰਘ ਪੀਟਾ, ਸੰਦੀਪ ਸਿੰਘ ਖੈਹਰਾ, ਕਮਲ ਕੁਮਾਰ ਨਾਹਰ, ਗੁਰਮੱਖ ਸਿੰਘ ਬਹੁਗਣ, ਸੀਤਲ ਸਿੰਘ ਢਿੱਲੋਂ, ਸੁਖਦੀਪ ਸਿੰਘ ਕੰਗ ਪੀ ਏ , ਜਗਤਾਰ ਸਿੰਘ ਖਾਲਸਾ, ਨਛੱਤਰ ਸਿੰਘ ਸੱਤੀ ਤੇ ਲਹਿੰਬਰ ਸਿੰਘ ਪਹਿਲਵਾਨ ਆਦਿ ਹਾਜ਼ਰ ਸਨ।


# ਪੰਜਾਬ ਮੰਡੀ ਬੋਰਡ

**ਈ-ਟੈਂਡਰਿੰਗ ਨੋਟਿਸ ਨੰ. : 10 ਮਿਤੀ 10.4.2023**

ਦਫਤਰ ਕਾਰਜਕਾਰੀ ਇੰਜੀਨੀਅਰ (ਸ) ਪੰਜਾਬ ਮੰਡੀ ਬੋਰਡ ਤਰਨ ਤਾਰਨ ਵੱਲੋਂ ਮੰਡੀ ਝਬਾਲ ਦੇ ਫੜ੍ਹ ਦੀ ਮੁਰੰਮਤ/ਰਿਪੇਅਰ ਅਤੇ ਲਵਾਰਟਰੀ ਬਲਾਕ ਬਣਾਉਣ ਦੇ ਕੰਮਾਂ ਨੂੰ ਕਰਨ ਲਈ ਪੰਜਾਬ ਮੰਡੀ ਬੋਰਡ ਪਾਸੋਂ ਪ੍ਰਵਾਨਤ ਰਜਿਸਟਰਡ ਯੋਗ ਠੇਕੇਦਾਰਾਂ/ਫਰਮਾਂ/ਸਹਿਕਾਰੀ ਸਭਾਵਾਂ ਪਾਸੋਂ ਪ੍ਰਤੀਸ਼ਤ ਦਰ 'ਤੇ ਈ-ਟੈਂਡਰਿੰਗ ਸਾਈਟ http://eproc.punjab.gov.in ਰਾਹੀਂ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ।

ਇਸ ਟੈਂਡਰ ਨੋਟਿਸ ਦੇ ਨਿਯਮਾਂ ਅਤੇ ਸ਼ਰਤਾਂ ਸੰਬੰਧੀ ਹੋਰ ਜਾਣਕਾਰੀ ਲਈ ਪੰਜਾਬ ਸਰਕਾਰ ਦੀ ਈ-ਟੈਂਡਰਿੰਗ ਸਾਈਟ http://eproc.punjab.gov.in ਤੋਂ ਹਵਾਲਾ ਲਿਆ ਜਾ ਸਕਦਾ ਹੈ।

ਨੋਟ : ਕੋਰੀਜੰਡਮ ਕੇਵਲ http://eproc.punjab.gov.in ਵੈੱਬਸਾਈਟ 'ਤੇ ਹੀ ਜਾਰੀ ਕੀਤਾ ਜਾਵੇਗਾ।

ਸਹੀ/- ਕਾਰਜਕਾਰੀ ਇੰਜੀਨੀਅਰ (ਸ)
ਪੰਜਾਬ ਮੰਡੀ ਬੋਰਡ,
ਤਰਨ ਤਾਰਨ

No. 1905 Date :10/4/23



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਕਿਸਾਨ ਸਿਖਲਾਈ ਕੈਂਪਾਂ ਦਾ ਮੁੱਖ ਉਦੇਸ਼ ਫਸਲੀ ਬਦਲਾਅ ਲਈ ਪ੍ਰੇਰਿਤ ਕਰਨਾ: ਕਟਾਰੂਚੱਕ

**ਪਠਾਨਕੋਟ (ਦਵਿੰਦਰ ਸਿੰਘ)**-ਵਿਕਾਸ ਕਾਰਜਾਂ ਦੀ ਲੜੀ ਤਹਿਤ ਮਾਨਯੋਗ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਦੇ ਦਿਸ਼ਾ ਨਿਰਦੇਸ਼ਾਂ



ਅਧੀਨ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਜ਼ਿਲ੍ਹਾ ਪਠਾਨਕੋਟ ਵੱਲੋਂ ਆਤਮਾ ਦੇ ਸਹਿਯੋਗ ਨਾਲ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੋਆ ਵਿਖੇ ਲਗਾਇਆ ਗਿਆ। ਸਿਖਲਾਈ ਕੈਂਪ ਦੌਰਾਨ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ ਜ਼ਿਲ੍ਹਾ ਪਠਾਨਕੋਟ ਦੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਵੱਲੋਂ ਜਿਨ੍ਹਾਂ ਵਿੱਚ ਡਾ. ਰਜਿੰਦਰ ਕੁਮਾਰ ਮੁੱਖ ਖੇਤੀਬਾੜੀ ਅਫਸਰ ਪਠਾਨਕੋਟ ਅਤੇ ਹੋਰ ਅਧਿਕਾਰੀਆਂ ਨੇ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਸਵਾਗਤ ਕੀਤਾ ਅਤੇ ਮੁੱਖ ਮਹਿਮਾਨ ਵੱਲੋਂ ਰੀਬਨ ਕੱਟ ਕੇ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਦਾ ਸ਼ੁਭਅਰੰਭ ਕੀਤਾ ਗਿਆ। ਇਸ ਮੌਕੇ ਡਾ. ਅਵਤਾਰ ਸਿੰਘ ਸੰਯੁਕਤ ਡਾਇਰੈਕਟਰ ਖੇਤੀਬਾੜੀ (ਵਿਸਥਾਰ ਤੇ ਸਿਖਲਾਈ) ਵੀ ਹਾਜ਼ਰ ਸਨ।

ਕੈਂਪ ਦੌਰਾਨ ਸ਼੍ਰੀ ਕਟਾਰੂਚੱਕ ਨੇ ਕਿਹਾ ਕਿ ਇਸ ਵਾਰ ਕਿਸਾਨ ਸਿਖਲਾਈ ਕੈਂਪ ਵਿੱਚ ਵਿਸ਼ੇਸ਼ ਗੱਲ ਇਹ ਦੇਖਣ ਨੂੰ ਮਿਲੀ ਕਿ ਕਿਸਾਨੀ ਕਿੱਤੇ ਨਾਲ ਜੁੜੀਆਂ ਮਹਿਲਾਵਾਂ ਵੀ ਭਾਰੀ ਸੰਖਿਆ ਵਿੱਚ ਕਿਸਾਨ ਜਾਗਰੂਕਤਾ ਮੇਲੇ ਵਿੱਚ ਸ਼ਾਮਲ ਹੋਈਆਂ ਹਨ। ਉਨ੍ਹਾਂ ਕਿਹਾ ਕਿ ਇਹ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਪਾਣੀ ਦਾ ਪੱਧਰ ਬਹੁਤ ਨੀਵਾਂ ਜਾ ਰਿਹਾ ਹੈ ਅਤੇ ਸਰਕਾਰ ਦਾ ਉਪਰਾਲਾ ਹੈ ਕਿ ਕਿਸਾਨ ਫਸਲਾਂ ਅੰਦਰ ਬਦਲਾਅ ਲਿਆ ਕੇ ਦਿਨ ਪ੍ਰਤੀ ਦਿਨ ਡਿਗ ਰਹੇ ਜਲ ਪਧਿਰ ਦੀ ਸੰਭਾਲ ਕਰੀਏ। ਖੇਤੀਬਾੜ ਮੁੱਖ ਅਫਸਰ ਡਾ. ਰਜਿੰਦਰ ਕੁਮਾਰ ਅਤੇ ਹੋਰ ਅਧਿਕਾਰੀਆਂ ਵੱਲੋਂ ਮੁੱਖ ਮਹਿਮਾਨ ਨੂੰ ਯਾਦਗਾਰ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਖੇਤੀਬਾੜੀ ਵਿਭਾਗ ਵੱਲੋਂ ਜਿੱਥੇ ਕਿਸਾਨਾਂ ਨੂੰ ਆਧੁਨਿਕ ਮਸ਼ੀਨਰੀ ਬਾਰੇ ਜਾਗਰੂਕ ਕਰਨ ਲਈ ਵੱਖ ਵੱਖ ਵਿਭਾਗਾਂ ਵੱਲੋਂ ਸਟਾਲ ਲਗਾਏ ਗਏ ਸਨ ਉੱਥੇ ਹੀ ਸੈਲਫ ਹੈਲਪ ਗਰੁਪਾਂ ਵੱਲੋਂ ਵੀ ਘਰੇਲੂ ਸਾਮਾਨ ਆਪ ਤਿਆਰ ਕੀਤਾ ਗਿਆ। ਮੇਲੇ ਦੌਰਾਨ ਕੇ. ਵੀ. ਕੇ। ਘੋਹ ਤੋਂ ਡਿਪਟੀ ਡਾਇਰੈਕਟਰ ਡਾ. ਨਰਿੰਦਰਦੀਪ ਸਿੰਘ ਅਤੇ ਉਨ੍ਹਾਂ ਦੀ ਸਾਇੰਸਦਾਨਾਂ ਦੀ ਟੀਮ ਵੱਲੋਂ ਵਿਸ਼ੇਸ਼ ਜਾਣਕਾਰੀ ਦਿੱਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਜੈ ਕੁਮਾਰ ਕਟਾਰੂਚੱਕ ਜ਼ਿਲ੍ਹਾ ਮੀਡਿਆ ਕੋਆਰਡੀਨੇਟਰ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਨਰੇਸ਼ ਸੈਣੀ ਜ਼ਿਲ੍ਹਾ ਪ੍ਰਧਾਨ ਬੀਸੀ ਸੈੱਲ, ਪ੍ਰੇਮ ਸਿੰਘ, ਤਰਸੇਮ ਸਿੰਘ, ਰਾਜਾ ਬਕਨੌਰ, ਵਿੱਕੀ ਚੰਡੀਗੜ੍ਹੀਆ, ਸਾਹਿਲ ਸੈਣੀ, ਚੇਅਰਮੈਨ ਸੁਨੀਲ ਗੁਪਤਾ, ਵਿਕਾਸ, ਕੁਲਵੰਤ ਸਿੰਘ, ਮੀਤੂ ਧੋਬੜਾ, ਸੁਨੀਲ ਭੋਆ ਸਰਕਲ ਇੰਚਾਰਜ, ਸੋਨੂੰ ਸ਼ਰਮਾ, ਸੋਨੂੰ ਸੈਣੀ, ਸਰਪੰਚ ਰਾਜ ਕੁਮਾਰ ਅਤੇ ਖੇਤੀਬਾੜੀ ਮਾਹਿਰ ਅਤੇ ਭਾਰੀ ਸੰਖਿਆ ਵਿੱਚ ਜ਼ਿਲ੍ਹੇ ਦੇ ਕਿਸਾਨ ਹਾਜ਼ਰ ਸਨ।

# ਖ਼ਾਲਸਾ ਕਾਲਜ ਆਫ ਇੰਜੀਨੀਅਰਿੰਗ ਵਿਖੇ 'ਪ੍ਰਿੰਸੀਪਲ ਕਨਕਲੇਵ'



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਖ਼ਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਵਿਖੇ 24 ਪੀ. ਬੀ. ਬਟਾਲੀਅਨ ਵੱਲੋਂ 'ਪ੍ਰਿੰਸੀਪਲ ਕਨਕਲੇਵ' ਦਾ ਆਯੋਜਨ ਕੀਤਾ ਗਿਆ। ਕਾਲਜ ਡਾਇਰੈਕਟਰ ਡਾ. ਮੰਜੂ ਬਾਲਾ ਦੀ ਅਗਵਾਈ 'ਚ ਕਰਵਾਈ ਗਈ ਇਸ ਮੀਟਿੰਗ 'ਚ ਜ਼ਿਲ੍ਹੇ ਦੇ 30 ਕਾਲਜਾਂ ਦੇ ਪ੍ਰਿੰਸੀਪਲ, ਏਐੱਨਓਜ਼ ਅਤੇ ਸੀਟੀਓਜ਼ ਨੇ ਭਾਗ ਲਿਆ। ਇਸ ਮੌਕੇ ਕਰਨਲ ਅਲੋਕ ਧਾਮੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੀਟਿੰਗ ਦਾ ਮਕਸਦ ਐੱਨ. ਸੀ. ਸੀ. ਬਾਰੇ ਜਾਣਕਾਰੀ ਫੈਲਾਉਣਾ ਸੀ। ਉਨ੍ਹਾਂ ਕਿਹਾ ਕਿ ਹਰ ਸਾਲ ਐਨ. ਸੀ. ਸੀ. ਕੈਡਿਟਾਂ ਵਜੋਂ ਵੱਡੀ ਗਿਣਤੀ 'ਚ ਵਿਦਿਆਰਥੀ ਭਰਤੀ ਹੁੰਦੇ ਹਨ, ਫਿਰ ਵੀ ਬਹੁਤ ਸਾਰੇ ਕਾਲਜ ਐੱਨ. ਸੀ. ਸੀ. ਦੇ ਲਾਭਾਂ ਬਾਰੇ ਜਾਣੂ ਨਹੀਂ ਹਨ। ਉਨ੍ਹਾਂ ਕਿਹਾ ਕਿ ਸਰਹੱਦੀ ਖੇਤਰ ਨਾਲ ਸਬੰਧਿਤ ਵਿਦਿਆਰਥੀਆਂ ਨੂੰ ਮੁਫ਼ਤ ਕੱਪੜੇ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਕਾਲਜ ਦੇ ਟਾਈਮ ਟੇਬਲ 'ਚ ਵੱਖਰਾ ਐੱਨ. ਸੀ. ਸੀ. ਲੈਕਚਰ ਹੋਣਾ ਚਾਹੀਦਾ ਹੈ। ਇਸ ਮੌਕੇ ਡਾ. ਮੰਜੂ ਬਾਲਾ ਨੇ ਕਿਹਾ ਕਿ ਅਜਿਹੀਆਂ ਮੀਟਿੰਗਾਂ ਨਿਯਮਿਤ ਤੌਰ 'ਤੇ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਐੱਨ. ਸੀ. ਸੀ. ਕੈਂਪਾਂ ਦੌਰਾਨ ਕਾਲਜਾਂ ਨੂੰ ਦਰਪੇਸ਼ ਵੱਖ-ਵੱਖ ਸਮੱਸਿਆਵਾਂ ਨੂੰ ਐੱਨ. ਸੀ. ਸੀ. ਅਧਿਕਾਰੀਆਂ ਨਾਲ ਵਿਚਾਰਿਆ ਜਾ ਸਕੇ ਅਤੇ ਉਨ੍ਹਾਂ ਦੇ ਹੱਲ ਲਈ ਕੰਮ ਕੀਤਾ ਜਾ ਸਕੇ। ਇਸ ਸੰਮੇਲਨ ਦੌਰਾਨ ਕਰਨਲ ਧਾਮੀ ਦੇ ਨਾਲ ਸੂਬੇਦਾਰ ਮੇਜਰ ਮਨੀਰਾਮ ਅਤੇ ਪ੍ਰਸ਼ਾਸਨਿਕ ਅਧਿਕਾਰੀ ਵਿਜੇ ਵੀ ਹਾਜ਼ਰ ਸਨ।

# ਸੇਂਟ ਕਬੀਰ ਸਕੂਲ ਦੀ ਅਧਿਆਪਕਾ ਬਲਜਿੰਦਰ ਕੌਰ ਤੇ ਸਕਿਓਰਟੀ ਮੈਂਬਰ ਰਾਜਿੰਦਰ ਸਿੰਘ ਨੂੰ ਸਨੇਹ ਭਰੀ ਵਿਦਾਇਗੀ




**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਵਿਦਾਇਗੀ ਜ਼ਿੰਦਗੀ ਦਾ ਦਸਤੂਰ ਹੈ ਅਤੇ ਇੱਕ ਅਜਿਹਾ ਮੌਕਾ ਹੁੰਦੈ ਜਿਸ ਵਿੱਚ ਖ਼ੁਸ਼ੀ ਤੇ ਗਮੀ ਦੇ ਭਾਵ ਇਕੱਠਿਆਂ ਹੀ ਮਹਿਸੂਸ ਹੁੰਦੇ ਹਨ। ਅਜਿਹੇ ਪਲਾਂ ਨੂੰ ਮਾਣਦਿਆਂ ਹੋਇਆਂ ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਦੇ ਦੋ ਕਰਮਚਾਰੀਆਂ ਅਧਿਆਪਕਾ ਬਲਵਿੰਦਰ ਕੌਰ ਮੱਲ੍ਹੀਆਂ (ਪੰਜਾਬੀ ਵਿਭਾਗ ਅਧਿਆਪਕ) ਅਤੇ ਸਕਿਓਰਟੀ ਮੈਂਬਰ ਰਾਜਿੰਦਰ ਸਿੰਘ ਸਠਿਆਲੀ ਨੂੰ ਨਿੱਘੇ ਭਾਵਾਂ ਨਾਲ ਵਿਦਾਇਗੀ ਦਿੱਤੀ ਗਈ। ਇਸ ਸਬੰਧੀ ਸਕੂਲ ਪ੍ਰਿੰਸੀਪਲ ਐੱਸ. ਬੀ. ਨਾਯਰ ਦੀ ਰਹਿਨੁਮਾਈ ਹੇਠ ਸ਼ਾਨਦਾਰ ਪ੍ਰੋਗਰਾਮ ਅਯੋਜਿਤ ਕੀਤਾ ਗਿਆ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਅਧਿਆਪਕਾ ਬਲਵਿੰਦਰ ਕੌਰ ਮੱਲ੍ਹੀਆਂ ਅਤੇ ਸਕਿਓਰਟੀ ਮੈਂਬਰ ਰਾਜਿੰਦਰ ਸਿੰਘ ਸ਼ਾਮਲ ਹੋਏ। ਮੁੱਖ ਮਹਿਮਾਨਾਂ ਦਾ ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਨਾਯਰ , ਮੈਨੇਜਮੈਂਟ ਮੈਂਬਰ ਨਵਦੀਪ ਕੌਰ ਤੇ ਕੁਲਦੀਪ ਕੌਰ, ਸਮੂਹ ਸਟਾਫ ਮੈਂਬਰਾਂ ਤੇ ਸਕੂਲੀ ਵਿਦਿਆਰਥੀਆਂ ਵਲੋਂ ਭਰਵਾਂ ਸੁਆਗਤ ਕੀਤਾ ਗਿਆ। ਉਪਰੰਤ ਪੰਜਾਬੀ ਵਿਭਾਗ ਦੇ ਅਧਿਆਪਕਾ ਕਿਰਨ ਬਾਲਾ ਤੇ ਰਵਿੰਦਰ ਕੌਰ ਨੇ ਬਲਜਿੰਦਰ ਕੌਰ ਦੇ ਸਕੂਲ ਵਿੱਚ ਬਿਤਾਏ ਪਿਛਲੇ 22 ਸਾਲਾਂ (2001 ਤੋਂ 2023) ਦੀਆਂ ਕੁੱਝ ਅਨਮੋਲ ਯਾਦਾਂ ਨੂੰ ਸਾਰਿਆਂ ਦੇ ਸਨਮੁੱਖ ਰੱਖਿਆ। ਪ੍ਰੋਗਰਾਮ ਨੂੰ ਅੱਗੇ ਤੋਰਦੇ ਹੋਏ ਅਧਿਆਪਕਾ ਜਸਵਿੰਦਰ ਕੌਰ ਤੇ ਨਿਸ਼ਾ ਸੱਘੜ ਨੇ ਸਕਿਓਰਟੀ ਮੈਂਬਰ ਰਾਜਿੰਦਰ ਸਿੰਘ ਦੁਆਰਾ ਸਕੂਲ ਵਿੱਚ ਪਿਛਲੇ 11 ਸਾਲਾਂ ਤੋਂ (2011-2023) ਪੂਰੀ ਇਮਾਨਦਾਰੀ ਨਾਲ ਨਿਭਾਈਆਂ ਬਾਖੂਬੀ ਸੇਵਾਵਾਂ ਬਾਰੇ ਜਾਣਕਾਰੀ ਦਿੰਦਿਆਂ ਸਾਰਿਆਂ ਨੂੰ ਉਨ੍ਹਾਂ ਦੀ ਮਿਸਾਲ ਦਿੱਤੀ। ਉਨ੍ਹਾ ਦੱਸਿਆ ਕਿ ਰਜਿੰਦਰ ਸਿੰਘ ਸੇਂਟ ਕਬੀਰ ਸਕੂਲ ਦੇ ਸਭ ਤੋਂ ਪਹਿਲੇ ਗੇਟ ਕੀਪਰ (ਚੌਕੀਦਾਰ) ਹਨ। ਅੱਜ ਤੱਕ ਉਨ੍ਹਾਂ ਨੇ ਸ਼ਿੱਦਤ ਤੇ ਜ਼ਿੰਮੇਵਾਰੀ ਨਾਲ ਆਪਣੀ ਇਹ ਡਿਊਟੀ ਨਿਭਾਈ ਹੈ। ਇਸ ਮੌਕੇ ਬਲਜਿੰਦਰ ਕੌਰ ਤੇ ਰਜਿੰਦਰ ਸਿੰਘ ਨੇ ਸਕੂਲ ਵੱਲੋਂ ਮਿਲੇ ਸਨਮਾਨ ਤੇ ਸਤਿਕਾਰ ਲਈ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਪ੍ਰੋਗਰਾਮ ਦੇ ਅੰਤ ਵਿਚ ਸਕੂਲ ਵਲੋਂ ਪੰਜਾਬੀ ਬਲਜਿੰਦਰ ਕੌਰ ਤੇ ਰਾਜਿੰਦਰ ਸਿੰਘ ਨੂੰ ਸੇਵਾ ਮੁਕਤੀ 'ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਿੰ. ਐਸ. ਬੀ. ਨਾਯਰ ਵਲੋਂ ਉਨ੍ਹਾਂ ਲਈ ਆਉਣ ਵਾਲੇ ਸਮੇਂ ਵਿੱਚ ਚੰਗੀ ਸਿਹਤ ਤੇ ਚੜ੍ਹਦੀ ਕਲਾ ਵਿੱਚ ਰਹਿਣ ਦੀਆਂ ਸ਼ੁੱਭ ਇੱਛਾਵਾਂ ਜ਼ਾਹਰ ਕੀਤੀਆਂ ਅਤੇ ਸਕੂਲ ਵਿੱਚ ਹਮੇਸ਼ਾ ਆਉਂਦੇ ਜਾਂਦੇ ਰਹਿਣ ਦੀ ਮਨੋਕਾਮਨਾ ਕੀਤੀ।

# ਹਰਭਾਲ ਸਿੰਘ ਸਰਬਸੰਮਤੀ ਨਾਲ ਕੁਸ਼ਤੀ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਬਣੇ



**ਤਰਨਤਾਰਨ (ਸਾਗਰਦੀਪ ਸਿੰਘ ਅਰੋੜਾ)**-ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਮੱਲ੍ਹੀਆਂ ਵਿਖੇ ਕੁਸ਼ਤੀ ਐਸੋਸੀਏਸ਼ਨ ਦੀ ਪਲੇਠੀ ਦੀ ਮੀਟਿੰਗ ਹੋਈ ਜਿਸ ਵਿੱਚ ਜ਼ਿਲ੍ਹੇ ਭਰ ਦੇ ਪਹਿਲਵਾਨਾਂ ਨੇ ਸ਼ਿਰਕਤ ਕੀਤੀ ਜਦਕਿ ਮੀਟਿੰਗ 'ਚ ਕੁਸ਼ਤੀ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਪਦਮਸ਼੍ਰੀ ਕਰਤਾਰ ਸਿੰਘ ਪਹਿਲਵਾਨ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੀਟਿੰਗ ਵਿੱਚ ਨੌਜਵਾਨਾਂ ਨੂੰ ਨਸ਼ੇ ਛੱਡ ਕੇ ਖੇਡਾਂ ਤੇ ਗਰਾਊਂਡਾਂ ਨਾਲ ਜੋੜਨ ਲਈ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਰਬਸੰਮਤੀ ਨਾਲ ਜ਼ਿਲ੍ਹਾ ਬਾਡੀ ਦੀ ਚੋਣ ਕੀਤੀ ਗਈ ਜਿਸ ਵਿੱਚ ਹਰਭਾਲ ਸਿੰਘ ਨੂੰ ਸਰਬਸੰਮਤੀ ਨਾਲ ਕੁਸ਼ਤੀ ਐਸੋਸੀਏਸ਼ਨ ਦਾ ਜ਼ਿਲ੍ਹਾ ਪ੍ਰਧਾਨ ਥਾਪਿਆ ਗਿਆ। ਮੀਟਿੰਗ ਨੂੰ ਸਬੋਧਨ ਕਰਦਿਆਂ ਪੰਜਾਬ ਪ੍ਰਧਾਨ ਕਰਤਾਰ ਸਿੰਘ ਪਹਿਲਵਾਨ ਨੇ ਕਿਹਾ ਕਿ ਅੱਜ ਦਾ ਨੌਜਵਾਨ ਨਸ਼ੇ ਦੇ ਦਲਦਲ 'ਚ ਫਸ ਕੇ ਆਪਣੀ ਜੁਆਨੀ ਗਾਲ ਰਿਹੈ। ਉਨ੍ਹਾਂ ਕਿਹਾ ਕਿ ਅੱਜ ਤੋਂ ਤਕਰੀਬਨ 20 ਸਾਲ ਪਹਿਲਾਂ ਪੰਜਾਬ ਖੇਡਾਂ ਵਿੱਚੋਂ ਅੱਵਲ ਦਰਜੇ 'ਤੇ ਹੁੰਦਾ ਸੀ ਤੇ ਪੰਜਾਬ ਦੇ ਨੌਜਵਾਨਾਂ ਨੇ ਸੋਨੇ ਦੇ ਤਮਗੇ ਹਾਸਲ ਕੀਤੇ ਸੀ ਪਰ ਅੱਜ ਪੰਜਾਬ ਖੇਡਾਂ 'ਚ ਪੱਛੜਦਾ ਜਾ ਰਿਹਾ ਹੈ ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਮੀਟਿੰਗ 'ਚ ਬੋਲਦਿਆਂ ਨਵ ਨਿਯੁਕਤ ਪ੍ਰਧਾਨ ਹਰਭਾਲ ਸਿੰਘ ਨੇ ਕਿਹਾ ਕਿ ਐਸੋਸੀਏਸ਼ਨ ਵੱਲੋਂ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ ਉਸਨੂੰ ਉਹ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ ਤੇ ਨੌਜਵਾਨਾਂ ਨੂੰ ਅਖਾੜੇ ਨਾਲ ਜੋੜਨ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਐੱਨਆਰਆਈ ਵੀਰਾਂ ਨਾਲ ਵੀ ਸੰਪਰਕ ਕੀਤਾ ਜਾਵੇਗਾ ਤੇ ਨੌਜਵਾਨਾਂ ਨੂੰ ਅਖਾੜੇ ਨਾਲ ਜੋੜਨ ਲਈ ਟੂਰਨਾਮੈਂਟ ਤੇ ਦੰਗਲ ਵੀ ਕਰਵਾਏ ਜਾਣਗੇ ਤੇ ਉਨ੍ਹਾਂ ਨੂੰ ਇਨਾਮ ਵੀ ਦਿੱਤੇ ਜਾਣਗੇ। ਅਖੀਰ ਪੰਜਾਬ ਪ੍ਰਧਾਨ ਵੱਲੋਂ ਨਵੇਂ ਬਣੇ ਅਹੁਦੇਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜੱਜ ਸਿੰਘ ਨੂੰ ਜਨਰਲ ਸਕੱਤਰ, ਰਵਿੰਦਰ ਸਿੰਘ ਠੱਠੂ ਖਜ਼ਾਨਚੀ, ਗੁਰਮੁੱਖ ਸਿੰਘ ਖੈਰਦੀ ਸੀਨੀਅਰ ਮੀਤ ਪ੍ਰਧਾਨ, ਕਿਰਨਜੀਤ ਸਿੰਘ ਮੱਲ੍ਹੀਆਂ, ਮਨਜਿੰਦਰ ਸਿੰਘ ਬਿੱਟੂ ਨੂੰ ਜੁਆਇੰਟ ਸੈਕਟਰੀ, ਵਾਈਸ ਪ੍ਰਧਾਨ ਹਰਪਾਲ ਸਿੰਘ ਪੱਟੀ, ਨਿਰਵੈਲ ਸਿੰਘ ਸੰਘਾ, ਕਿਰਪਾਲ ਸਿੰਘ, ਗੁਰਵਿੰਦਰ ਸਿੰਘ, ਸੁਖਜਿੰਦਰ ਸਿੰਘ ਪਲਾਸੌਰ, ਐਗਜ਼ੈਕਟਿਵ ਮੈਂਬਰ ਅਸ਼ੋਕ ਕੁਮਾਰ ਵੱਲੀਪੁਰ, ਹਰਜਿੰਦਰ ਸਿੰਘ, ਸ਼ਿਵ ਕੁਮਾਰ, ਤੇਜਿੰਦਰ ਸਿੰਘ ਵਿੱਕੀ, ਗੁਰਸਾਹਿਬ ਸਿੰਘ, ਸਤਨਾਮ ਸਿੰਘ, ਕੇਵਲ ਸਿੰਘ, ਡਾ. ਕੁਲਦੀਪ ਸਿੰਘ ਰੰਧਾਵਾ ਅਤੇ ਗੁਰਦੀਪ ਸਿੰਘ ਆਦਿ ਨੂੰ ਨਿਯੁਕਤ ਕੀਤਾ।

# ਵਿਸਾਖੀ ਦੇ ਮੱਦੇਨਜ਼ਰ ਨਿੱਕੇ ਘੁੰਮਣ ਵਿਖੇ ਸਰੋਵਰ ਦੀ ਸਾਫ-ਸਫਾਈ ਕਰਵਾਈ



**ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)**-ਖਾਲਸਾ ਪੰਥ ਦਾ ਜਨਮ ਦਿਹਾੜਾ ਦੇਸ਼ ਵਿਦੇਸ਼ ਦੀਆਂ ਸੰਗਤਾਂ ਬੜੀ ਸ਼ਰਧਾ ਭਾਵਨਾ ਨਾਲ ਮਨਾਉਂਦੀਆਂ ਹਨ ਅਤੇ ਵਿਸਾਖੀ ਦੇ ਦਿਹਾੜੇ 'ਤੇ ਧਾਰਮਿਕ ਸਥਾਨਾਂ 'ਤੇ ਜਾ ਕੇ ਇਸ਼ਨਾਨ ਕਰਦੀਆਂ ਹਨ। ਵਿਸਾਖੀ ਦਾ ਦਿਹਾੜਾ ਜ਼ਿਲਾ ਗੁਰਦਾਸਪੁਰ ਦਾ ਸਭ ਤੋਂ ਮਸ਼ਹੂਰ ਤਪੋ ਭੂਮੀ ਗੁਰਦੁਆਰਾ ਤਪ ਅਸਥਾਨ ਸੰਤ ਬਾਬਾ ਹਜ਼ਾਰਾ ਸਿੰਘ ਨਿੱਕੇ ਘੁੰਮਣ ਵਿਖੇ ਬਾਬਾ ਅਮਰੀਕ ਸਿੰਘ ਜੀ ਕਾਰ ਸੇਵਾ ਵਾਲੇ ਸਮੂਹ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਵੱਡੇ ਪੱਧਰ 'ਤੇ ਵਿਸਾਖੀ ਦਾ ਦਿਹਾੜਾ ਮਨਾਉਂਦੇ ਹਨ। ਸੰਗਤਾਂ ਦੀ ਆਮਦ ਤੇ ਸੂਲਤ ਨੂੰ ਮੱਦੇਨਜ਼ਰ ਰੱਖਦੇ ਹੋਏ ਬਾਬਾ ਅਮਰੀਕ ਸਿੰਘ ਵੱਲੋਂ ਸੰਗਤਾਂ ਨਾਲ ਸਰੋਵਰ ਦੀ ਸਫ਼ਾਈ ਕਰਵਾਈ ਗਈ ਜਿਸ ਵਿੱਚ ਸਰੋਵਰ ਵਿੱਚ ਕਲੀ ਅਤੇ ਦਵਾਈ ਦਾ ਇਸਤੇਮਾਲ ਕੀਤਾ ਗਿਆ। ਬਾਬਾ ਅਮਰੀਕ ਸਿੰਘ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਵਿਸਾਖੀ ਦੇ ਦਿਹਾੜੇ 'ਤੇ ਅੰਮ੍ਰਿਤ ਵੇਲੇ ਤੋਂ ਹੀ ਹਜ਼ਾਰਾਂ ਸੰਗਤਾਂ ਇਸ ਸਰੋਵਰ ਵਿੱਚ ਇਸ਼ਨਾਨ ਕਰਦੀਆਂ ਹਨ ਅਤੇ ਸੰਗਤਾਂ ਦੀ ਸਹੂਲਤ ਲਈ ਕਿ ਕੋਈ ਸ਼ਰਧਾਲੂ ਇਸ਼ਨਾਨ ਕਰਦੇ ਸਮੇਂ ਤਿਲਕ ਨਾ ਜਾਵੇ ਅਤੇ ਕਿਸੇ ਤਰ੍ਹਾਂ ਦੀ ਕੋਈ ਸੱਟ ਆਦਿ ਨਾ ਲੱਗੇ। ਬਾਬਾ ਅਮਰੀਕ ਸਿੰਘ ਨੇ ਦੱਸਿਆ ਕਿ ਵਿਸਾਖੀ ਦੇ ਦਿਹਾੜੇ 'ਤੇ ਅੰਮ੍ਰਿਤ ਵੇਲੇ ਤੋਂ ਹੀ ਗੁਰਬਾਣੀ ਦਾ ਕੀਰਤਨ ਚੱਲੇਗਾ ਅਤੇ ਸਾਰਾ ਦਿਨ ਦੀਵਾਨ ਸਜੇ ਰਹਿਣਗੇ। ਖਾਲਸੇ ਦੇ ਪ੍ਰਗਟ ਦਿਹਾੜੇ 'ਤੇ ਅੰਮ੍ਰਿਤ ਸੰਚਾਰ ਵੀ ਹੋਵੇਗਾ। ਵੱਧ ਤੋਂ ਵੱਧ ਸੰਗਤਾਂ ਅੰਮ੍ਰਿਤ ਦੀ ਦਾਤ ਲੈ ਕੇ ਗੁਰੂ ਵਾਲੀਆਂ ਬਣਨ।

# ਕਿਰਤੋਵਾਲ ਖੁਰਦ ਦੇ ਦਰਜਨਾਂ ਪਰਿਵਾਰਾਂ ਵੱਲੋਂ 'ਆਪ' 'ਚ ਸ਼ਮੂਲੀਅਤ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਪਿੰਡ ਕਿਰਤੋਵਾਲ ਖੁਰਦ ਵਿਖੇ ਦਰਜਨਾਂ ਪਰਿਵਾਰਾਂ ਨੇ ਕਾਂਗਰਸ ਅਤੇ ਅਕਾਲੀ ਦਲ ਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਕੇ ਆਪ ਦਾ ਝਾੜੂ ਚੁੱਕ ਲਿਆ। ਸੀਨੀਅਰ ਆਗੂ ਤਰਸੇਮ ਸਿੰਘ ਸੋਨੂੰ ਦੀ ਅਗਵਾਈ ਵਿੱਚ ਹੋਏ ਪ੍ਰਭਾਵਸ਼ਾਲੀ ਸਮਾਗਮ ਵਿੱਚ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ ਅਤੇ ਪਾਰਟੀ 'ਚ ਆਏ ਪਰਿਵਾਰਾਂ ਦੇ ਮੁਖੀਆਂ ਨੂੰ ਜੀ ਆਇਆਂ ਕਿਹਾ। ਆਪਣੇ ਸੰਬੋਧਨ ਦੌਰਾਨ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਮਾਨ ਸਰਕਾਰ ਦੀਆਂ ਲੋਕਪੱਖੀ ਨੀਤੀਆਂ ਤੋ ਪੰਜਾਬ ਵਾਸੀ ਪੂਰਨ ਤੌਰ 'ਤੇ ਖੁਸ਼ ਹਨ ਉਨ੍ਹਾਂ ਕਿਹਾ ਕਿ ਚੋਣ ਮਨੋਰਥ ਪੱਤਰ ਵਿੱਚ ਦਰਸਾਏ ਵਾਅਦੇ ਸਰਕਾਰ ਬਣਨ ਮਗਰੋਂ ਹੀ ਵਫਾ ਹੋਣੇ ਸ਼ੁਰੂ ਹੋ ਗਏ ਸਨ। ਇਸ ਤੋਂ ਇਲਾਵਾ ਰਿਸ਼ਵਤਖੋਰੀ, ਸਿਆਸੀ ਬਦਲਾਖੋਰੀ ਅਤੇ ਨਜਾਇਜ਼ ਪਰਚਿਆਂ ਦੇ ਪ੍ਰਚਲਨ ਨੂੰ ਖਤਮ ਵਿੱਚ ਆਮ ਆਦਮੀ ਪਾਰਟੀ ਪੂਰੀ ਕਾਮਯਾਬ ਰਹੀ। ਇਸ ਦੇ ਨਾਲ ਹੀ ਮੁਫਤ ਇਲਾਜ ਦੇ ਨਾਲ ਨਾਲ ਮਿਆਰੀ ਸਿੱਖਿਆ ਦਾ ਵਚਨਬੱਧਤਾ ਨੂੰ ਅਮਲੀਜਾਮਾ ਪਹਿਨਾਇਆ ਜਾ ਰਿਹਾ ਹੈ। ਇਨ੍ਹਾਂ ਮਿਸਾਲੀ ਕੰਮਾਂ ਕਰਕੇ ਹੀ ਲੋਕ ਧੜਾਧੜ ਆਪ 'ਚ ਸ਼ਾਮਲ ਹੋ ਰਹੇ ਹਨ। ਸ਼ਾਮਲ ਹੋਏ ਵਿਅਕਤੀਆਂ ਸਬੰਧੀ ਉਨ੍ਹਾਂ ਕਿਹਾ ਕਿ ਪਾਰਟੀ ਅੰਦਰ ਉਨ੍ਹਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਸਰਮੁਖ ਸਿੰਘ, ਸੁਖਦੇਵ ਸਿੰਘ, ਗੋਰਾ ਸਿੰਘ, ਮੰਗਲ ਸਿੰਘ, ਬੱਬੂ ਸਿੰਘ, ਜਗਤਾਰ ਸਿੰਘ, ਗੁਰਸੇਵਕ ਸਿੰਘ, ਨਵਜੀਤ ਸਿੰਘ, ਜਗਜੀਤ ਸਿੰਘ, ਲਾਡੀ ਸਿੰਘ, ਸਰਵਨ ਸਿੰਘ, ਬਿੱਕਰ ਸਿੰਘ, ਮੱਘਰ ਸਿੰਘ, ਖਜਾਨ ਸਿੰਘ, ਸੁਖਬੀਰ ਸਿੰਘ, ਜੋਗਾ ਸਿੰਘ, ਸੁਖਜਿੰਦਰ ਸਿੰਘ, ਸਰਬਜੀਤ ਸਿੰਘ, ਤਰਸੇਮ ਸਿੰਘ, ਗੁਰਲਾਲ ਸਿੰਘ ਅਤੇ ਮਨਜੀਤ ਸਿੰਘ ਆਦਿ ਹਾਜ਼ਰ ਸਨ।

# ਸਾਇੰਸ ਉਲੰਪਿਆਡ ਪ੍ਰੀਖਿਆ -2023 'ਚ ਬੱਚਿਆਂ ਨੇ ਮਾਰੀਆਂ ਮੱਲਾਂ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਚੀਫ਼ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਦੇ 104 ਵਿਦਿਆਰਥੀਆਂ ਨੇ ਸਾਇੰਸ ਉਲੰਪਿਆਡ ਫਾਊਂਡੇਸ਼ਨ, ਨਵੀਂ ਦਿੱਲੀ ਵੱਲੋਂ ਕਰਵਾਈ ਗਈ ਪ੍ਰਤੀਯੋਗੀ ਪ੍ਰੀਖਿਆ ਵਿੱਚ ਭਾਗ ਲਿਆ ਜਿਨ੍ਹਾਂ ਵਿੱਚੋਂ 31 ਵਿਦਿਆਰਥੀਆਂ ਨੇ ਐਕਸੀਲੈਂਸ ਆਫ਼ ਗੋਲਡ ਮੈਡਲ ਹਾਸਲ ਕੀਤੇ। ਸਕੂਲ ਦੇ ਪ੍ਰਿੰਸੀਪਲ ਉਰਮਿੰਦਰ ਕੌਰ ਨੇ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਅਤੇ ਭਵਿੱਖ ਵਿਚ ਵੀ ਇਸੇ ਤਰ੍ਹਾਂ ਮਿਹਨਤ ਕਰਕੇ ਹੋਰ ਬੁਲੰਦੀਆਂ ਨੂੰ ਛੂਹਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਸਕੂਲ ਦੀ ਸਮੂਹ ਮੈਨੇਜਮੈਂਟ ਅਤੇ ਪ੍ਰਿੰਸੀਪਲ ਨੇ ਬੱਚਿਆਂ ਦੀ ਇਸ ਸ਼ਾਨਦਾਰ ਸਫਲਤਾ ਤੇ ਵਧਾਈ ਦਿੱਤੀ ਅਤੇ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੋਤਸਾਹਿਤ ਕੀਤਾ।

# ਅਮਰੀਕਾ 'ਚ ਗੁੱਜਰਪੁਰਾ ਪਰਿਵਾਰ ਦੇ ਗ੍ਰਹਿ ਵਿਖੇ ਬਾਬਾ ਸੁਰ ਸਿੰਘ ਵਾਲਿਆਂ ਪਾਏ ਚਰਨ

**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**-ਮਾਝੇ ਦੇ ਅਹਿਮ ਧਾਰਮਿਕ ਤੇ ਰਾਜਸੀ ਸ਼ਖਸੀਅਤ ਜਥੇਦਾਰ ਸਾਹਿਬ ਸਿੰਘ ਗੁੱਜਰਪੁਰਾ ਦੇ ਕੈਲੀਫੋਰਨੀਆ ਨੇੜੇ ਮਨਟਿਕ ਸ਼ਹਿਰ ਅਮਰੀਕਾ ਵਿੱਚ ਰਹਿੰਦੇ ਪਰਿਵਾਰ ਜਿਸ ਵਿੱਚ ਉਨ੍ਹਾਂ ਦੀ ਮਾਤਾ ਪ੍ਰੀਤਮ ਕੌਰ ਤੇ ਵੱਡੇ ਸਵਰਗੀ ਭਰਾ ਪ੍ਰੇਮ ਸਿੰਘ ਗੁੱਜਰਪੁਰਾ ਦੀ ਧਰਮ ਪਤਨੀ ਬਲਵਿੰਦਰ ਕੌਰ ਤੇ ਪੁੱਤਰ ਸੁਰਿੰਦਰ ਸਿੰਘ, ਅਮ੍ਰਿਤਪਾਲ ਸਿੰਘ,



ਬਿਕਰਮਜੀਤ ਸਿੰਘ ਤੇ ਗੁਰਸੇਵਕ ਸਿੰਘ ਵੱਲੋਂ ਸੰਤ ਬਾਬਾ ਅਵਤਾਰ ਸਿੰਘ ਸੁਰ ਸਿੰਘ ਮੁਖੀ ਦਲ ਬਾਬਾ ਬਿਧੀ ਚੰਦ ਜੀ ਨੂੰ ਬੇਨਤੀ ਕੀਤੀ ਸੀ ਕਿ ਜਦੋਂ ਵੀ ਬਾਬਾ ਜੀ ਅਮਰੀਕਾ ਵਿਖੇ ਆਉਣ ਤਾਂ ਉਨ੍ਹਾਂ ਦੇ ਘਰ ਚਰਨ ਜ਼ਰੂਰ ਪਾਉਣ। ਬਾਬਾ ਸੁਰ ਸਿੰਘ ਵਾਲਿਆਂ ਗੁੱਜਰਪੁਰਾ ਪਰਿਵਾਰ ਦੇ ਸੱਦੇ 'ਤੇ ਉਨ੍ਹਾਂ ਦੇ ਗ੍ਰਹਿ ਵਿਖੇ ਚਰਨ ਪਾਏ। ਗੁੱਜਰਪੁਰਾ ਪਰਿਵਾਰ ਵੱਲੋਂ ਵਿਦੇਸ਼ ਵਿੱਚ ਰਹਿੰਦੇ ਹੋਏ ਵੀ ਸਿੱਖੀ ਸੰਭਾਲ ਕੇ ਰੱਖਣ 'ਤੇ ਬਾਬਾ ਜੀ ਨੇ ਸਮੁੱਚੇ ਪਰਿਵਾਰ ਨੂੰ ਅਸ਼ੀਰਵਾਦ ਦਿੱਤਾ ਤੇ ਕਿਹਾ ਕਿ ਇਹੋ ਜਿਹੇ ਪਰਿਵਾਰ ਬਹੁਤ ਘੱਟ ਹਨ ਜੋ ਸੱਤ ਸਮੁੰਦਰੋਂ ਪਾਰ ਰਹਿ ਕੇ ਵੀ ਆਪਣਾ ਵਿਰਸਾ ਤੇ ਧਰਮ ਸੰਭਾਲ ਕੇ ਰੱਖ ਰਹੇ ਹਨ। ਇਸ ਨੇਕ ਕਾਰਜ ਲਈ ਵੀ ਗੁੱਜਰਪੁਰਾ ਪਰਿਵਾਰ ਦੀ ਮਾਤਾ ਸਿਰ ਤਾਜ ਬੱਝਦਾ ਹੈ। ਬਾਬਾ ਜੀ ਨੇ ਵਿਦੇਸ਼ਾਂ ਵਿੱਚ ਰੋਜ਼ੀ-ਰੋਟੀ ਲਈ ਗਏ ਪਰਿਵਾਰ ਨੂੰ ਬਚਨ ਬਿਲਾਸ ਕਰਦਿਆਂ ਕਿਹਾ ਕਿ ਪੰਜਾਬੀ ਆਪਣੇ ਬੱਚਿਆਂ ਨੂੰ ਨਸ਼ਿਆਂ ਤੇ ਪਤਿਤਪੁਣੇ ਤੋਂ ਬਚਾ ਕੇ ਸਾਬਤ ਸੂਰਤ ਗੁਰੂ ਦਾ ਸਿੱਖ ਬਣਾਉਣ ਤਾਂ ਜੋ ਪੂਰੀ ਦੁਨੀਆ ਅੰਦਰ ਸਿੱਖ ਧਰਮ ਦੀਆਂ ਜੜ੍ਹਾਂ ਹੋਰ ਵੀ ਮਜ਼ਬੂਤ ਹੋ ਸਕਣ।

# ਗੋਸਵਾਮੀ ਸ੍ਰੀ ਗੁਰੂ ਨਾਭਾ ਦਾਸ ਦਾ ਜਨਮ ਦਿਹਾੜਾ ਮਨਾਇਆ



**ਗੁਰਦਾਸਪੁਰ, (ਜਨਕ ਮਹਾਜਨ)**—ਇੰਡੀਅਨ ਨੈਸ਼ਨਲ ਟਰੇਡ ਯੂਨੀਅਨ ਕਾਂਗਰਸ (ਇੰਟਕ) ਜ਼ਿਲ੍ਹਾ ਗੁਰਦਾਸਪੁਰ ਅਤੇ ਸਮੂਹ ਮੈਂਬਰਾਂ ਵਲੋਂ ਗੋਸਵਾਮੀ ਸ੍ਰੀ ਗੁਰੂ ਨਾਭਾ ਦਾਸ ਜੀ ਦਾ ਜਨਮ ਦਿਹਾੜਾ ਜ਼ਿਲ੍ਹਾ ਕਚਹਿਰੀ ਗੁਰਦਾਸਪੁਰ ਵਿਖੇ ਮਨਾਇਆ ਗਿਆ। ਇਸ ਮੌਕੇ ਜਥੇਬੰਦੀ ਵਲੋਂ ਚਾਹ ਦਾ ਲੰਗਰ ਵਰਤਾਇਆ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਪਲਵਿੰਦਰ ਸਿੰਘ ਬੈਂਸ ਨੇ ਸੰਗਤਾਂ ਨੂੰ ਬਾਬਾ ਜੀ ਦੇ ਉਪਦੇਸ਼ਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ ਅਤੇ ਆਪਸੀ ਭਾਈਚਾਰਾ ਬਣਾਉਣ ਦੀ ਅਪੀਲ ਕੀਤੀ। ਇਸ ਮੌਕੇ ਸੰਗਠਨ ਦੇ ਸੀਨੀਅਰ ਮੀਤ ਪ੍ਰਧਾਨ ਰਾਮ ਲੁਭਾਇਆ, ਤੀਰਥ ਰਾਮ, ਸੁਨੀਲ ਕੁਮਾਰ (ਦਬੁਰਜੀ) ਸਕੱਤਰ, ਐਡਵੋਕੇਟ ਰੂਪ ਲਾਲ ਦਸੌਰੀਆ, ਮਨੋਹਰ ਲਾਲ, ਜਸਬੀਰ ਚੰਦ, ਵਿਨੋਦ ਕੁਮਾਰ, ਰਵਿੰਦਰ ਕੁਮਾਰ ਬੌਬੀ ਥਾਨੇਵਾਨ, ਮੋਹਨ ਸਿੰਘ, ਬੂਲੇਵਾਲ, ਸ਼ਾਮ ਸਿੰਘ, ਪ੍ਰਦੀਪ ਸ਼ਰਮਾ ਅਤੇ ਦੀਪਕ ਕੁਮਾਰ ਆਦਿ ਹਾਜ਼ਰ ਸਨ।

# ਸਾਬਕਾ ਵਿਧਾਇਕ ਰਮਨਜੀਤ ਸਿੱਕੀ ਨਾਲ ਦੁੱਖ ਪ੍ਰਗਟਾਵਾ

**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**-ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਜਿਨ੍ਹਾਂ ਦੇ ਸਤਿਕਾਰਤ ਮਾਤਾ ਸੁਰਿੰਦਰਪਾਲ ਕੌਰ ਸਹੋਤਾ ਜੋ ਕਿ ਬੀਤੇ ਦਿਨੀਂ ਕੈਨੇਡਾ ਵਿੱਚ ਦਿਲ ਦੀ ਧੜਕਣ ਬੰਦ ਹੋਣ ਕਾਰਨ ਸਦੀਵੀ ਵਿਛੋੜਾ ਦੇ ਗਏ ਸਨ, ਕਾਰਨ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ। ਇਸ ਦੁੱਖ ਦੀ ਘੜੀ ਵਿੱਚ ਰਮਨਜੀਤ ਸਿੰਘ ਸਿੱਕੀ ਨਾਲ ਅਫਸੋਸ ਕਰਨ ਲਈ ਉਨ੍ਹਾਂ ਦੇ ਗ੍ਰਹਿ ਵਿਖੇ ਸੰਤ ਬਾਬਾ ਜਗਤਾਰ ਸਿੰਘ ਬਾਬੇ ਸ਼ਹੀਦਾਂ ਵਾਲੇ, ਬਾਬਾ ਪ੍ਰਗਟ ਸਿੰਘ ਬਾਬੇ ਲੂਆਂ ਸਾਹਿਬ ਵਾਲੇ ਅਤੇ ਤਰਸੇਮ ਸਿੰਘ ਮੈਂਬਰ ਪੰਚਾਇਤ ਆਦਿ ਪਹੁੰਚੇ।



# ਪੇਂਡੂ ਚੌਕੀਦਾਰਾਂ ਨੇ ਮੰਗਾਂ ਪ੍ਰਤੀ ਸੂਬਾ ਸਰਕਾਰ ਖਿਲਾਫ ਕੀਤਾ ਰੋਸ ਪ੍ਰਗਟ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਲਾਲ ਝੰਡਾ ਪੇਂਡੂ ਚੌਕੀਦਾਰ ਯੂਨੀਅਨ (ਸੀਟੂ) ਪੰਜਾਬ ਦੀ ਮਹੀਨਾਵਾਰ ਤਹਿਸੀਲ ਪੱਧਰੀ ਮੀਟਿੰਗ ਤਹਿਸੀਲ ਕੰਪਲੈਕਸ ਟਾਂਡਾ ਵਿਖੇ ਹੋਈ। ਯੂਨੀਅਨ ਦੇ ਸੂਬਾ ਪ੍ਰਧਾਨ ਪਰਮਜੀਤ ਸਿੰਘ ਨੀਲੋਂ, ਸੂਬਾ ਜਨਰਲ ਸਕੱਤਰ ਦੇਵੀਦਾਸ ਮਿਆਣੀ ਅਤੇ ਸੂਬਾ ਪ੍ਰੈੱਸ ਸਕੱਤਰ ਸੁਰਿੰਦਰ ਸਿੰਘ ਨੰਗਲ ਕਲਾਂ ਦੇ ਦਿਸ਼ਾ-ਨਿਰਦੇਸ਼ਾਂ ਅਤੇ ਤਹਿਸੀਲ ਪ੍ਰਧਾਨ ਜੋਗਿੰਦਰ ਸਿੰਘ ਗਿੱਲ ਦੀ ਅਗਵਾਈ 'ਚ ਹੋਈ ਇਸ ਮੀਟਿੰਗ ਦੌਰਾਨ ਪੇਂਡੂ ਚੌਕੀਦਾਰਾਂ ਨੇ ਆਪਣੀਆਂ ਮੰਗਾਂ ਦੇ ਹੱਕ 'ਚ ਆਵਾਜ ਬੁਲੰਦ ਕਰਦੇ ਹੋਏ ਸੂਬਾ ਸਰਕਾਰ ਖਿਲਾਫ ਰੋਸ ਪ੍ਰਦਰਸਨ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਤਹਿਸੀਲਦਾਰ ਜੋਗਿੰਦਰ ਗਿੱਲ ਨੇ ਕਿਹਾ ਕਿ ਯੂਨੀਅਨ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਆਪਣੀਆਂ ਮੰਗਾ ਜਿਵੇਂ ਪੇਂਡੂ ਚੌਕੀਦਾਰਾਂ ਨੂੰ ਮਹੀਨਾਵਾਰ 7500 ਰੁਪਏ ਤਨਖਾਹ ਦੇਣ ਦੀ ਮੰਗ, ਮੌਸਮ ਅਨੁਸਾਰ ਡਿਊਟੀ ਕਰਨ ਵਾਸਤੇ 2 ਵਰਦੀਆ ਦੇਣ ਦੀ ਮੰਗ, ਪਿੰਡਾਂ ਵਿਚ ਪੰਜ-ਪੰਜ ਮਰਲੇ ਦੇ ਪਲਾਟ ਦੇਣ ਦੀ ਮੰਗ, ਜਨਮ ਅਤੇ ਮੌਤ ਦਾ ਰਜਿਸਟਰੇਸਨ ਕਰਨ ਦੀ ਮੰਗ 'ਤੇ ਹੋਰਨਾਂ ਕਈ ਮੰਗਾਂ ਨੂੰ ਲੈ ਕੇ ਸੂਬਾ ਪੱਧਰੀ ਸੰਘਰਸ ਕਰ ਚੁੱਕੀ ਹੈ ਪਰੰਤੂ ਯੂਨੀਅਨ ਦੀਆਂ ਮੰਗਾਂ ਮੰਨਣ ਦੀ ਬਜਾਏ ਪਹਿਲਾਂ ਰਾਜ ਕਰ ਚੁੱਕੀ ਕਾਂਗਰਸ ਦੀ ਸਰਕਾਰ ਵਾਂਗ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਪੇਂਡੂ ਚੌਕੀਦਾਰਾਂ ਨੂੰ ਲਾਰੇ-ਲੱਪੇ ਲਾ ਕੇ ਡੰਗ-ਟਪਾਊ ਰਾਜਨੀਤੀ ਕਰ ਰਹੀ ਹੈ ਪਰੰਤੂ ਹੁਣ ਪੇਂਡੂ ਚੌਕੀਦਾਰ ਆਪਣੀਆਂ ਮੰਗਾਂ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹੋ ਚੁੱਕੀ ਹੈ। ਇਸ ਮੌਕੇ ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਜਗਦੀਸ ਮੂਨਕਾਂ ਨੇ ਦੱਸਿਆ ਕਿ 17 ਅਪ੍ਰੈਲ ਨੂੰ ਲਾਲ ਝੰਡਾ ਪੇਂਡ ਚੌਕੀਦਾਰ ਯੂਨੀਅਨ ਦੀ ਸੂਬਾ ਪੱਧਰੀ ਮੀਟਿੰਗ ਤਹਿਸੀਲ ਕੰਪਲੈਕਸ ਹੁਸ਼ਿਆਰਪੁਰ ਵਿਖੇ ਹੋਵੇਗੀ, ਜਿਸ ਵਿਚ ਆਪਣੀਆਂ ਮੰਗਾਂ ਪ੍ਰਤੀ ਅਗਲੀ ਰਣਨੀਤੀ ਤੈਅ ਕਰਕੇ ਸੂਬਾ ਸਰਕਾਰ ਖਿਲਾਫ ਸੰਘਰਸ਼ ਦਾ ਬਿਗੁਲ ਵਜਾਇਆ ਜਾਵੇਗਾ। ਇਸ ਮੌਕੇ ਬਲਾਕ ਜਨਰਲ ਸਕੱਤਰ ਜਸਵਿੰਦਰ ਸਿੰਘ, ਪ੍ਰੈੱਸ ਸਕੱਤਰ ਪਰਮਜੀਤ ਸਿੰਘ, ਚਮਨ ਲਾਲ ਭੁਲਪੁਰ, ਕਸਮੀਰ ਸਿੰਘ ਬੈਂਸ ਅਵਾਨ, ਪਰਮਜੀਤ ਸਿੰਘ ਹਰਸੀ ਪਿੰਡ, ਜੀਤ ਲਾਲ ਜਾਜਾ, ਲਖਵੀਰ ਸਿੰਘ ਜੌੜਾ, ਬਲਵਿੰਦਰ ਸਿੰਘ ਠਾਕਰੀ ਵੀ ਹਾਜ਼ਰ ਸਨ।

# ਸੀਵਰੇਜ ਸਮੱਸਿਆ ਹੱਲ ਕਰਨ ਦੇ ਕੰਮ ਦਾ ਸੰਧੂ ਨੇ ਕੀਤਾ ਉਦਘਾਟਨ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਅੰਮ੍ਰਿਤਸਰ ਪੱਛਮੀ ਤੋਂ ਵਿਧਾਇਕ ਡਾਕਟਰ ਜਸਬੀਰ ਸਿੰਘ ਸੰਧੂ ਨੇ ਵਾਰਡ ਨੰਬਰ 2 ਦੇ ਵਾਈਟ ਐਵੇਨਿਊ ਆਰ. ਬੀ. ਅਸਟੇਟ ਵਿੱਚ ਕਾਫ਼ੀ ਸਮੇਂ ਤੋਂ ਆ ਰਹੀ ਸੀਵਰੇਜ ਸੱਮਸਿਆ ਨੂੰ ਦੂਰ ਕਰਨ ਲਈ ਸੀਵਰੇਜ ਪ੍ਰਣਾਲੀ ਦਾ ਉਦਘਾਟਨ ਕੀਤਾ। ਸੀਵਰੇਜ ਪ੍ਰਣਾਲੀ ਦੀ ਲਾਗਤ ਤਰਕੀਬਨ 15 ਲੱਖ ਰੁਪਏ ਆਵੇਗੀ। ਇਸ ਮੌਕੇ ਵਾਰਡ ਨੰਬਰ 2 ਤੋਂ ਗਰੌਵ ਅਗਰਵਾਲ ਜੀ,ਪ੍ਰਭ ਉਪਲ, ਦਵਿੰਦਰ ਸਿੰਘ ਅਮਰਜੀਤ ਸ਼ੇਰਗਿੱਲ, ਗੁਰਸ਼ਰਨ, ਬਲਜਿੰਦਰ ਸਿੰਘ ਪਨੇਸਰ, ਲਾਡੀ ਸਹੋਤਾ, ਕੁਲਵਿੰਦਰਜੀਤ ਕੌਰ, ਜਬਰਜੀਤ ਸਿੰਘ, ਅਜਮੇਰ ਸਿੰਘ,ਭਗਵੰਤ ਸਿੰਘ, ਸਤਨਾਮ ਸਿੰਘ, ਸਤੀਸ਼ ਮਹਿਰਾ, ਬੌਬੀ ਮਹਿਰਾ, ਸੁਸ਼ੀਲ ਸ਼ਰਮਾ ਮੌਜੂਦ ਸਨ ਡਾਕਟਰ ਜਸਬੀਰ ਸਿੰਘ ਸੰਧੂ ਨੇ ਕਿਹਾ ਕਿ ਹਲਕਾ ਪੱਛਮਂ ਦੇ ਵਿਕਾਸ ਵਿੱਚ ਕਿਸੇ ਵੀ ਤਰ੍ਹਾਂ ਦੀ ਕਸਰ ਨਹੀਂ ਛੱਡੀ ਜਾਏਗੀ ਤੇ ਆਉਣ ਵਾਲੇ ਦਿਨਾਂ ਵਿਖੇ ਹਲਕੇ ਦੇ ਵਿੱਚ ਸਭ ਵਿਕਾਸ ਕਾਰਜ ਦੇ ਕੰਮ ਮੁਕੰਮਲ ਕਰ ਦਿਤੇ ਜਾਣਗੇ। ਉਨ੍ਹਾ ਨੇ ਹਲਕਾ ਵਾਸੀਆਂ ਨੂੰ ਵਿਸ਼ਵਾਸ ਦਵਾਇਆ ਕਿ ਹਲਕੇ ਵਿਚ ਪੂਰਨ ਵਿਕਾਸ ਕਰਨਾ ਹੀ ਡਾਕਟਰ ਜਸਬੀਰ ਸਿੰਘ ਸੰਧੂ ਦਾ ਟੀਚਾ ਹੈ।

# ਬੇਮੌਸਮੀ ਬਰਸਾਤ ਕਾਰਨ ਨੁਕਸਾਨੀਆਂ ਫਸਲਾਂ ਦਾ ਖੇਤੀਬਾੜੀ ਮੰਤਰੀ ਨੇ ਲਿਆ ਜਾਇਜ਼ਾ

## ਵਿਸਾਖੀ ਤੋਂ ਕਿਸਾਨਾਂ ਨੂੰ ਮੁਆਵਜ਼ਾ ਰਾਸ਼ੀ ਦੇਣ ਦੀ ਹੋਵੇਗੀ ਸ਼ੁਰੂਆਤ : ਧਾਲੀਵਾਲ

**ਡੇਰਾ ਬਾਬਾ ਨਾਨਕ/ਗੁਰਦਾਸਪੁਰ, (ਰਮੇਸ਼ ਸ਼ਰਮਾ)**-ਬੀਤੇ ਦਿਨੀਂ ਹੋਈ ਬੇਮੌਸਮੀ ਬਰਸਾਤ ਕਾਰਨ ਫਸਲਾਂ ਦੇ ਹੋਏ ਖ਼ਰਾਬੇ ਸਬੰਧੀ ਜਾਇਜ਼ਾ ਲੈਣ ਲਈ ਸੂਬੇ ਦੇ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਹਰੂਵਾਲ, ਅਗਵਾਨ, ਮਨਸੂਰ ਅਤੇ ਘਣੀਏ-ਕੇ-ਬੇਟ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ, ਐੱਸਡੀਐੱਮ ਡੇਰਾ ਬਾਬਾ ਨਾਨਕ ਸ਼ਾਇਰੀਭੰਡਾਰੀ, ਤਹਿਸੀਲਦਾਰ ਡੇਰਾ ਬਾਬਾ ਨਾਨਕ ਜਗਤਾਰ ਸਿੰਘ, ਉੱਘੇ ਜਨਤਕ ਆਗੂ ਗੁਰਦੀਪ ਸਿੰਘ ਰੰਧਾਵਾ, ਮੁੱਖ ਖੇਤੀਬਾੜੀ ਅਫ਼ਸਰ ਕ੍ਰਿਪਾਲ ਸਿੰਘ ਢਿਲੋਂ, ਬੀ. ਡੀ. ਪੀ. ਓ. ਡੇਰਾ ਬਾਬਾ ਨਾਨਕ ਕਿਰਨਦੀਪ ਕੌਰ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ। ਸਰਹੱਦੀ ਪਿੰਡਾਂ ਦੇ ਦੌਰੇ ਦੌਰਾਨ ਖਰਾਬ ਹੋਈਆਂ ਫਸਲਾਂ ਦਾ ਜਾਇਜ਼ਾ ਲੈਣ ਤੋਂ ਬਾਅਦ ਕਿਸਾਨਾਂ ਨਾਲ ਗੱਲ ਕਰਦਿਆਂ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਪੰਜਾਬ ਸਰਕਾਰ ਕਿਸਾਨਾਂ ਦੇ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਹਨ ਕਿ ਜਲਦ ਤੋਂ ਜਲਦ ਨੁਕਸਾਨੀਆਂ ਫਸਲਾਂ ਦੀ ਗਿਰਦਾਵਰੀ ਮੁਕੰਮਲ ਕੀਤੀ ਜਾਵੇ ਤਾਂ ਜੋ ਵਿਸਾਖੀ ਮੌਕੇ ਕਿਸਾਨਾਂ ਨੂੰ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ ਦੇਣਾ ਸ਼ੁਰੂ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਫਸਲਾਂ ਦੇ ਖਰਾਬੇ ਦੀ ਮੁਆਵਜਾ ਰਾਸ਼ੀ ਵਿੱਚ 25 ਫੀਸਦੀ ਦਾ ਵਾਧਾ ਕੀਤਾ ਗਿਆ ਹੈ ਅਤੇ ਕਣਕ ਤੋਂ ਇਲਾਵਾ ਹੋਰ ਵੀ ਜਿਹੜੀਆਂ ਫਸਲਾਂ ਬਾਰਸ਼ ਕਾਰਨ ਖਰਾਬ ਹੋਈਆਂ ਹਨ, ਉਨ੍ਹਾਂ ਦੇ ਨੁਕਸਾਨ ਦੀ ਭਰਪਾਈ ਵੀ ਕੀਤੀ ਜਾਵੇਗੀ। ਕੈਬਨਿਟ ਮੰਤਰੀ ਧਾਲੀਵਾਲ ਨੇ ਕਿਹਾ ਕਿ ਸੂਬੇ ਭਰ ਵਿੱਚ ਗਿਰਦਾਵਰੀ ਦਾ ਕੰਮ ਪੂਰੇ ਜ਼ੋਰਾਂ 'ਤੇ ਚੱਲ ਰਿਹਾ ਹੈ ਅਤੇ ਅਧਿਕਾਰੀਆਂ ਵੱਲੋਂ ਹਰ ਕਿਸਾਨ ਦੇ ਖੇਤ ਵਿੱਚ ਜਾ ਕੇ ਫਸਲ ਦੇ ਨੁਕਾਸਨ ਦੀ ਅਸਲ ਰਿਪੋਰਟ ਤਿਆਰ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਸਹਾਇਤਾ ਲਈ ਵੱਟਸਐਪ ਨੰਬਰ 93093-88088 ਜਾਰੀ ਕੀਤਾ ਹੈ ਅਤੇ ਜੇਕਰ ਕਿਸੇ ਕਿਸਾਨ ਨੂੰ ਗਿਰਦਾਵਰੀ ਸਬੰਧੀ ਕੋਈ ਵੀ ਸ਼ਿਕਾਇਤ ਹੈ ਤਾਂ ਉਹ ਇਸ ਨੰਬਰ ਉੱਪਰ ਆਪਣੀ ਸ਼ਿਕਾਇਤ ਭੇਜ ਸਕਦੇ ਹਨ। ਖੇਤੀਬਾੜੀ ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਗਿਰਦਾਵਰੀ ਦੇ ਕੰਮ ਨੂੰ ਸਮਾਂਬੱਧ ਅਤੇ ਪੂਰੀ ਤਰ੍ਹਾਂ ਪਾਰਦਰਸ਼ੀ ਢੰਗ ਨਾਲ



ਮੁਕੰਮਲ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਕਿਸਾਨਾਂ ਦੀਆਂ ਮੁਕਸ਼ਲਾਂ ਵੀ ਸੁਣੀਆਂ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਵਿਸ਼ੇਸ਼ ਗਿਰਦਾਵਰੀ ਦਾ ਕੰਮ ਪੂਰੀ ਤੇਜ਼ੀ ਨਾਲ ਚੱਲ ਰਿਹਾ ਹੈ ਅਤੇ 70 ਫੀਸਦੀ ਕੰਮ ਮੁਕੰਮਲ ਹੋ ਗਿਆ ਹੈ ਅਤੇ ਰਹਿੰਦੀ ਗਿਰਦਾਵਰੀ ਨੂੰ ਵੀ ਜਲਦ ਪੂਰਿਆਂ ਕਰਕੇ ਰਿਪੋਰਟ ਰਾਜ ਸਰਕਾਰ ਨੂੰ ਭੇਜ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਿਸਾਨ ਨੂੰ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹਨ।

# ਦੋ ਨੰਬਰ ਸਟੀਲ ਕਵਰ ਸ਼ੈੱਡਾਂ ਦੇ ਕੰਮ ਦਾ ਧਾਲੀਵਾਲ ਨੇ ਰੱਖਿਆ ਨੀਂਹ ਪੱਥਰ



**ਅਜਨਾਲਾ , (ਸੁਖਤਿੰਦਰ ਸਿੰਘ ਰਾਜੂ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ 'ਚ ਕੈਬਨਿਟ ਮੰਤਰੀ ਤੇ ਹਲਕਾ ਅਜਨਾਲਾ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਅਜਨਾਲਾ ਹਲਕੇ 'ਚ ਜੰਗੀ ਪੱਧਰ 'ਤੇ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਲੜੀ ਤਹਿਤ ਸਥਾਨਕ ਦਾਣਾ ਮੰਡੀ ਅਜਨਾਲਾ ਵਿਖੇ ਪੰਜਾਬ ਮੰਡੀ ਬੋਰਡ ਦੇ (ਦੱਖਣ) ਦੀਵ ਇੰਜੀਨੀਅਰ ਗੁਰਦੇਵ ਸਿੰਘ ਕੰਗ, ਚੀਫ ਇੰਜੀਨੀਅਰ (ਉੱਤਰ) ਜੋਗਿੰਦਰ ਸਿੰਘ ਕੰਗ, ਕਾਰਜਕਾਰੀ ਇੰਜੀਨੀਅਰ (ਸ) ਰਮਨ ਕੁਮਾਰ ਸ਼ਰਮਾ,'ਆਪ ਦੇ ਸੀਨੀਅਰ ਆਗੂ ਖੁਸਪਾਲ ਸਿੰਘ ਧਾਲੀਵਾਲ, ਓਐੱਸਡੀ ਐਡਵੋਕੇਟ ਰਾਜੀਵ ਮਦਾਨ , ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ, 'ਆਪ' ਦੇ ਸ਼ਹਿਰੀ ਪ੍ਰਧਾਨ ਦੀਪਕ ਚੈਨਪੁਰੀਆ, ਮਾਰਕੀਟ ਕਮੇਟੀ ਅਜਨਾਲਾ ਦੇ ਸਕੱਤਰ ਸਾਹਿਬ ਸਿੰਘ ਰੰਧਾਵਾ ਦੀ ਵਿਸ਼ੇਸ਼ ਹਾਜ਼ਰੀ 'ਚ ਅੱਜ ਦਾਣਾ ਮੰਡੀ ਅਜਨਾਲਾ ਵਿਖੇ ਕਰੀਬ 1 ਕਰੋੜ 70 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਬਣਨ ਜਾ ਰਹੇ 2 ਨੰਬਰ ਸਟੀਲ ਕਵਰ ਸ਼ੈੱਡਾਂ ਦੀ ਉਸਾਰੀ ਕਾਰਜਾਂ ਦਾ ਨੀਂਹ ਪੱਥਰ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਦਿਆਂ ਰੱਖਿਆ ਗਿਆ ।

ਇਸ ਮੌਕੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਆੜ੍ਹਤ ਯੂਨੀਅਨ ਅਜਨਾਲਾ ਦੇ ਪ੍ਰਧਾਨ ਸਤਬੀਰ ਸਿੰਘ ਸੰਧੂ ਦੀ ਅਗਵਾਈ 'ਚ ਆੜ੍ਹਤੀਆਂ ਵੱਲੋਂ ਦੂਜੀਆਂ ਸ਼ਖਸੀਅਤਾਂ ਸਣੇ ਸਨਮਾਨਿਤ ਹੋਣ ਉਪਰੰਤ ਧੰਨਵਾਦ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਤੇ ਆੜ੍ਹਤੀਆਂ ਦੇ ਹੱਕਾਂ ਦੀ ਭਲਾਈ ਲਈ ਕਈ ਅਹਿਮ ਯੋਜਨਾਵਾਂ ਤੇ ਵਿਕਾਸ ਕਾਰਜਾਂ ਨੂੰ ਜੰਗੀ ਪੱਧਰ 'ਤੇ ਨੇਪਰੇ ਚਾੜ੍ਹਿਆ ਜਾ ਰਿਹਾ ਹੈ । ਪਿਛਲੀ ਵਾਰ ਦੀ ਤਰ੍ਹਾਂ ਇਸ ਵਾਰ ਵੀ ਮੌਸਮ ਦੀ ਖਰਾਬੀ ਦੇ ਕਾਰਨ ਨੁਕਸਾਨੀ ਗਈ ਕਣਕ ਦੇ ਬਾਵਜੂਦ ਕਿਸਾਨਾਂ ਤੇ ਆੜ੍ਹਤੀਆਂ ਨੂੰ ਮੰਡੀ 'ਚ ਕਿਸੇ ਕਿਸਮ ਦੀ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਦਫਤਰ ਸਕੱਤਰ ਗੁਰਜੰਟ ਸਿੰਘ ਸੋਹੀ, ਮੰਡੀ ਸੁਪਰਡੈਂਟ ਕਾਬਲ ਸਿੰਘ ਸੰਧੂ, ਆਪ ਦੇ ਬਲਾਕ ਪ੍ਰਧਾਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਪ੍ਰਧਾਨ ਦਵਿੰਦਰ ਸਿੰਘ ਸੋਨੂੰ , ਆੜ੍ਹਤੀ ਸੁਖਬੀਰ ਸਿੰਘ ਰਿਆੜ , ਇੰਦਰਜੀਤ ਸਿੰਘ ਭੁੱਲਰ, ਆੜ੍ਹਤੀ ਮਨਜੀਤ ਸਿੰਘ ਬਾਠ,ਬਿਕਰਮਜੀਤ ਸਿੰਘ ਛੀਨਾ, ਹਰਪ੍ਰੀਤ ਸਿੰਘ ਨਿੱਝਰ, ਵਿਜੇ ਸਾਹ, ਮਾਸਟਰ ਬਲਵਿੰਦਰ ਸਿੰਘ, ਨੌਨਿਹਾਲ ਸਿੰਘ, ਆੜ੍ਹਤੀ ਗੁਰਲਾਲ ਸਿੰਘ, ਮੀਡੀਆ ਇੰਚਾਰਜ ਜਸਪਿੰਦਰ ਸਿੰਘ ਛੀਨਾ, ਯੂਥ ਆਗੂ ਗਗਨਦੀਪ ਸਿੰਘ ਛੀਨਾ ਆਦਿ ਹਾਜ਼ਰ ਸਨ।

# ਸੈਲੋ ਗੋਦਾਮਾਂ ਨੂੰ ਮਨਜ਼ੂਰੀ ਸਰਕਾਰੀ ਮੰਡੀ ਤੋੜਨ ਵੱਲ ਵਧਣ ਦਾ ਸੰਕੇਤ: ਕਿਸਾਨ ਆਗੂ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, ਜਨਰਲ ਸਕੱਤਰ ਰਾਣਾ ਰਣਬੀਰ ਸਿੰਘ ਅਤੇ ਸੂਬਾ ਕੋਰ ਕਮੇਟੀ ਮੈਂਬਰ ਸਤਨਾਮ ਸਿੰਘ ਪੰਨੂ ਨੇ ਪੰਜਾਬ ਦੀ ਮਾਨ ਸਰਕਾਰ ਵੱਲੋਂ 6 ਜ਼ਿਲ੍ਹਿਆਂ ਵਿਚ ਕਾਰਪੋਰੇਟ ਘਰਾਣਿਆਂ ਦੇ 8 ਸੈਲੋ ਗੋਦਾਮਾਂ ਨੂੰ ਮਨਜ਼ੂਰੀ ਦੇਣ ਤੇ ਤਿਖਾ ਪ੍ਰਤੀਕਰਮ ਕਰਦਿਆਂ ਕਿਹਾ ਕਿ ਦਿੱਲੀ ਅੰਦੋਲਨ ਵਿਚ ਲੋਕਾਂ ਨੇ ਲੰਬੇ ਸੰਘਰਸ਼ ਅਤੇ 750 ਤੋਂ ਵੱਧ ਜਾਨਾਂ ਦੀ ਕੁਰਬਾਨੀ ਦੇ ਕੇ ਕਨੂੰਨ ਵਾਪਿਸ ਕਰਵਾਏ ਸਨ, ਹਾਲਾਂਕਿ ਜਥੇਬੰਦੀ ਦੀ ਦੂਰ ਦ੍ਰਿਸ਼ਟੀ ਵਾਲੀ ਸੋਚ ਕਰਕੇ ਅਸੀਂ ਉਸ ਸਮੇਂ ਆਮ ਜਨਤਾ ਨੂੰ ਸਾਫ਼ ਕੀਤਾ ਸੀ ਕਿ ਸਰਕਾਰਾਂ ਨੇ ਇਹ ਕਨੂੰਨ ਸਿਰਫ ਰਸਮੀ ਤੌਰ ਤੇ ਰੱਦ ਤਾਂ ਕਰ ਦਿੱਤੇ ਹਨ ਪਰ ਇਹ ਫਿਰ ਤੋਂ ਆਉਣਗੇ ਅਤੇ ਪੰਜਾਬ ਦੀ ਮਾਨ ਸਰਕਾਰ ਮੋਦੀ ਦੇ ਇਸ਼ਾਰਿਆਂ 'ਤੇ ਚਲਦੇ ਹੋਏ ਮਿਲੀ ਭੁਗਤ ਕਰਕੇ ਗੁਪਤ ਤਰੀਕੇ ਨਾਲ ਓਹਨਾ ਹੀ ਕਾਲੇ ਕਨੂੰਨਾਂ ਨੂੰ, ਛੋਟੇ ਛੋਟੇ ਹਿੱਸਿਆਂ ਨਾਲ ਅਸਿੱਧੇ ਰੂਪ ਵਿਚ ਲਾਗੂ ਕਰਨ ਜਾ ਰਹੀ ਹੈ। ਉਨ੍ਹ ਕਿਹਾ ਕਿ ਪ੍ਰਾਈਵੇਟ ਸੈਲੋ ਗੋਦਾਮਾਂ ਨੂੰ ਮਨਜ਼ੂਰੀ ਦੇਣ ਨਾਲ ਪ੍ਰਾਈਵੇਟ ਪਲੇਅਰ ਕਣਕ ਅਤੇ ਹੋਰ



ਫਸਲਾਂ ਦੀ ਖਰੀਦ 100-200 ਵੱਧ ਦੇ ਕੇ ਕਰੇਗਾ, ਆਰਥਿਕ ਰੂਪ ਵਿਚ ਤਬਾਹੀ ਦਾ ਸਾਹਮਣਾ ਕਰ ਰਿਹਾ ਕਿਸਾਨ ਬੇਵੱਸ ਤੇ ਥੋੜੀ ਵੱਧ ਕਮਾਈ ਨੂੰ ਦੇਖਦੇ ਇਨ੍ਹਾਂ ਪ੍ਰਾਈਵੇਟ ਵਾਪਰੀਆਂ ਦੇ ਹੱਥੇ ਚੜ੍ਹੇਗਾ ਅਤੇ ਸਰਕਾਰੀ ਮੰਡੀ ਬੰਦ ਹੋਣ ਵੱਲ ਤੁਰ ਪਵੇਗੀ, ਕੁਝ ਸਾਲਾਂ ਦੀ ਇਸ ਪ੍ਰੈਕਟਿਸ ਦੇ ਬਾਅਦ ਜਦੋ ਸਰਕਾਰੀ ਬੱਸਾਂ ਤੇ ਸਕੂਲਾਂ ਵਾਂਙ ਮੰਡੀ ਵਿਚ ਫਸਲ ਆਉਣੀ ਘਟ ਗਈ ਤਾਂ ਪ੍ਰਾਈਵੇਟ ਸਕੂਲ ਤੇ ਹਸਪਤਾਲਾਂ ਦੀ ਤਰਜ਼ ਤੇ ਕਿਸਾਨ ਦਾ ਸ਼ੋਸ਼ਣ ਹੋਵੇਗਾ ਜਿਸ ਤੋਂ ਬਾਅਦ ਉਹ ਹੌਲੀ ਹੌਲੀ ਖੇਤੀ ਛੱਡ ਮਜ਼ਦੂਰੀ ਕਰਕੇ ਗੁਜ਼ਾਰਾ ਚਲਾਉਣਾ ਬਿਹਤਰ ਸਮਝੇਗਾ ਅਤੇ ਇਸ ਤਰਾਂ ਜ਼ਮੀਨਾਂ ਅਤੇ ਖੇਤੀ ਸੈਕਟਰ ਤੇ ਵੱਡੀਆਂ ਕੰਪਨੀਆਂ ਕਾਬਜ਼ ਹੋਣਗੀਆਂ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਏਪੀਐੱਮਸੀ 'ਚ ਕੀਤੀਆਂ ਸੋਧਾਂ ਵਾਪਿਸ ਲੈ ਕੇ ਇਨ੍ਹਾਂ ਸੈਲੋ ਗੋਦਾਮਾਂ ਨੂੰ ਬੰਦ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੋਦੀ ਅਤੇ ਮਾਨ ਸਰਕਾਰ ਵਿਸ਼ਵ ਵਪਾਰ ਸੰਸਥਾ, ਮੁਦਰਾ ਕੋਸ਼ ਫੰਡ ਅਤੇ ਸੰਸਾਰ ਬੈਂਕ ਦੀਆਂ ਨੀਤੀਆਂ ਤਹਿਤ ਦੇਸ਼ ਦੇ ਜਲ ਜੰਗਲ ਜ਼ਮੀਨ ਸਮੇਤ ਸਭ ਕੁਦਰਤੀ ਸੋਮਿਆਂ ਅਤੇ ਸਸਤੀ ਲੇਬਰ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਲਈ ਕੰਮ ਕਰ ਰਹੀ ਹੈ, ਪਰ ਜਥੇਬੰਦੀ ਆਮ ਲੋਕਾਂ ਵਿੱਚ ਇਨ੍ਹਾਂ ਨੀਤੀਆਂ ਪ੍ਰਤੀ ਜਾਗ੍ਰਿਤੀ ਪੈਦਾ ਕਰ ਰਹੀ ਹੈ ਅਤੇ ਅਗਰ ਸਰਕਾਰਾਂ ਇਨ੍ਹਾਂ ਨੀਤੀਆਂ ਤੋਂ ਬਾਜ਼ ਨਹੀਂ ਆਉਂਦੀਆ ਤਾਂ ਤਿੱਖੇ ਅਤੇ ਜਾਨਹੂਲਵੇਂ ਸੰਘਰਸ਼ ਵੀ ਕੀਤੇ ਜਾਣਗੇ।

# ਡੈਨੀਅਲ ਵੇਲਿੰਗਟਨ ਨੇ ਐੱਸ ਐੱਸ23 ਮੁਹਿੰਮ ਤਹਿਤ ਜਸ਼ਨ ਮਨਾਇਆ

**ਲੁਧਿਆਣਾ :** ਡੈਨੀਅਲ ਵੇਲਿੰਗਟਨ, ਜੋ ਕਿ ਵੈਸ਼ਵਿਕ ਤੌਰ ਤੇ ਪ੍ਰਸਿੱਧ ਘੜੀਆਂ ਅਤੇ ਐਕਸੈਸਰੀਜ਼ ਦਾ ਬ੍ਰੈਂਡ ਹੈ, ਜਿਸਨੇ ਆਪਣੀ ਰਚਨਾਤਮਕ ਅਤੇ ਮਜ਼ੇਦਾਰ ਮੁਹਿੰਮ ਸ਼ੋ ਯੋਰ ਟਰੂ ਕਲਰਜ਼ ਨੂੰ ਸ਼ੁਰੂ ਕਰਨ ਦੇ ਲਈ ਆਪਣੀ 23 ਕਲੈਕਸ਼ਨ ਨੂੰ ਸ਼ੁਰੂ ਕੀਤਾ ਹੈ। ਇਹ ਸਟਾਕਹੋਮ ਵਿੱਚ ਖੂਬਸੂਰਤ ਅਤੇ ਹਰੇ ਭਰੇ ਗ੍ਰੀਨਹਾਊਸ ਫਜਾਰਿਲਹੁਜੇਤ ਵਿੱਚ ਸਥਾਪਿਤ ਹੈ। ਵਿਆਪਕ ਐੱਸਐੱਸ23 ਰੇਂਜ ਤੋਂ ਬਾਹਰ ਲਾਂਚ ਹੋਣ ਵਾਲੇ ਪਹਿਲੇ ਉਤਪਾਦਾਂ ਵਿੱਚ ਬ੍ਰਾਂਡ ਦੇ ਸਭ ਤੋਂ ਵੱਧ ਵਿਕਣ ਵਾਲੇ ਕਵਾਡਰੋ ਅਤੇ ਪੇਟਾਈਟ ਸੰਗ੍ਰਹਿ ਲਈ ਛੇ ਨਵੀਆਂ ਪੇਸਟਲ ਘੜੀਆਂ ਸ਼ਾਮਲ ਹਨ। ਓਲੋਫ ਨੋਰਡਸਟ੍ਰੋਮ, ਡੈਨੀਅਲ ਵੇਲਿੰਗਟਨ ਵਿਖੇ ਹੈਡ ਆਫ ਡਿਜ਼ਾਈਨ ਨੇ ਕਿਹਾ ਕਿ ਅਸੀਂ ਇੱਕ ਅਜਿਹੀ ਕਲੈਕਸ਼ਨ ਬਣਾਉਣਾ ਚਾਹੁੰਦੇ ਸੀ ਜੋ ਨਾ ਸਿਰਫ ਸੁੰਦਰ ਹੈ, ਬਲਕਿ ਲੋਕਾਂ ਨੂੰ ਉਹਨਾਂ ਦੀ ਐਕਸੈਸਰੀਜ਼ ਦੀ ਮਦਦ ਨਾਲ ਆਪਣੇ ਆਪ ਨੂੰ ਪ੍ਰਗਟ ਕਰਨ ਲਈ ਵੀ ਪ੍ਰੇਰਿਤ ਕਰਦਾ ਹੈ। ਇਸ ਕਲੈਕਸ਼ਨ ਨੂੰ ਪੂਰਾ ਕਰਨ ਦੇ ਲਈ. ਡੈਨੀਅਲ ਵੇਲਿੰਗਟਨ ਨੇ ਆਪਣੀ ਯੂਨੀਸੈਕਸ ਆਈ ਵੀਅਰ ਰੇਂਜ ਨੂੰ ਵੀ ਵਧਾਇਆ ਹੈ, ਜੋ ਕਿ ਬਾਰਾਂ ਖੂਬਸੂਰਤ ਅਤੇ ਰਵਾਇਤੀ ਡਿਜ਼ਾਈਨਾਂ ਦੀ ਲੜੀ ਹੈ, ਜੋ ਕਿ ਹਰਿ, ਗੁਲਾਬੀ ਜਾਂ ਪੀਚ ਵਰਗੇ ਸੋਹਣੇ ਰੰਗਾਂ ਦੇ ਵਿੱਚ ਮੌਜੂਦ ਹਨ।

## ਭੈਣ ਸੁਰਜੀਤ ਕੌਰ ਦਾ ਮਾਣ-ਸਨਮਾਨ

**ਤਰਨਤਾਰਨ (ਸਾਗਰਦੀਪ ਸਿੰਘ ਅਰੋੜਾ)**-ਗੁਰਦਵਾਰਾ ਢਾਬਸਰ ਵਾਲਿਆਂ ਮਹਾਂਪੁਰਖਾਂ ਭੈਣ ਜੀ ਸੁਰਜੀਤ ਕੌਰ ਨੂੰ ਸਾਡੇ ਗ੍ਰਹਿ ਵਿਖੇ ਪਹੁੰਚਣ 'ਤੇ ਸਨਮਾਨਿਤ ਕੀਤਾ ਗਿਆ। ਉਹ ਗੁਰਦੁਆਰਾ ਸਾਹਿਬ ਦੀ ਸੇਵਾ ਅਪਨਾ ਸਭ ਕੁਝ ਤਿਆਗ ਕੇ ਤਨਦੇਹੀ ਨਾਲ ਨਿਭਾ ਰਹੇ ਹਨ। ਉਨ੍ਹਾਂ ਦੇ ਨਾਲ ਮੁੱਖ ਸੇਵਾਦਾਰ ਗੁਰਜੀਤ ਸਿੰਘ ਪੂਨੀਆ, ਬਲਕਾਰ ਸਿੰਘ ਪੱਧਰੀ ਅਤੇ ਹੋਰ ਸੰਗਤਾਂ ਨੂੰ ਜ਼ਿਲ੍ਹਾ ਮੀਤ ਪ੍ਰਧਾਨ ਯੂਥ ਰੁਪਿੰਦਰ ਕੌਰ ਸੰਧੂ ਨੇ ਸਿਰਪਾਓ ਪਾ ਕੇ ਸਨਮਾਨਿਤ ਕੀਤਾ। ਉਸ ਸਮੇਂ ਮਨਪ੍ਰੀਤ ਸਿੰਘ ਸੰਧੂ, ਗੁਰਦੀਪ ਸਿੰਘ, ਤਰਸੇਮ ਕੌਰ ਅਤੇ ਹੋਰ ਵੀ ਸਾਥੀ ਮੌਜੂਦ ਸਨ।

ਨਵਾਂ ਜ਼ਮਾਨਾ
ਮੰਗਲਵਾਰ, 11 ਅਪ੍ਰੈਲ 2023

# ਸੰਸਦ ਦੀ ਘਟਦੀ ਕਦਰ

*ਸੰਸਦ ਦਾ ਬਜਟ ਅਜਲਾਸ ਦੋ ਪੜਾਵੀ 31 ਜਨਵਰੀ ਤੋਂ 6 ਅਪ੍ਰੈਲ 2023 ਤੱਕ ਹੋਇਆ, ਜਿਸ 'ਚ 14 ਫਰਵਰੀ ਤੋਂ 12 ਮਾਰਚ ਤੱਕ ਛੁੱਟੀਆਂ ਰਹੀਆਂ। ਅਡਾਨੀ ਗਰੁੱਪ ਦੇ ਘਪਲਿਆਂ ਦੀ ਜਾਂਚ ਦੀ ਮੰਗ ਅਤੇ ਰਾਹੁਲ ਗਾਂਧੀ ਦੇ ਲੰਡਨ ਵਿਚਲੇ ਭਾਸ਼ਣਾਂ ਨੂੰ ਲੈ ਕੇ ਲਗਾਤਾਰ ਹੰਗਾਮਿਆਂ ਕਾਰਨ ਸੰਸਦ 25 ਦਿਨ ਹੀ ਚੱਲੀ ਤੇ ਆਖਰ 6 ਅਪ੍ਰੈਲ ਨੂੰ ਅਣਮਿਥੇ ਸਮੇਂ ਲਈ ਉਠਾ ਦਿੱਤੀ ਗਈ। ਆਪਣੇ ਕਾਰਜਕਾਲ ਦੇ ਆਖਰੀ ਸਾਲ 'ਚ ਦਾਖਲ ਹੋਈ 17ਵੀਂ ਲੋਕ ਸਭਾ ਨੇ ਹੁਣ ਤੱਕ ਚਾਰ ਸਾਲਾਂ ਦੌਰਾਨ 230 ਬੈਠਕਾਂ ਕੀਤੀਆਂ ਹਨ। ਪੰਜ ਸਾਲ ਦਾ ਸਮਾਂ ਪੂਰਾ ਕਰਨ ਵਾਲੀਆਂ ਸਾਰੀਆਂ ਲੋਕ ਸਭਾਵਾਂ 'ਚ 16ਵੀਂ ਲੋਕ ਸਭਾ ਦੇ ਬੈਠਕਾਂ ਦੇ ਦਿਨ ਸਭ ਤੋਂ ਘੱਟ (331) ਸਨ। ਰਹਿੰਦੇ ਇਕ ਸਾਲ ਦੌਰਾਨ ਔਸਤਨ 58 ਬੈਠਕਾਂ ਹੋ ਵੀ ਜਾਣ ਤਾਂ ਵੀ 17ਵੀਂ ਲੋਕ ਸਭਾ 331 ਦਿਨਾਂ ਤੋਂ ਵੱਧ ਬੈਠਣ ਦੀ ਸੰਭਾਵਨਾ ਨਹੀਂ ਹੈ। ਇਹ 1952 ਤੋਂ ਬਾਅਦ ਸਭ ਤੋਂ ਘੱਟ ਦਿਨ ਕੰਮ ਕਰਨ ਵਾਲੀ ਲੋਕ ਸਭਾ ਬਣ ਸਕਦੀ ਹੈ। 16ਵੀਂ ਤੇ 17ਵੀਂ ਲੋਕ ਸਭਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੌਰਾਨ ਚੱਲੀਆਂ ਹਨ।*

*ਬਜਟ ਅਜਲਾਸ ਦੇ ਪਹਿਲੇ ਪੜਾਅ 'ਚ ਲੋਕ ਸਭਾ ਨੇ ਨਿਰਧਾਰਤ ਸਮੇਂ ਦੇ 33 ਫੀਸਦੀ (46 ਘੰਟੇ) ਅਤੇ ਰਾਜ ਸਭਾ ਨੇ 24 ਫੀਸਦੀ (32 ਘੰਟੇ) ਕੰਮ ਕੀਤਾ। ਦੂਜੇ ਪੜਾਅ 'ਚ ਲੋਕ ਸਭਾ ਨੇ 5 ਫੀਸਦੀ ਤੇ ਰਾਜ ਸਭਾ ਨੇ 6 ਫੀਸਦੀ ਹੀ ਕੰਮ ਕੀਤਾ। ਇਸ ਵਿੱਚੋਂ ਵੀ ਬਹੁਤਾ ਸਮਾਂ ਦਸਤਾਵੇਜ਼ ਪੇਸ਼ ਕਰਨ 'ਚ ਹੀ ਖਪਿਆ। ਬਜਟ ਅਜਲਾਸ 'ਚ ਬਜਟ ਨੂੰ ਪਾਸ ਕਰਨ ਤੋਂ ਇਲਾਵਾ ਵੱਖ-ਵੱਖ ਮੰਤਰਾਲਿਆਂ ਦੇ ਖਰਚੇ ਪਾਸ ਕਰਨੇ ਹੁੰਦੇ ਹਨ। ਸਾਰੇ ਮੰਤਰਾਲਿਆਂ ਦੇ 42 ਲੱਖ ਕਰੋੜ ਰੁਪਏ ਦੇ ਖਰਚੇ ਬਿਨਾਂ ਬਹਿਸ ਦੇ ਪਾਸ ਕਰ ਦਿੱਤੇ ਗਏ। ਇੱਥੋਂ ਤੱਕ ਕਿ ਬਜਟ ਵੀ ਬਿਨਾਂ ਖਾਸ ਬਹਿਸ ਦੇ ਪਾਸ ਕਰ ਦਿੱਤਾ ਗਿਆ। ਰਾਜ ਸਭਾ ਬਜਟ ਦੌਰਾਨ ਚੋਣਵੇਂ ਮੰਤਰਾਲਿਆਂ ਦੇ ਕੰਮਕਾਜ 'ਤੇ ਬਹਿਸ ਕਰਦੀ ਹੈ। ਇਸ ਅਜਲਾਸ 'ਚ ਰੇਲਵੇ, ਕੌਸ਼ਲ ਵਿਕਾਸ, ਪੇਂਡੂ ਵਿਕਾਸ, ਸਹਿਕਾਰਤਾ ਤੇ ਸੱਭਿਆਚਾਰ ਮੰਤਰਾਲੇ ਸਮੇਤ 7 ਮੰਤਰਾਲਿਆਂ ਦੇ ਕੰਮਕਾਜ 'ਤੇ ਚਰਚਾ ਹੋਣੀ ਸੀ, ਪਰ ਕਿਸੇ 'ਤੇ ਨਹੀਂ ਹੋਈ। ਸੰਸਦ ਦੇ ਦੋਹਾਂ ਸਦਨਾਂ ਦੇ ਪ੍ਰਕਿਰਿਆਤਮਕ ਨਿਯਮਾਂ 'ਚ ਅੱਧੇ ਘੰਟੇ ਦੀ ਚਰਚਾ, ਥੋੜ੍ਹੀ ਮਿਆਦ ਦੀ ਚਰਚਾ ਤੇ ਕੰਮ ਰੋਕੂ ਮਤੇ 'ਤੇ ਚਰਚਾ ਸ਼ਾਮਲ ਹਨ। 17ਵੀਂ ਲੋਕ ਸਭਾ ਵਿਚ ਹੁਣ ਤੱਕ ਸਿਰਫ 11 ਥੋੜ੍ਹੀ ਮਿਆਦ ਦੀ ਚਰਚਾ ਤੇ ਇਕ ਅੱਧੇ ਘੰਟੇ ਦੀ ਚਰਚਾ ਹੋਈ ਹੈ। ਬਜਟ ਅਜਲਾਸ ਦੌਰਾਨ ਤਾਂ ਇਨ੍ਹਾਂ ਵਿੱਚੋਂ ਕੋਈ ਵੀ ਚਰਚਾ ਨਹੀਂ ਹੋਈ। ਰਾਜ ਸਭਾ ਵਿਚ ਨਿਯਮ 267 ਤਹਿਤ ਸਦਨ ਦੀ ਆਮ ਕਾਰਵਾਈ ਚੇਅਰਮੈਨ ਦੀ ਆਗਿਆ ਨਾਲ ਕਿਸੇ ਅਹਿਮ ਮੁੱਦੇ 'ਤੇ ਬਹਿਸ ਲਈ ਮੁਅੱਤਲ ਕੀਤੀ ਜਾ ਸਕਦੀ ਹੈ, ਜਿਵੇਂ ਲੋਕ ਸਭਾ 'ਚ ਕੰਮ ਰੋਕੂ ਮਤੇ 'ਤੇ ਹੁੰਦੀ ਹੈ। ਇਸ ਅਜਲਾਸ ਵਿਚ ਇਸ ਨਿਯਮ ਤਹਿਤ 150 ਤੋਂ ਵੱਧ ਨੋਟਿਸ ਦਿੱਤੇ ਗਏ ਸਨ, ਪਰ ਇਕ ਵੀ ਮਨਜ਼ੂਰ ਨਹੀਂ ਕੀਤਾ ਗਿਆ। ਆਪੋਜ਼ੀਸ਼ਨ ਨੇ ਸਰਕਾਰ ਨੂੰ ਘੇਰਨ ਲਈ ਜਿਹੜੇ ਵੀ ਮੁੱਦਿਆਂ 'ਤੇ ਬਹਿਸ ਦੀ ਮੰਗ ਕੀਤੀ, ਲੋਕ ਸਭਾ ਦੇ ਸਪੀਕਰ ਤੇ ਰਾਜ ਸਭਾ ਦੇ ਚੇਅਰਮੈਨ ਤੋਂ ਆਗਿਆ ਨਹੀਂ ਮਿਲੀ। 17ਵੀਂ ਲੋਕ ਸਭਾ ਵਿਚ ਇਕ ਹੋਰ ਗੱਲ ਦੇਖਣ ਨੂੰ ਆਈ ਹੈ ਕਿ ਇਹ ਬਿਨਾਂ ਡਿਪਟੀ ਸਪੀਕਰ ਤੋਂ ਹੀ ਚੱਲ ਰਹੀ ਹੈ। ਸੰਵਿਧਾਨ ਦੇ ਆਰਟੀਕਲ 93 ਵਿਚ ਕਿਹਾ ਗਿਆ ਹੈ ਕਿ ਲੋਕ ਸਭਾ ਛੇਤੀ ਤੋਂ ਛੇਤੀ ਸਪੀਕਰ ਤੇ ਡਿਪਟੀ ਸਪੀਕਰ ਦੀ ਚੋਣ ਕਰੇਗੀ। ਸੁਪਰੀਮ ਕੋਰਟ ਨੇ ਵੀ ਫਰਵਰੀ 2023 ਵਿਚ ਡਿਪਟੀ ਸਪੀਕਰ ਦੀ ਚੋਣ ਵਿਚ ਦੇਰੀ ਦੇ ਸੰਬੰਧ 'ਚ ਇਕ ਲੋਕ ਹਿੱਤ ਪਟੀਸ਼ਨ ਦਾ ਜਵਾਬ ਦੇਣ ਲਈ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ, ਪਰ ਸਰਕਾਰ 'ਤੇ ਕੋਈ ਅਸਰ ਨਹੀਂ ਹੋਇਆ।*

## ਪਾਠਕ ਸੱਥ

### ਰਿਕਾਰਡ-ਤੋੜ ਮਹਿੰਗਾਈ

ਵਧਦੀ ਆਬਾਦੀ, ਬੇਰੁਜ਼ਗਾਰੀ ਅਤੇ ਰਿਕਾਰਡ ਤੋੜ ਰਹੀ ਮਹਿੰਗਾਈ ਨੇ ਆਮ ਜਨ ਜੀਵਨ ਨੂੰ ਪ੍ਰਭਾਵਿਤ ਕਰਦੇ ਹੋਏ ਮੁੱਢਲੀਆਂ ਲੋੜਾਂ ਤੋਂ ਵਾਂਝਾ ਕਰ ਦਿੱਤਾ, ਚੰਗੀਆਂ ਸਿਹਤ ਸਹੂਲਤਾਂ ਅਤੇ ਉੱਚ ਸਿੱਖਿਆ ਦੀ ਪ੍ਰਾਪਤੀ ਤਾਂ ਹੁਣ ਦੂਰ ਦੀ ਗੱਲ ਲੱਗਦੀ ਹੈ। ਨੋਟਬੰਦੀ, ਜੀ ਐੱਸ ਟੀ ਲਾਗੂ ਕਰਨਾ, ਕੋਰੋਨਾ ਦਾ ਕਹਿਰ ਅਤੇ ਘਟਦੀ ਉਜ਼ਰਤ ਨੇ ਆਰਥਿਕ ਪਾੜੇ ਵਿੱਚ ਵਾਧਾ ਕੀਤਾ ਹੈ। 2013 ਵਿੱਚ ਦਸ ਕਿੱਲੋ ਆਟੇ ਦੀ ਥੈਲੀ 210 ਰੁਪਏ 'ਚ ਮਿਲਦੀ ਸੀ, ਜੋ ਅੱਜ 2023 ਵਿੱਚ 440 ਰੁਪਏ ਨੂੰ ਜਾ ਪਹੁੰਚੀ ਹੈ। ਦੁੱਧ ਵਿੱਚ ਵੀ ਦੁੱਗਣਾ ਵਾਧਾ ਹੋਇਆ ਹੈ। ਪੈਟਰੋਲ ਦੀ ਕੀਮਤ 66 ਤੋਂ 96 ਰੁਪਏ ਅਤੇ ਡੀਜ਼ਲ 52 ਰੁਪਏ ਤੋਂ ਚੱਲਦਾ ਹੋਇਆ 90 'ਤੇ ਜਾ ਢੁੱਕਿਆ ਹੈ। 2013 ਤੋਂ 2023 ਦੌਰਾਨ ਤਰੱਕੀਆਂ ਦੇ ਬਹੁਤ ਗੁਣਗਾਣ ਕੀਤੇ ਗਏ, ਪਰ ਤਰੱਕੀ ਕਿੱਥੇ ਹੈ। ਮਜ਼ਦੂਰਾਂ ਦੀ ਦਿਹਾੜੀ 'ਚ ਨਿਗੂਣਾ ਵਾਧਾ ਹੁੰਦਾ, ਮਜ਼ਦੂਰਾਂ ਦੀ ਦਿਹਾੜੀ ਕਿਹੜਾ ਰੋਜ਼ ਲੱਗਦੀ ਹੈ। ਮਨਰੇਗਾ ਵਰਗੀਆਂ ਸਕੀਮਾਂ ਤਾਂ ਭ੍ਰਿਸ਼ਟਾਚਾਰ ਦੀ ਭੇਟ ਚੜ੍ਹਦੀਆਂ ਹੋਈਆਂ ਦਮ ਤੋੜ ਰਹੀਆਂ ਹਨ। ਦਿਨੋਂ ਵਧ ਰਹੇ ਆਰਥਿਕ ਪਾੜੇ ਨੂੰ ਰੋਕਣ ਅਤੇ ਵਧ ਰਹੀ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਬਣਾਈਆਂ ਯੋਜਨਾਵਾਂ ਦੀ ਛਾਣ-ਬੀਣ ਕਰਦੇ ਹੋਏ ਮੁੜ ਸੁਰਜੀਤ ਕਰਕੇ ਉਹਨਾਂ ਨੂੰ ਪਾਰਦਰਸ਼ਤਾ ਨਾਲ ਲਾਗੂ ਕਰਨਾ ਹੋਵੇਗਾ। ਵਿਸ਼ਵ ਵਿੱਚੋਂ ਪੰਜਵੇਂ ਨੰਬਰ ਦੀ ਅਰਥਵਿਵਸਥਾ ਬਣਾਉਣ ਵੇਲੇ ਇਹ ਜ਼ਰੂਰ ਧਿਆਨ ਦਿੱਤਾ ਜਾਵੇ ਕਿ ਦੋ ਵਕਤ ਦੀ ਰੋਟੀ, ਕੱਪੜੇ, ਮਿਆਰੀ ਸਿੱਖਿਆ ਅਤੇ ਲੋੜੀਂਦੀਆਂ ਸਿਹਤ ਸਹੂਲਤਾਂ ਲੋਕਾਂ ਦੀ ਪਹੁੰਚ 'ਚ ਹੋਣ ਨਾਲ ਹੀ ਦੇਸ਼ ਦੀ ਖੁਸ਼ਹਾਲੀ ਅਤੇ ਤਰੱਕੀ ਨੂੰ ਚਾਰ-ਚੰਨ ਲੱਗਣਗੇ।

**- ਰਜਵਿੰਦਰ ਪਾਲ ਸ਼ਰਮਾ**
**ਮੋਬਾਇਲ** 70873-67969

### ਫੁੱਟਪਾਥਾਂ ਤੋਂ ਕਬਜ਼ੇ ਹਟਾਓ

ਸ਼ਹਿਰਾਂ ਵਿੱਚ ਆਮ ਹੀ ਵੇਖਣ ਨੂੰ ਮਿਲਦਾ ਹੈ ਕਿ ਬਹੁਤੇ ਦੁਕਾਨਦਾਰ ਇੱਕ ਦੂਜੇ ਤੋਂ ਅੱਗੇ ਹੋ-ਹੋ ਕੇ ਆਪਣੀਆਂ ਦੁਕਾਨਾਂ ਦੇ ਮਸ਼ਹੂਰੀ ਵਾਲੇ ਬੋਰਡ ਦੁਕਾਨਾਂ ਅੱਗੇ ਫੁੱਟਪਾਥਾਂ 'ਤੇ ਰੱਖ ਦਿੰਦੇ ਹਨ, ਬਹੁਤੇ ਦੁਕਾਨਦਾਰ ਤਾਂ ਅਜਿਹੇ ਵੀ ਹਨ, ਜੋ ਉਤੋਂ ਤਾਂ ਬੜੇ ਧਰਮੀ ਕਿਸਮ ਦੇ ਹੁੰਦੇ ਹਨ, ਪਰ ਆਪਣੀ ਦੁਕਾਨ ਦਾ ਸਾਮਾਨ ਸਰੇਆਮ ਫੁੱਟਪਾਥਾਂ 'ਤੇ ਰੱਖ ਕੇ ਲੰਘਣ ਵਾਲੇ ਰਾਹਗੀਰਾਂ ਲਈ ਵੱਡੀ ਮੁਸੀਬਤ ਖੜੀ ਕਰਦੇ ਹਨ। ਦੁਕਾਨਦਾਰਾਂ ਨੂੰ ਵੀ ਚਾਹੀਦਾ ਹੈ ਕਿ ਉਹ ਮਨੁੱਖਤਾ ਦੀ ਭਲਾਈ ਨੂੰ ਧਿਆਨ 'ਚ ਰੱਖਦੇ ਹੋਏ ਨੈਤਿਕਤਾ ਦੇ ਆਧਾਰ 'ਤੇ ਫੁੱਟਪਾਥਾਂ ਨੂੰ ਖਾਲੀ ਰੱਖਣਾ ਚਾਹੀਦਾ ਹੈ, ਸਰਕਾਰ ਨੂੰ ਵੀ ਇਸ ਪਾਸੇ ਵਿਸ਼ੇਸ਼ ਧਿਆਨ ਦੇ ਕੇ ਸਖਤੀ ਵਰਤਣੀ ਚਾਹੀਦੀ ਹੈ।

**- ਬਲਜੀਤ ਸਿੰਘ ਕੁਲਾਰ**
**ਮੋਬਾਇਲ** 85588-61513

# ਉਸਾਰੂ ਸਾਹਿਤ ਹੀ ਸਮਾਜ ਦੀ ਯੋਗ ਅਗਵਾਈ ਕਰ ਸਕਦਾ



ਗੁਰਚਰਨ ਸਿੰਘ ਨੂਰਪੁਰ

ਸ਼ਬਦਾਂ ਦੀ ਘਾੜਤ ਘੜਨ ਵਾਲੇ ਜਾਣਦੇ ਹਨ ਕਿ ਸ਼ਬਦ ਬਹੁਤ ਵੱਡੀ ਤਾਕਤ ਹੁੰਦੇ ਹਨ। ਸ਼ਬਦ ਵਾਕ ਬਣਦੇ ਹਨ। ਵਾਕ ਤੋਂ ਪਾਠ ਅਤੇ ਪਾਠਾਂ ਤੋਂ ਅਗਾਂਹ ਕਿਤਾਬਾਂ ਬਣਦੀਆਂ ਹਨ। ਸ਼ਬਦ ਕਿਸੇ ਸਮਾਜ ਵਿੱਚ ਵੱਡੀਆਂ ਤਬਦੀਲੀਆਂ ਲਿਆਉਣ ਦੀ ਸ਼ਕਤੀ ਰੱਖਦੇ ਹਨ। ਪੰਜਾਬ ਦੀ ਜੇਕਰ ਗੱਲ ਕਰੀਏ ਤਾਂ ਇੱਥੇ ਸਾਡੇ ਗੁਰੂ ਸਾਹਿਬਾਨ ਨੇ ਸਾਨੂੰ ਸ਼ਬਦ ਨਾਲ ਜੁੜਨ ਦੀ ਤਾਕੀਦ ਕੀਤੀ। ਸ਼ਬਦਾਂ ਦੀ ਸ਼ਕਤੀ ਨੂੰ ਸਮਝਦਿਆਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਅਤੇ ਸ਼ਬਦ ਨੂੰ ਗੁਰੂ ਦਾ ਦਰਜਾ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਸ਼ਬਦ ਦੀ ਮਹੱਤਤਾ ਅਤੇ ਇਹਨਾਂ ਦੇ ਰਚਨਹਾਰਿਆਂ ਬਾਰੇ ਸਾਨੂੰ ਸਮਝਾਉਂਦਿਆਂ ਫੁਰਮਾਇਆ:-

ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ ॥
ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥ (ਪੰਨਾ 1291)

ਅਤੇ 'ਘੜੀਐ ਸ਼ਬਦੁ ਸਚੀ ਟਕਸਾਲ ॥' ਆਖ ਕੇ ਗੁਰੂ ਸਾਹਿਬ ਨੇ ਸ਼ਬਦ ਨੂੰ ਮਾਣ ਦਿੱਤਾ। ਦੁਨੀਆ ਦਾ ਇਤਿਹਾਸ ਗਵਾਹ ਹੈ ਕਿ ਕਿਤਾਬਾਂ ਕਿਸੇ ਵੀ ਸਮਾਜ ਵਿੱਚ ਵੱਡੇ ਇਨਕਲਾਬ ਲਿਆ ਸਕਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸਾ ਪੰਥ ਦੀ ਸਾਜਣਾ ਕਰਨਾ ਅਤੇ ਇਸ ਖਿੱਤੇ ਵਿੱਚ ਇੱਕ ਵੱਡੇ ਇਨਕਲਾਬ ਦਾ ਮੁੱਢ ਬੰਨ੍ਹਣਾ ਇਹ ਸਭ ਕੁਝ ਅਚਾਨਕ ਵਾਪਰੀਆਂ ਘਟਨਾਵਾ ਨਹੀਂ ਸਨ, ਇਹਨਾਂ ਪਿੱਛੇ ਜਿੱਥੇ ਗੁਰੂ ਸਾਹਿਬਾਨਾਂ ਦੀ ਦੂਰਦ੍ਰਿਸ਼ਟੀ ਕੰਮ ਕਰਦੀ ਸੀ, ਉੱਥੇ ਇਸ ਪਿੱਛੇ ਸ਼ਬਦਾਂ ਦੀ ਤਾਕਤ ਵੀ ਸੀ ਜਿਸ, ਸਦਕਾ ਇੱਕ ਵੱਖਰੀ ਕੌਮ ਦੀ ਸਿਰਜਣਾ ਹੋਈ ਜੋ ਜਾਬਰਾਂ-ਬਾਬਰਾਂ ਨਾਲ ਆਢਾ ਲਾਉਣ ਦੀ ਹਿੰਮਤ ਰੱਖਦੀ ਸੀ। ਖਾਲਸਾ ਪੰਥ ਦੀ ਸਾਜਣਾ ਪਿੱਛੇ ਪਰਜਾ 'ਤੇ ਜ਼ੁਲਮ ਕਰਨ ਵਾਲੇ ਰਾਜ ਘਰਾਣਿਆਂ ਨੂੰ 'ਸ਼ੀਹ ਆਖਣਾ ਅਤੇ ਅਖੌਤੀ ਧਾਰਮਿਕ ਜਮਾਤ ਜੋ ਲੋਕਾਂ ਦੇ ਖੂਨ-ਪਸੀਨੇ 'ਤੇ ਪਲਦੀ ਹੈ ਨੂੰ, ਕਾਜੀ ਕੂੜੁ ਬੋਲਿ ਮਲੁ ਖਾਇ ਬਰਾਹਮਣ ਨਾਵੈ ਜੀਆ ਘਾਇ ॥ ਸੱਚ ਦਾ ਹੋਕਾ ਦੇਣ ਵਾਲੀ ਗੁਰੂ ਨਾਨਕ ਦੇਵ ਜੀ ਦੀ ਕ੍ਰਾਂਤੀਕਾਰੀ ਸੋਚ ਵੀ ਕੰਮ ਕਰ ਰਹੀ ਸੀ। ਇਸ ਤਰ੍ਹਾਂ ਸ਼ਬਦ ਕਿਸੇ ਵੀ ਖਿੱਤੇ ਵਿੱਚ ਸਮਾਜਿਕ ਤਬਦੀਲੀ ਲਿਆਉਣ ਵਿੱਚ ਸਭ ਵੱਡਾ ਯੋਗਦਾਨ ਦਿੰਦੇ ਹਨ।

ਕਾਰਲ ਮਾਰਕਸ, ਮੈਕਸੀਅਮ ਗੋਰਕੀ, ਲਿਉ ਟਾਲਸਟਾਏ ਵਰਗੇ ਮਹਾਨ ਲੇਖਕਾਂ ਦੀਆਂ ਲਿਖਤਾਂ ਨੂੰ ਪੜ੍ਹ ਕੇ ਦੁਨੀਆ ਦੇ ਲੱਖਾਂ ਲੋਕਾਂ ਨੂੰ ਪ੍ਰੇਰਣਾ ਮਿਲੀ। ਅਜਿਹੇ ਕਈ ਹੋਰ ਲੇਖਕਾਂ ਦੀਆਂ ਲਿਖਤਾਂ ਨੇ ਸਮਾਜ ਵਿੱਚ ਵੱਡੀਆਂ ਤਬਦੀਲੀਆਂ ਦਾ ਮੁੱਢ ਬੰਨ੍ਹਿਆ। ਲੁੱਟੀਆਂ-ਪੁੱਟੀਆਂ ਜਮਾਤਾਂ ਨੂੰ ਇਹਨਾਂ ਲੇਖਕਾਂ ਦੇ ਸ਼ਬਦਾਂ ਨੇ ਤਾਕਤ ਦਿੱਤੀ ਅਤੇ ਹਰ ਤਰ੍ਹਾਂ ਦੇ ਜਬਰ-ਜ਼ੁਲਮ ਖਿਲਾਫ ਆਵਾਜ਼ ਬੁਲੰਦ ਕਰਨ ਦਾ ਲੱਖਾਂ ਲੋਕਾਂ ਵਿੱਚ ਸਾਹਸ ਪੈਦਾ ਹੋਇਆ।

ਅਮਰੀਕਾ ਦੀ ਲੇਖਕਾ ਹੈਰੀਅਟ ਬੀਚਰ ਸਟੋ ਦਾ ਨਾਵਲ 'ਅੰਕਲ ਟੌਮਸ ਕੈਬਿਨ' ਲੱਖਾਂ ਗੁਲਾਮਾਂ ਦੀ ਜ਼ਿੰਦਗੀ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਦਾ ਮਾਧਿਅਮ ਬਣਿਆ। ਸੰਨ 1852 ਦੇ ਆਸ-ਪਾਸ ਜਦੋਂ ਇਹ ਨਾਵਲ ਛਪਿਆ ਤਾਂ ਕਿਹਾ ਜਾਂਦਾ ਹੈ ਕਿ ਅਮਰੀਕਾ ਦੀ ਆਬਾਦੀ ਉਦੋਂ ਸਾਢੇ ਤਿੰਨ ਕਰੋੜ ਸੀ, ਇਹ ਨਾਵਲ ਬੜੀ ਤੇਜ਼ੀ ਨਾਲ ਪੰਜਾਹ ਲੱਖ ਲੋਕਾਂ ਦੇ ਹੱਥਾਂ ਵਿੱਚ ਪਹੁੰਚ ਗਿਆ। ਇਸ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਹਰ ਪੰਜਵੇਂ ਅਮਰੀਕੀ ਕੋਲ ਇਸ ਨਾਵਲ ਦੀ ਇੱਕ ਕਾਪੀ ਸੀ। ਇਸ ਨਾਵਲ ਨੇ ਗੁਲਾਮ ਪ੍ਰਥਾ ਵਿਰੁੱਧ ਇੱਕ ਫੈਸਲਾਕੁੰਨ ਲੜਾਈ ਦਾ ਮੁੱਢ ਬੰਨ੍ਹਿਆ, ਜਿਸ ਦੀ ਅਗਵਾਈ ਇਬਰਾਹਿਮ ਲਿੰਕਨ ਨੇ ਕੀਤੀ। ਇਹ ਇੱਕ ਅਜਿਹੀ ਕਿਤਾਬ ਸੀ, ਜਿਸ ਨੇ ਗੁਲਾਮਾਂ ਨੂੰ ਉਹਨਾਂ ਦੀ ਗੁਲਾਮੀ ਅਤੇ ਇਹਨਾਂ ਦੇ ਮਾਲਕਾਂ ਨੂੰ ਗੁਲਾਮਾਂ ਪ੍ਰਤੀ ਅਮਾਨਵੀ ਵਿਵਹਾਰ ਦਾ ਅਹਿਸਾਸ ਕਰਾ ਦਿੱਤਾ। ਇਹ ਇੱਕ ਅਜਿਹੀ ਕ੍ਰਾਂਤੀਕਾਰੀ ਕਿਤਾਬ ਸੀ, ਜਿਸ ਨੇ ਲੱਖਾਂ ਲੋਕਾਂ ਦੇ ਜੀਵਨ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ। ਦੁਨੀਆ ਦੇ ਜਿਹੜੇ ਖਿੱਤਿਆਂ ਦੇ ਲੋਕ ਕਿਤਾਬਾਂ ਨਾਲ ਜੁੜਦੇ ਹਨ, ਉਹ ਆਪਣਾ ਸਹੀ ਅਰਥਾਂ ਵਿੱਚ ਵਿਕਾਸ ਕਰਦੇ ਹਨ। ਪੰਜਾਬ ਤੋਂ ਬਾਅਦ ਅਜ਼ਾਦੀ ਦੀ ਲੜਾਈ ਵਿੱਚ ਬੰਗਾਲ ਦੇ ਲੋਕਾਂ ਨੇ ਭਾਰਤ ਦੇ ਹੋਰ ਸੂਬਿਆਂ ਦੇ ਮੁਕਾਬਲੇ ਵੱਧ ਕੁਰਬਾਨੀਆਂ ਕੀਤੀਆਂ ਇਸ ਦਾ ਕਾਰਨ ਵੀ ਇਹ ਸੀ ਕਿ ਇੱਥੋਂ ਦੇ ਵੱਡੀ ਗਿਣਤੀ ਲੋਕਾਂ ਦਾ ਕਿਤਾਬਾਂ ਨਾਲ ਜੁੜੇ ਹੋਏ ਹੋਣਾ ਸੀ। ਇੰਗਲੈਂਡ-ਫਰਾਂਸ ਵਰਗੇ ਮੁਲਕਾਂ ਬਾਰੇ ਕਿਹਾ ਜਾਂਦਾ ਹੈ ਕਿ ਇੱਥੇ ਜੇਕਰ ਇੱਕ ਬੱਸ ਵਿੱਚ ਪੰਜਾਹ ਲੋਕ ਸਫਰ ਕਰ ਰਹੇ ਹੁੰਦੇ ਸਨ ਤਾਂ ਇਹਨਾਂ 'ਚੋਂ ਚਾਲੀ ਸਵਾਰੀਆਂ ਕੋਈ ਨਾ ਕੋਈ ਕਿਤਾਬ ਪੜ੍ਹ ਰਹੀਆਂ ਹੁੰਦੀਆਂ ਸਨ। ਇਹਨਾਂ ਲੋਕਾਂ ਦੀ ਸੋਚ ਵਿੱਚ ਵਿਸ਼ਾਲਤਾ ਆਈ। ਇਹ ਦੁਨੀਆ ਦੇ ਦੂਜੇ ਦੇਸ਼ਾਂ ਵਿੱਚ ਗਏ। ਅੱਜ ਵੀ ਦੁਨੀਆ ਭਰ ਦੇ ਲੋਕ ਇਹਨਾਂ ਦੇਸ਼ਾਂ ਵਿੱਚ ਜਾ ਕੇ ਰਹਿਣ ਨੂੰ ਤਰਜੀਹ ਦਿੰਦੇ ਹਨ, ਬੇਸ਼ੱਕ ਇਸ ਸਭ ਕੁਝ ਦਾ ਸਿਹਰਾ ਕਿਸੇ ਦੇਸ਼ ਦੀ ਰਾਜਸੀ ਵਿਵਸਥਾ ਨੂੰ ਚਲਾਉਣ ਵਾਲਿਆਂ ਨੂੰ ਜਾਂਦਾ ਹੈ, ਪਰ ਉਹਨਾਂ ਦੀ ਸੋਚ ਦੀ ਸ਼ਕਤੀ ਸ਼ਬਦ ਹੀ ਬਣਦੇ ਹਨ।

ਅੱਜ ਦੇ ਦੌਰ ਦੀ ਤਰਾਸਦੀ ਇਹ ਹੈ ਕਿ ਸ਼ਬਦ ਨਾਲ ਸਾਡੀ ਸਾਂਝ ਉਸ ਤਰ੍ਹਾਂ ਦੀ ਨਹੀਂ, ਜਿਸ ਤਰ੍ਹਾਂ ਦੀ ਹੋਣੀ ਚਾਹੀਦੀ ਸੀ। ਇਸ ਦੇ ਦੋ ਕਾਰਨ ਹਨ, ਇੱਕ ਤਾਂ ਇਹ ਕਿ ਸਾਡੇ ਜਨਮਾਨਸ ਦੀ ਸੋਚ ਤਰਕਸ਼ੀਲ ਨਹੀਂ ਬਣੀ। ਅਸੀਂ ਵਿਵੇਕ ਤੋਂ ਕੰਮ ਲੈਣ ਦੀ ਬਜਾਏ ਸ਼ਬਦਾਂ ਦੇ ਪੂਜਕ ਬਣ ਕੇ ਰਹਿ ਗਏ। ਆਪਣਾ ਤੋਰੀ-ਫੁਲਕਾ ਚਲਾਉਣ ਵਾਲੀਆਂ ਅਖੌਤੀ ਜਮਾਤਾਂ ਨੇ ਜਨਮਾਨਸ ਦੀ ਸੋਚ ਨੂੰ ਹੋਰ ਖੁੰਡਾ ਕਰਕੇ ਸਮਾਜ ਦੇ ਅਗਿਆਨ ਤੋਂ ਮੋਟੀਆਂ ਕਮਾਈਆਂ ਕੀਤੀਆਂ ਅਤੇ ਆਪਣੇ ਅੰਧਵਿਸ਼ਵਾਸ ਦੇ ਅੱਡਿਆਂ ਦਾ ਵਿਸਥਾਰ ਕੀਤਾ। ਆਲੀਸ਼ਾਨ ਡੇਰੇ ਸੰਪਰਦਾਵਾਂ ਧਰਮ ਅਸਥਾਨ ਬਣਾਏ ਅਤੇ ਇਹਨਾਂ ਵਿੱਚ ਸ਼ਹਿਨਸ਼ਾਹਾਂ ਵਾਲਾ ਜੀਵਨ ਬਤੀਤ ਕਰਨ ਨੂੰ ਤਰਜੀਹ ਦਿੱਤੀ। ਅਜੋਕੀਆਂ ਅਖੌਤੀ ਧਾਰਮਿਕ ਜਮਾਤਾਂ ਦੇ ਆਗੂਆਂ ਨੇ ਲੋਕਾਂ ਨੂੰ ਵਿਵੇਕਸ਼ੀਲ ਤਾਂ ਕੀ ਬਣਾਉਣਾ ਸੀ, ਮੁਲਕ ਦੀ ਨਿੱਘਰੀ ਰਾਜਸੀ ਅਤੇ ਸਮਾਜਿਕ ਹਾਲਤ ਪ੍ਰਤੀ ਸੁਚੇਤ ਤਾਂ ਕੀ ਕਰਨਾ ਸੀ, ਸਗੋਂ ਇਹ ਲੋਕ ਰਾਜਸੀ ਤਾਕਤਾਂ ਦੇ ਹੱਥਠੋਕੇ ਬਣ ਲੋਕ ਮਾਰੂ ਰਾਜਸੀ ਚਾਲਾਂ ਦੇ ਹਿੱਸੇਦਾਰ ਵੀ ਬਣ ਰਹੇ ਹਨ। ਦੂਜਾ ਸੂਚਨਾ ਅਤੇ ਟੈਕਨਾਲਾਜੀ ਦੇ ਹੋਏ ਵਿਸਥਾਰ ਨਾਲ ਸਾਡੀ ਨੌਜਵਾਨ ਪੀੜ੍ਹੀ ਦਾ ਸਮਾਂ ਕਿਸੇ ਲਿਖਤ ਨੂੰ ਪੜ੍ਹ ਨਾਲੋਂ ਚੀਜ਼ਾਂ ਨੂੰ ਵੇਖਣ ਵਿੱਚ ਵਧੇਰੇ ਖਰਚ ਹੋਣ ਲੱਗ ਪਿਆ। ਕੋਈ ਸਮਾਂ ਸੀ ਜਦੋਂ ਮਨੁੱਖ ਕੋਲ ਲਿਖਣ ਦੀ ਜੁਗਤ ਨਹੀਂ ਸੀ, ਉਹ ਸ਼ਬਦ ਨੂੰ ਕੇਵਲ ਬੋਲਦਾ ਸੀ, ਇਹ ਸ਼ਬਦ ਸੀਨਾ-ਬਾ-ਸੀਨਾ ਦੂਜਿਆਂ ਤੱਕ ਪਹੁੰਚਦਿਆਂ ਕਿਤੇ ਵਿਗੜ ਨਾ ਜਾਣ, ਇਸ ਲਈ ਇਹਨਾਂ ਨੂੰ ਕੰਠ ਕਰਾਇਆ ਜਾਂਦਾ ਸੀ। ਫਿਰ ਮਨੁੱਖ ਨੇ ਪੜ੍ਹਨਾ-ਲਿਖਣਾ ਸਿੱਖਿਆ ਅਤੇ ਉਹ ਸਾਹਿਤ ਅਤੇ ਕਿਤਾਬਾਂ ਨਾਲ ਬਾਵਾਸਤਾ ਹੋਇਆ। ਅੱਜ ਦੇ ਦੌਰ ਨੇ ਇੱਕ ਵਾਰ ਫਿਰ ਮਨੁੱਖ ਅੱਗੇ ਪੜ੍ਹਨ ਨਾਲੋਂ ਵੇਖਣ ਦੀਆਂ ਵਸਤਾਂ ਵਧੇਰੇ ਪਰੋਸਣੀਆਂ ਸ਼ੁਰੂ ਕਰ ਦਿੱਤੀਆਂ ਹਨ ਅਤੇ ਇਸ ਨਾਲ ਉਸ ਦੀ ਸ਼ਬਦਾਂ ਪ੍ਰਤੀ ਇਕਾਗਰਤਾ ਵੀ ਪ੍ਰਭਾਵਿਤ ਹੋ ਰਹੀ ਹੈ।

ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਗੁਰਦਿਆਲ ਸਿੰਘ ਅਨੁਸਾਰ ਮਹਾਨ ਸਾਹਿਤ ਦਾ ਪ੍ਰਭਾਵ ਨਿੱਕੀ ਕਣੀ ਦੇ ਮੀਂਹ ਵਰਗਾ ਹੁੰਦਾ ਹੈ, ਜੋ ਅਣਜਾਣੇ ਹੀ ਸਾਡੇ ਖੂਨ ਵਿੱਚ ਰਚ ਜਾਂਦਾ ਹੈ ਤੇ ਪਾਠਕ ਨੂੰ ਏਨਾ ਪ੍ਰਭਾਵਿਤ ਕਰਦਾ ਹੈ ਕਿ ਮਾਨਵੀ ਜੀਵਨ ਦੇ ਅਰਥ ਹੀ ਬਦਲ ਜਾਂਦੇ ਹਨ। ਸਿੱਟਾ ਇਹ ਹੁੰਦਾ ਹੈ ਕਿ ਅਚੇਤ-ਸੁਚੇਤ ਪਾਠਕ ਤੇ ਆਮ ਲੋਕ ਸਿਆਸਤ ਦੇ ਅਮਾਨਵੀ ਖਾਸੇ ਉੱਤੇ ਹਾਵੀ ਹੋਣ ਲੱਗਦੇ ਹਨ ਅਤੇ ਸਮਾਜ ਦਾ ਮੁਹਾਣ ਬਦਲ ਜਾਂਦਾ ਹੈ। ਇਸ ਲਈ ਸਾਹਿਤ ਸਮਾਜਿਕ ਤਬਦੀਲੀ ਦਾ ਮਹੱਤਵਪੂਰਨ ਅਧਾਰ ਹੈ।

ਅੱਜ ਦਾ ਯੁੱਗ ਵੇਖਣ ਅਤੇ ਵਿਖਾਉਣ ਦਾ ਯੁੱਗ ਬਣ ਗਿਆ ਹੈ। ਜਿੱਥੇ ਅਸੀਂ ਵਰਤਾਰਿਆਂ ਨੂੰ ਪੜ੍ਹ ਕੇ ਸਮਝਣ ਦੀ ਬਜਾਏ ਵੇਖਣ ਨੂੰ ਤਰਜੀਹ ਦੇਣ ਲੱਗੇ ਹਾਂ, ਉਥੇ ਹਰ ਤਰ੍ਹਾਂ ਦੇ ਵਰਤਾਰਿਆਂ ਪ੍ਰਤੀ ਸਾਡੀ ਸਮਝ ਪੇਤਲੀ ਹੋ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਟੈਕਨਾਲੋਜੀ ਦੇ ਇਸ ਦੌਰ ਵਿੱਚ ਚੰਗੀਆਂ-ਮਾੜੀਆਂ, ਲੋੜੀਂਦੀਆਂ ਅਤੇ ਬੇਲੋੜੀਆਂ ਚੀਜ਼ਾਂ ਦਾ ਹੜ੍ਹ ਏਨਾ ਵਿਸ਼ਾਲ ਹੈ ਕਿ ਇਹ ਸਾਡੀ ਇਕਾਗਰਤਾ ਨੂੰ ਭੰਗ ਕਰਨ ਲੱਗ ਪਿਆ ਹੈ। ਬੇਸ਼ੱਕ ਕੰਪਿਊਟਰ, ਲੈਪਟਾਪ ਅਤੇ ਮੋਬਾਇਲ ਦੀਆਂ ਸਕਰੀਨਾਂ 'ਤੇ ਹੁਣ ਈਬੁੱਕ ਉਪਲੱਬਧ ਹੋ ਗਈਆਂ ਹਨ, ਪਰ ਈਬੁੱਕ, ਕਿਤਾਬ ਦਾ ਮੁਕਾਬਲਾ ਨਹੀਂ ਕਰ ਸਕਦੀ। ਅੱਜ ਲੋੜ ਹੈ ਕਿ ਬੱਚਿਆਂ ਅਤੇ ਨੌਜਵਾਨ ਪੀੜ੍ਹੀ ਨੂੰ ਸਾਹਿਤ ਦੀ ਮਹੱਤਤਾ ਬਾਰੇ ਦੱਸਿਆ ਜਾਵੇ। ਇੱਕ ਆਮ ਪਾਠਕ ਲਈ ਇਹ ਵੱਡੀ ਸਮੱਸਿਆ ਇਹ ਹੈ ਕਿ ਚੰਗੇ ਸਾਹਿਤ ਦੀ ਚੋਣ ਕਿਵੇਂ ਕੀਤੀ ਜਾਵੇ। ਇਸ ਦਾ ਸਭ ਤੋਂ ਵਧੀਆ ਹੱਲ ਸ਼ਾਇਦ ਇਹ ਹੈ ਕਿ ਕਿਤਾਬਾਂ ਨਾਲ ਜੁੜਿਆ ਜਾਵੇ, ਕਿਉਂਕਿ ਕਿਤਾਬਾਂ ਨਾਲ ਜੁੜ ਕੇ ਹੀ ਸਾਡੀ ਪਹੁੰਚ ਚੰਗੀਆਂ ਕਿਤਾਬਾਂ ਤੱਕ ਹੋ ਸਕਦੀ ਹੈ। ਹਰ ਘਰ ਵਿੱਚ ਕਿਤਾਬਾਂ ਲਈ ਕੁਝ ਥਾਂ ਨੀਯਤ ਕੀਤੀ ਜਾਵੇ। ਆਪਣੀ ਕਮਾਈ ਦਾ ਕੁਝ ਹਿੱਸਾ ਕਿਤਾਬਾਂ 'ਤੇ ਖਰਚ ਕੀਤਾ ਜਾਵੇ। ਇਸ ਵੇਲੇ ਹਾਲਾਤ ਇਹ ਹਨ ਕਿ ਪੜ੍ਹੇ-ਲਿਖੇ ਬਹੁਗਿਣਤੀ ਲੋਕ ਵੀ ਸਾਹਿਤਕ ਕਿਤਾਬ 'ਤੇ ਪੈਸਾ ਖਰਚ ਕਰਨ ਨੂੰ ਫਜ਼ੂਲ ਖਰਚੀ ਸਮਝਦੇ ਹਨ, ਜਦਕਿ ਸਾਹਿਤਕ ਕਿਤਾਬਾਂ 'ਤੇ ਖਰਚ ਹੋਇਆ ਪੈਸਾ ਕਦੇ ਵਿਅਰਥ ਨਹੀਂ ਜਾਂਦਾ। ਅੱਜ ਪੂਰੀ ਦੁਨੀਆ ਦੇ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਵਿਸ਼ਾ ਮਾਹਿਰ ਮਨੁੱਖ ਪੈਦਾ ਕਰਨ ਵਿੱਚ ਲੱਗੇ ਹੋਏ ਹਨ, ਜਦਕਿ ਧਰਤੀ ਨੂੰ ਸਭ ਤੋਂ ਵੱਧ ਲੋੜ ਚੰਗੇ ਮਨੁੱਖਾਂ ਦੀ ਹੈ। ਅੱਜ ਇੱਕ ਵਾਰ ਫਿਰ ਇਹ ਵਿਚਾਰੇ ਜਾਣ ਦੀ ਲੋੜ ਹੈ ਕਿ ਧਰਤੀ 'ਤੇ ਹੋਏ ਵਿਗਾੜਾਂ ਦਾ ਵੱਡਾ ਕਾਰਨ ਸਾਡੀ ਅਜੋਕੀ ਵਿੱਦਿਆ ਤਾਂ ਨਹੀਂ? ਕਿਉਂਕਿ ਸਭ ਤੋਂ ਵੱਧ ਵਿਗਾੜਾਂ ਲਈ ਅਨਪੜ੍ਹਾਂ ਜਾਂ ਘੱਟ ਪੜ੍ਹੇ-ਲਿਖੇ ਲੋਕਾਂ ਦੇ ਮੁਕਾਬਲੇ ਵੱਧ ਪੜ੍ਹੇ -ਲਿਖੇ ਲੋਕ ਜ਼ਿੰਮੇਵਾਰ ਹਨ। ਅਜਿਹਾ ਸ਼ਾਇਦ ਇਸ ਲਈ ਹੋ ਰਿਹਾ ਹੈ ਸਾਡੇ ਸਿਲੇਬਸਾਂ 'ਚੋਂ ਸਾਹਿਤਕ ਵੰਨਗੀਆਂ ਨੂੰ ਸੀਮਤ ਕਰ ਦਿੱਤਾ ਗਿਆ ਹੈ। ਕਿਸੇ ਵੀ ਸਮਾਜ ਦੇ ਸੰਤੁਲਤ ਵਿਕਾਸ ਲਈ ਸਾਹਿਤ ਬਹੁਤ ਵੱਡੀ ਭੂਮਿਕਾ ਅਦਾ ਕਰਦਾ ਹੈ, ਪਰ ਸਿਲੇਬਸਾਂ ਸਕੂਲਾਂ-ਕਾਲਜਾਂ ਵਿੱਚ ਸਾਹਿਤਕ ਵਿਸ਼ਿਆਂ ਨੂੰ ਬੇਲੋੜੇ ਸਮਝਿਆ ਜਾ ਰਿਹਾ ਹੈ, ਜਦਕਿ ਚਾਹੀਦਾ ਤਾਂ ਇਹ ਸੀ ਕਿ ਸਾਹਿਤਕ ਵਿਸ਼ਿਆਂ ਦੇ ਨਾਲ-ਨਾਲ ਸਾਹਿਤ ਦੀ ਸ਼ਕਤੀ ਦੀ ਪਹਿਚਾਣ ਕਰਨ ਵਾਲੇ ਵਿਸ਼ੇ ਵੀ ਸਾਡੇ ਸਿਲੇਬਸਾਂ ਦਾ ਹਿੱਸਾ ਬਣਦੇ। ਅੱਜ ਵਿਦਿਅਕ ਸੰਸਥਾਵਾਂ ਵਿੱਚ ਆਧੁਨਿਕਤਾ ਦੇ ਨਾਂਅ 'ਤੇ ਬੱਚਿਆਂ 'ਤੇ ਬੇਲੋੜੇ ਵਾਧੂ ਵਿਸ਼ਿਆਂ ਦਾ ਬੋਝ ਲੱਦਿਆ ਜਾ ਰਿਹਾ ਹੈ। ਇਹ ਸਭ ਕੁਝ ਬੱਚਿਆਂ ਅੰਦਰ ਮਾਨਵੀ ਗੁਣਾਂ ਦਾ ਸੰਚਾਰ ਕਰਨ ਦੀ ਬਜਾਏ ਉਹਨਾਂ ਦੇ ਮਨਾਂ ਅੰਦਰ ਕਈ ਤਰ੍ਹਾਂ ਦੇ ਵਿਕਾਰਾਂ ਦਾ ਕਾਰਨ ਵੀ ਬਣਦਾ ਹੈ। ਸਮਾਜ ਨੂੰ ਮਾਨਵਵਾਦੀ ਸੋਚ ਅਤੇ ਵਿਵਹਾਰ ਦੀ ਸਭ ਤੋਂ ਵੱਧ ਲੋੜ ਹੈ, ਪਰ ਵਿੱਦਿਅਕ ਸੰਸਥਾਵਾਂ 'ਤੇ ਧਨਾਢ ਕਾਰੋਬਾਰੀ ਕਾਬਜ਼ ਹੋ ਗਏ ਹਨ, ਇਹਨਾਂ ਦੀ ਹਰ ਕੋਸ਼ਿਸ਼ ਵੱਧ ਤੋਂ ਵੱਧ ਮੁਨਾਫਾ ਬਟੋਰਨ ਲਈ ਹੈ। ਇਹੋ ਹੀ ਕਾਰਨ ਹੈ ਕਿ ਕਦੇ-ਕਦੇ ਅਸੀਂ ਕੋਈ ਐਸੀ ਖਬਰ ਪੜ੍ਹਦੇ ਹਾਂ, ਜਿਸ ਰਾਹੀਂ ਸਾਨੂੰ ਪਤਾ ਚੱਲਦਾ ਹੈ ਕਿ ਵਿਦਿਅਕ ਸੰਸਥਾਵਾਂ ਦੀਆਂ ਵੱਡੀਆਂ ਕੁਰਸੀਆਂ 'ਤੇ ਵੀ ਕਿੰਨੇ ਬੌਣੇ ਲੋਕ ਬੈਠੇ ਹੋਏ ਹਨ। ਸਮਾਜ ਨੂੰ ਸਾਹਿਤ ਦੀ ਕਿੰਨੀ ਲੋੜ ਹੈ, ਅਸੀਂ ਇਹ ਲੋੜ ਆਪਣੇ ਬੱਚਿਆਂ ਅਤੇ ਨੌਜਵਾਨਾਂ ਨੂੰ ਸਮਝਾਉਣ ਵਿੱਚ ਅਸਫਲ ਰਹੇ ਹਾਂ। ਇਸ ਸੰਬੰਧੀ ਕੰਮ ਕੀਤਾ ਜਾਣਾ ਚਾਹੀਦਾ ਹੈ।

ਸਾਹਿਤ ਨੂੰ ਸਮਾਜ ਦੇ ਸ਼ੋਸ਼ਿਤ ਵਰਗ ਦੀ ਗੱਲ ਕਰਨੀ ਚਾਹੀਦੀ ਹੈ। ਅੱਜ ਸਮੇਂ ਦੀ ਮੰਗ ਹੈ ਕਿ ਮਨੁੱਖਤਾ ਦੇ ਵੱਡੇ ਮਸਲੇ ਵਿਦਿਆਰਥੀਆਂ ਦੇ ਪਾਠ ਕਰਮ ਦਾ ਹਿੱਸਾ ਹੋਣ। ਸਕੂਲਾਂ -ਕਾਲਜਾਂ ਵਿੱਚ ਵਿਸ਼ੇਸ਼ ਫੰਡ ਕਾਇਮ ਹੋਣੇ ਚਾਹੀਦੇ ਹਨ, ਜਿਹੜੇ ਬੱਚੇ ਸਾਹਿਤ ਪੜ੍ਹਦੇ ਹਨ, ਉਹਨਾਂ ਦੀ ਕਿਤਾਬਾਂ ਲੈਣ ਵਿੱਚ ਮਦਦ ਕੀਤੀ ਜਾਵੇ। ਵਿਦਿਆਰਥੀਆਂ ਨੂੰ ਲਾਇਬਰੇਰੀਆਂ ਨਾਲ ਜੋੜਨ ਦੀ ਲੋੜ ਹੈ। ਸਾਹਿਤ ਹੀ ਸਾਨੂੰ ਦੱਸਦਾ ਹੈ ਸਾਡਾ ਇੱਥੇ ਧਰਤੀ 'ਤੇ ਹੋਣ ਦਾ ਅਰਥ ਕੀ ਹੈ।

***ਸੰਪਰਕ : 98550-51099***

# ਮਾਂ-ਬੋਲੀ ਨੂੰ ਸਭ ਤੋਂ ਵੱਡਾ ਖਤਰਾ ਮਾਂ ਤੋਂ ਹੀ ਹੈ

**ਸੰਜੀਵ ਝਾਂਜੀ, ਜਗਰਾਓਂ**

ਕਹਿੰਦੇ ਹਨ ਕਿ ਕਿਸੇ ਇਲਾਕੇ ਦੇ ਲੋਕਾਂ ਨੂੰ ਜੇਕਰ ਜੜ੍ਹੋਂ ਪੁੱਟਣਾ ਹੋਵੇ ਤਾਂ ਉਨ੍ਹਾਂ ਨੂੰ ਉਨ੍ਹਾਂ ਦੀ ਮਾਂ-ਬੋਲੀ ਤੋਂ ਲਾਂਭੇ ਕਰ ਦਿਓ। ਰੂਸ ਦੇ ਇੱਕ ਵਿਚਾਰਕ ਤੇ ਕਵੀ ਹੋਏ ਹਨ, ਰਸੂਲ ਹਮਜ਼ਾਤੋਵ। ਇਹ ਰੂਸੀ ਭਾਸ਼ਾ ਦੀ ਉਪਬੋਲੀ ਅਵਾਰ 'ਚ ਜ਼ਿਆਦਾ ਲਿਖ ਰਹੇ ਹਨ। ਉਨ੍ਹਾਂ ਦੀ ਇੱਕ ਬੜੀ ਹੀ ਪੜ੍ਹਨਯੋਗ ਕਿਤਾਬ ਹੈ, ਮੇਰਾ ਦਾਗਿਸਤਾਨ। ਇਸ ਵਿੱਚ ਰਸੂਲ ਹਮਜ਼ਾਤੋਵ ਲਿਖਦਾ ਹੈ ਕਿ ਫਰਾਂਸ 'ਚ ਉਸ ਦੀ ਮੁਲਾਕਾਤ ਇਕ ਅਵਾਰ ਚਿੱਤਰਕਾਰ ਨਾਲ ਹੋਈ (ਅਵਾਰ ਦਾਗਿਸਤਾਨ ਦੇ ਅਵਾਰ ਖਿੱਤੇ 'ਚ ਰਹਿਣ ਵਾਲੇ ਬਾਸ਼ਿੰਦਿਆਂ ਨੂੰ ਆਖਦੇ ਹਨ।) ਜਦ ਰਸੂਲ ਫਰਾਂਸ ਤੋਂ ਦਾਗਿਸਤਾਨ ਵਾਪਸ ਆਇਆ ਤਾਂ ਉਹ ਚਿੱਤਰਕਾਰ ਦੀ ਮਾਂ ਨੂੰ ਮਿਲਿਆ। ਦੱਸਿਆ ਕਿ ਉਹ ਉਸ ਦੇ ਪੁੱਤਰ ਨੂੰ ਫਰਾਂਸ 'ਚ ਮਿਲਿਆ ਸੀ। ਇਹ ਸੁਣ ਮਾਂ ਬਹੁਤ ਖੁਸ਼ ਹੋਈ ਤੇ ਪੁੱਛਿਆ ,'ਤੁਸੀਂ ਉਸ ਨਾਲ ਗੱਲਾਂ ਅਵਾਰ ਬੋਲੀ 'ਚ ਕੀਤੀਆਂ ?'

ਰਸੂਲ ਨੇ ਜਵਾਬ ਦਿੱਤਾ ਕਿ ਨਹੀਂ, ਅਸੀਂ ਦੋ ਭਾਸ਼ੀਏ ਅਨੁਵਾਦਕ ਰਾਹੀਂ ਗੱਲਾਂ ਕੀਤੀਆਂ। ਮੈਂ ਰੂਸੀ ਬੋਲਦਾ ਸੀ ਤੇ ਉਹ ਫਰੈਂਚ।

ਮਾਂ ਨੇ ਆਪਣਾ ਮੂੰਹ ਕਾਲੇ ਘੁੰਡ ਨਾਲ ਢਕ ਲਿਆ, ਦਾਗਿਸਤਾਨੀ ਔਰਤ ਆਪਣੇ ਪੁੱਤਰ ਦੇ ਮਰਨ 'ਤੇ ਅਜਿਹਾ ਕਰਦੀ ਹੈ।

ਕਹਿਣ ਨੂੰ ਤਾਂ ਇਹ ਇੱਕ ਛੋਟੀ ਜਿਹੀ ਮੁਲਾਕਾਤ ਹੀ ਸੀ। ਪਰ ਇਸ ਵਿਚਲਾ ਸੁਨੇਹਾ ਬਹੁਤ ਵੱਡਾ ਹੈ। ਅਸਲ 'ਚ ਚਿੱਤਰਕਾਰ ਦੀ ਮਾਂ ਅਵਾਰ ਬੋਲੀ ਨੂੰ ਪਿਆਰ ਕਰਨ ਵਾਲੀ ਔਰਤ ਸੀ ਤੇ ਉਹ ਜਾਣਦੀ ਸੀ ਕਿ ਮਾਂ-ਬੋਲੀ ਦੀ ਅਹਿਮੀਅਤ ਕੀ ਹੁੰਦੀ ਹੈ। ਕਾਲੇ ਘੁੰਡ ਨਾਲ ਮੂੰਹ ਢਕਣਾ ਇਹ ਦਰਸਾਉਂਦਾ ਹੈ ਕਿ ਮਾਂ-ਬੋਲੀ ਦੀ ਅਹਿਮੀਅਤ ਉਹ ਲੋਕ ਪੁੱਤ ਤੋਂ ਵੀ ਵੱਧ ਸਮਝਦੇ ਹਨ।

ਪਰ ਸਾਡੇ ਇੱਥੇ ਵਰਤਾਰਾ ਪੁੱਠਾ ਹੈ। ਅਸੀਂ ਇਸ ਨੂੰ ਮਾਮੂਲੀ ਭਾਸ਼ਾ ਹੀ ਸਮਝਦੇ ਹਾਂ। ਸਾਡਾ ਤਾਂ ਸਾਨੂੰ ਪਤਾ ਹੀ ਹੈ, ਪਰ ਦਾਗਿਸਤਾਨ 'ਚ ਇਹ ਕਹਿਣਾ, 'ਜਾਹ ਤੈਨੂੰ ਤੇਰੀ ਮਾਂ-ਬੋਲੀ ਭੁੱਲ ਜਾਵੇ', ਇੱਕ ਗਾਲ਼, ਇੱਕ ਬੱਦ-ਦੁਆ ਮੰਨੀ ਜਾਂਦੀ ਹੈ। ਆਪਣੀ ਮਾਂ-ਬੋਲੀ ਨੂੰ ਗ਼ਰੀਬ ਤੇ ਮਾਮੂਲੀ ਸਮਝਣ ਵਾਲੇ ਲੋਕ ਦਰ-ਅਸਲ ਹੀਣ-ਭਾਵਨਾ ਦੇ ਸ਼ਿਕਾਰ ਹੁੰਦੇ ਹਨ।

ਸਾਨੂੰ ਵੇਖ ਲਓ, ਅਸੀਂ ਉਹ ਲੋਕ ਹਾਂ, ਜਿਹੜੇ ਸਾਰੀ ਦੁਨੀਆ ਵਿੱਚ ਛਾਤੀ ਚੌੜੀ ਕਰਕੇ ਫ਼ਖਰ ਨਾਲ ਆਖਦੇ ਹਾਂ ਕਿ ਅਸੀਂ ਪੰਜਾਬੀ ਹਾਂ, ਕਿਉਂਕਿ ਪੰਜਾਬੀ ਇੱਕ ਬਹਾਦਰ ਕੌਮ ਹੈ। ਆਪਣੇ ਆਪ ਨੂੰ ਪੰਜਾਬੀ ਆਖਣ ਨਾਲ ਅਸੀਂ ਖੁਦ ਨੂੰ ਵੀ ਬਹਾਦਰ ਸਮਝਣ ਲੱਗਦੇ ਹਾਂ, ਪਰ ਜਦੋਂ ਆਪਣੇ ਬੱਚਿਆਂ ਨੂੰ ਪੜ੍ਹਾਉਣ ਦੀ ਗੱਲ ਆਉਂਦੀ ਹੈ ਤਾਂ ਅਸੀਂ ਅੰਗਰੇਜ਼ੀ ਸਕੂਲ 'ਚ ਪੜ੍ਹਾਉਣਾ ਆਪਣੀ ਸ਼ਾਨ ਸਮਝਦੇ ਹਾਂ। ਮੈਂ ਵੀ ਤੇ ਤੁਸੀਂ ਵੀ। ਇਸ ਨੂੰ ਅਸੀਂ ਆਪਣੇ ਸਟੇਟਸ ਨਾਲ ਜੋੜ ਲਿਆ ਹੈ। ਪੰਜਾਬੀ ਸਕੂਲ 'ਚ ਪੜ੍ਹਾਉਣ ਨਾਲ ਪਰਵਾਰ ਵਿੱਚ, ਸਮਾਜ 'ਚ ਅਸੀਂ ਆਪਣੇ-ਆਪ ਨੂੰ ਸਰੂਪਨੱਖਾ ਬਣਿਆ ਸਮਝਦੇ ਹਾਂ। ਸਕੂਲੋਂ ਘਰੇ, ਜਦੋਂ ਪੰਜਾਬਣ ਮਾਂ ਨੇ ਆਪਣੇ ਬੱਚੇ ਨਾਲ ਗੱਲ ਕਰਨੀ ਹੁੰਦੀ ਹੈ ਤਾਂ ਹਿੰਦੀ ਮੂਹਰੇ ਆ ਜਾਂਦੀ ਹੈ ਤੇ ਪੰਜਾਬੀ ਜਿਹੜੀ ਕਿ ਮਾਂ-ਬੋਲੀ ਹੈ, ਬਿਲਕੁੱਲ ਵਿਸਾਰੀ ਜਾਂਦੀ ਹੈ। ਜੇ ਬੱਚਾ ਪੰਜਾਬੀ 'ਚ ਗੱਲ ਕਰ ਲਵੇ ਤਾਂ ਕਿੱਟੀ 'ਚ ਮਾਂ ਦੀ ਬੇਇਜ਼ਤੀ ਹੋ ਜਾਂਦੀ ਹੈ। ਇਹ ਸਾਰਾ ਤਾਣਾ- ਬਾਣਾ, ਝੂਠੇ ਸਟੇਟਸ, ਫੋਕਾ ਰੁਤਬਾ ਅਸੀਂ ਖੁਦ ਹੀ ਬਣਾਇਆ, ਸਹੇੜਿਆ ਹੋਇਆ ਹੈ।

ਦੂਜੀਆਂ ਭਾਸ਼ਾਵਾਂ ਪੰਜਾਬੀ ਨੂੰ ਖਤਮ ਕਰ ਰਹੀਆਂ ਹਨ। ਇਹ ਗੱਲ ਵੇਖਣ ਨੂੰ ਤਾਂ ਸਹੀ ਜਾਪਦੀ ਹੈ, ਪਰ ਹੈ ਨਹੀਂ। ਮਾਂ-ਬੋਲੀ ਪੰਜਾਬੀ ਨੂੰ ਕਿਸੇ ਹੋਰ ਤੋਂ ਨਹੀਂ, ਸਗੋਂ ਪੰਜਾਬੀ ਮਾਵਾਂ ਤੋਂ ਹੀ ਖਤਰਾ ਹੈ। ਇਹ ਮਾਵਾਂ (ਮਾਪੇ) ਹੀ ਪੰਜਾਬੀ ਨਿੱਕੇ ਬੱਚੇ ਨੂੰ ਅੰਗਰੇਜ਼ੀ ਅਤੇ ਹਿੰਦੀ ਦੀ ਦਲਦਲ ਵਿੱਚ ਅਜਿਹਾ ਫਸਾਉਂਦੀਆਂ ਹਨ ਕਿ ਬੱਚੇ ਦਾ ਭਾਸ਼ਾਈ ਗਿਆਨ ਕਿਸੇ ਵੀ ਭਾਸ਼ਾ 'ਚ ਪੂਰਾ ਨਹੀਂ ਹੁੰਦਾ। ਉਸ ਦਾ ਸ਼ਬਦ ਭੰਡਾਰ ਅਧੂਰਾ ਰਹਿ ਜਾਂਦਾ ਹੈ।

ਯੂਨੈਸਕੋ ਦੀ ਇੱਕ ਰਿਪੋਰਟ ਅਨੁਸਾਰ ਤਜਰਬਾ ਦੱਸਦਾ ਹੈ ਕਿ ਦੂਜੀ ਭਾਸ਼ਾ ਪੜ੍ਹਾਉਣ ਦਾ ਬਿਹਤਰ ਢੰਗ ਇਹੀ ਹੈ ਕਿ ਮਾਤ ਭਾਸ਼ਾ ਨੂੰ ਸਿੱਖਿਆ ਦਾ ਮਾਧਿਅਮ ਰੱਖਦੇ ਹੋਏ ਦੂਜੀ ਭਾਸ਼ਾ ਨੂੰ ਪਹਿਲਾਂ ਕੇਵਲ ਇੱਕ ਵਿਸ਼ੇ ਵਜੋਂ ਪੜ੍ਹਾਇਆ ਜਾਵੇ। ਭਾਰਤੀ ਸਿੱਖਿਆ ਦੇ ਨੀਤੀ ਘਾੜਿਆਂ ਨੇ ਵੀ ਮਾਂ-ਬੋਲੀ ਰਾਹੀਂ ਸਿੱਖਿਆ ਦੇਣ 'ਤੇ ਬਹੁਤ ਜ਼ੋਰ ਦਿੱਤਾ ਸੀ। ਸਿੱਖਿਆ ਬਾਰੇ ਭਾਰਤ ਦੇ ਕੋਠਾਰੀ ਕਮਿਸ਼ਨ (1964) ਨੇ ਵੀ ਮਾਂ-ਬੋਲੀ 'ਚ ਸਿੱਖਿਆ ਦੇਣ ਦੀ ਨੀਤੀ ਨੂੰ ਅਪਣਾਉਣ ਲਈ ਕਿਹਾ ਸੀ। ਇਸੇ ਲੋੜ ਨੂੰ ਸਮਝਦੇ ਹੋਏ ਸਾਡੀ ਨਵੀਂ ਸਿੱਖਿਆ ਨੀਤੀ ਜਿਸ ਦੀ ਕਿ ਨਵੇਂ ਵਿੱਦਿਅਕ ਵਰ੍ਹੇ ਤੋਂ ਲਾਗੂ ਹੋਣ ਦੀ ਪੂਰੀ ਸੰਭਾਵਨਾ ਹੈ, ਵਿੱਚ ਵੀ ਮਾਂ-ਬੋਲੀ ਨੂੰ ਤਰਜੀਹ ਦਿੱਤੀ ਗਈ ਹੈ। ਇਸ ਅਨੁਸਾਰ ਹੁਣ ਮੁੱਢਲੀ ਸਿੱਖਿਆ ਸਿਰਫ ਮਾਂ-ਬੋਲੀ 'ਚ ਹੀ ਦਿੱਤੀ ਜਾਂ ਦਿਵਾਈ ਜਾ ਸਕੇਗੀ। ਮਤਲਬ ਪੰਜਾਬੀ ਬੱਚਿਆਂ ਦੀ ਮੁੱਢਲੀ ਪੜ੍ਹਾਈ ਦਾ ਮਾਧਿਅਮ ਹੁਣ ਪੰਜਾਬੀ ਹੋਵੇਗਾ। ਇੱਕ ਭਾਸ਼ਾ 'ਤੇ ਪਕੜ ਹੋਣ ਮਗਰੋਂ ਦੂਜੀ ਭਾਸ਼ਾ ਸਿੱਖਣੀ ਸੌਖੀ ਹੋ ਜਾਂਦੀ ਹੈ। ਬੀਤੇ ਸਾਲਾਂ ਦੌਰਾਨ ਅਫਰੀਕਾ ਵਿੱਚ ਮੁੱਢਲੀ ਸਿੱਖਿਆ ਅਧਾਰਿਤ ਦੋ ਭਾਸ਼ਾਈ ਪਾਇਲਟ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਸੀ ਅਤੇ ਇਸ ਦੇ ਜੋ ਨਤੀਜੇ ਆਏ, ਉਸ ਅਨੁਸਾਰ ਉਹ ਵਿਦਿਆਰਥੀ ਜ਼ਿਆਦਾ ਸਮਝ ਅਧਾਰਿਤ ਮਜ਼ਬੂਤ ਸਾਬਿਤ ਹੋਏ, ਜਿਨ੍ਹਾਂ ਨੇ ਪਹਿਲਾਂ ਆਪਣੀ ਮਾਂ-ਬੋਲੀ 'ਚ ਪੜ੍ਹਨਾ-ਲਿਖਣਾ ਸਿੱਖਿਆ।

ਮਾਂ-ਬੋਲੀ ਇੱਕ ਅਜਿਹੀ ਭਾਸ਼ਾ ਹੁੰਦੀ ਹੈ, ਜਿਸ 'ਚ ਬੱਚਾ ਸੋਚਦਾ, ਵਿਚਾਰ ਕਰਦਾ ਅਤੇ ਸੁਪਨੇ ਲੈਂਦਾ ਹੈ। ਪਹਿਲਾ ਸ਼ਬਦ ਵੀ ਉਹ ਮਾਂ-ਬੋਲੀ 'ਚ ਹੀ ਸਿੱਖਦਾ ਹੈ। ਇਸੇ ਲਈ 'ਆਪਣੀ ਬੋਲੀ ਆਪਣਾ ਮਾਧਿਅਮ' 'ਚ ਪੜ੍ਹਨਾ ਅਤੇ ਸਮਝਣਾ ਜ਼ਿਆਦਾ ਸੌਖਾ ਹੁੰਦਾ ਹੈ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਨਵੀਂ ਸਿੱਖਿਆ ਨੀਤੀ ਬੱਚਿਆਂ ਨੂੰ ਸਹੀ ਸਿੱਖਿਆ ਦੇਣ ਦੀ ਲੀਹ ਤਾਂ ਬਣੇਗੀ ਹੀ, ਪੰਜਾਬੀਆਂ ਦੇ ਅਖੌਤੀ ਸਟੇਟਸ ਨੂੰ ਤੋੜ ਕੇ, ਪੰਜਾਬੀਅਤ ਨੂੰ ਜ਼ਿੰਦਾਬਾਦ ਕਹਿੰਦੇ ਹੋਏ, ਪੰਜਾਬੀ ਬੋਲੀ ਦਾ ਦੂਜੀਆਂ ਭਾਸ਼ਾਵਾਂ ਵੱਲੋਂ ਫੱਟੜ ਕੀਤਾ ਰੁਤਬਾ ਮੁਰੰਮਤ ਕਰਕੇ ਮੁੜ ਸੁਰਜੀਤ ਕਰੇਗੀ। ਲੋਕ ਵੀ ਇਸ ਗੱਲ ਨੂੰ ਸਮਝਣਗੇ ਅਤੇ ਪੰਜਾਬੀਅਤ ਨੂੰ ਤਕੜਾ ਕਰਨਗੇ। ਪੰਜਾਬੀ ਆਪਣੇ-ਆਪ ਨੂੰ ਸਿਰਫ਼ ਪੰਜਾਬੀ ਕਹਿਣ 'ਤੇ ਹੀ ਫ਼ਖਰ ਮਹਿਸੂਸ ਨਾ ਕਰਨ, ਸਗੋਂ ਪੰਜਾਬੀ ਬੋਲਣ ਅਤੇ ਲਿਖਣ 'ਚ ਵੀ ਮਾਣ ਮਹਿਸੂਸ ਕਰਨ।

***ਸੰਪਰਕ : 80049-10000***

# ਫਸਲਾਂ ਦੇ ਬੀਮੇ ਤੇ ਮੁਆਵਜ਼ੇ ਦੀ ਕੋਈ ਠੋਸ ਯੋਜਨਾ ਨਹੀਂ

**ਬਿੰਦਰ ਸਿੰਘ ਖੁੱਡੀ ਕਲਾਂ**

ਪੁਰਾਤਨ ਸਮਿਆਂ 'ਚ ਜਦੋਂ ਖੇਤੀ ਅਤੇ ਮੌਸਮ ਵਿਗਿਆਨ ਵਿਕਸਤ ਨਹੀਂ ਸੀ ਤਾਂ ਕਿਸਾਨਾਂ ਵੱਲੋਂ ਜਾਨਵਰਾਂ ਦੀਆਂ ਹਰਕਤਾਂ, ਹਵਾਵਾਂ ਦੇ ਰੁਖ ਜਾਂ ਹੋਰ ਬਹੁਤ ਸਾਰੇ ਤਰੀਕਿਆਂ ਨਾਲ ਮੌਸਮ ਦੀ ਭਵਿੱਖਬਾਣੀ ਕੀਤੀ ਜਾਂਦੀ ਸੀ। ਹੁਣ ਜਦੋਂ ਖੇਤੀ ਅਤੇ ਮੌਸਮ ਵਿਗਿਆਨੀਆਂ ਵੱਲੋਂ ਮੌਸਮ ਦੀ ਤਬਦੀਲੀ ਦੀ ਭਵਿੱਖਬਾਣੀ ਦੇ ਨਾਲ-ਨਾਲ ਇਸ ਦੇ ਫਸਲਾਂ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਪੁਰਾਤਨ ਸਮਿਆਂ 'ਚ ਲੋਕਾਂ ਵੱਲੋਂ ਆਪਣੀ ਸਮਝ ਅਤੇ ਤਜਰਬੇ ਦੇ ਹਿਸਾਬ ਇਹ ਭਵਿੱਖਬਾਣੀ ਕੀਤੀ ਜਾਂਦੀ ਸੀ। ਚੇਤ ਮਹੀਨੇ ਪੈਣ ਵਾਲੇ ਮੀਂਹ ਨੂੰ ਫਸਲਾਂ ਲਈ ਏਨਾ ਜ਼ਿਆਦਾ ਮਾੜਾ ਸਮਝਿਆ ਜਾਂਦਾ ਸੀ 'ਵਰ੍ਹ ਗਿਆ ਚੇਤ, ਨਾ ਘਰ ਨਾ ਖੇਤ' ਇਸ ਮਹੀਨੇ ਦੀ ਬਰਸਾਤ ਨੂੰ ਫਸਲਾਂ 'ਤੇ ਕਹਿਰ ਸਮਾਨ ਹੀ ਸਮਝਿਆ ਜਾਂਦਾ ਸੀ। ਇਸ ਮਹੀਨੇ ਹੋਣ ਵਾਲੀ ਬਰਸਾਤ ਨਾਲ ਫਸਲਾਂ ਦੀ ਤਬਾਹੀ ਲੱਗਭੱਗ ਤਹਿ ਹੁੰਦੀ ਹੈ। ਇਸ ਮਹੀਨੇ ਜਦੋਂ ਕਣਕ ਦੀ ਫਸਲ ਪੱਕ ਕੇ ਵਾਢੀ ਲਈ ਪੂਰੀ ਤਰ੍ਹਾਂ ਤਿਆਰ ਹੁੰਦੀ ਹੈ ਤਾਂ ਮੀਂਹ ਨਾਲ ਬੁਰੀ ਤਰ੍ਹਾਂ ਨੁਕਸਾਨੀ ਜਾਂਦੀ ਹੈ। ਕੁਦਰਤ ਦੀ ਮਾਰ ਅੱਗੇ ਬੇਵੱਸ ਹੋਇਆ ਕਿਸਾਨ ਸਿਰਫ ਇੰਨਾ ਹੀ ਵਿਰਲਾਪ ਕਰ ਸਕਦਾ ਹੈ 'ਕਿੱਥੇ ਰੱਖ ਲਾਂ ਲੁਕੋ ਕੇ ਤੈਨੂੰ ਕਣਕੇ ਰੁੱਤ ਬੇਈਮਾਨ ਹੋ ਗਈ'।

ਇਸ ਵਰ੍ਹੇ ਹੋ ਰਹੀ ਬਰਸਾਤ ਇਸ ਕਹਾਵਤ ਨੂੰ ਸਟੀਕ ਕਰਦੀ ਨਜ਼ਰ ਆ ਰਹੀ ਹੈ। ਚੇਤ ਦਾ ਵਰ੍ਹਨਾ ਕਿਸਾਨਾਂ ਦੇ ਸੁਪਨਿਆਂ ਦੀ ਤਬਾਹੀ ਦਾ ਸਬੱਬ ਬਣ ਰਿਹਾ ਹੈ। ਪਿਛਲੇ ਕਈ ਦਿਨਾਂ ਤੋਂ ਹੋ ਰਹੀ ਭਾਰੀ ਬਰਸਾਤ, ਤੇਜ਼ ਹਵਾਵਾਂ ਅਤੇ ਗੜੇਮਾਰੀ ਨੇ ਸਮੁੱਚੇ ਪੰਜਾਬ 'ਚ ਕਣਕ ਦੀ ਫਸਲ ਦਾ ਭਾਰੀ ਨੁਕਸਾਨ ਕੀਤਾ ਹੈ। ਸੂਬੇ ਦਾ ਕੋਈ ਵੀ ਹਿੱਸਾ ਮੀਂਹ ਦੀ ਮਾਰ ਤੋਂ ਨਹੀਂ ਬਚ ਸਕਿਆ। ਜਦੋਂ ਕਿਸਾਨਾਂ ਨੇ ਅਪ੍ਰੈਲ ਮਹੀਨੇ ਦੀ ਸ਼ੁਰੂਆਤ ਕਣਕ ਦੀ ਵਾਢੀ ਦੀਆਂ ਖੁਸ਼ੀਆਂ ਨਾਲ ਕਰਨੀ ਸੀ ਤਾਂ ਖੇਤਾਂ 'ਚ ਕਣਕ ਦੀ ਫਸਲ ਦੀ ਹੋ ਰਹੀ ਤਬਾਹੀ ਦੇ ਮੰਜ਼ਰ ਨਾਲ ਉਹਨਾਂ ਦਾ ਕਲੇਜਾ ਮੂੰਹ ਨੂੰ ਆ ਰਿਹਾ ਸੀ। ਕਿਸਾਨ ਹੱਥ ਜੋੜ-ਜੋੜ ਕੁਦਰਤ ਅੱਗੇ ਰਹਿਮ ਦੀਆਂ ਅਰਜ਼ੋਈਆਂ ਕਰ ਰਹੇ ਸਨ। ਮਾਹਿਰਾਂ ਅਤੇ ਕਿਸਾਨਾਂ ਦੇ ਖੁਦ ਕਹਿਣ ਅਨੁਸਾਰ ਹੋਈ ਬਰਸਾਤ ਅਤੇ ਗੜ੍ਹੇਮਾਰੀ ਨਾਲ ਕਣਕ ਦੀਆਂ ਫਸਲਾਂ ਦਾ ਪੰਜਾਹ ਫੀਸਦੀ ਤੋਂ ਉੱਪਰ ਨੁਕਸਾਨ ਹੋਇਆ। ਕਈ ਖੇਤਰਾਂ 'ਚ ਕਣਕ ਦੇ ਖੇਤਾਂ ਵਿੱਚ ਪਾਣੀ ਭਰ ਜਾਣ ਕਾਰਨ ਇਹ ਨੁਕਸਾਨ ਸੌ ਫੀਸਦੀ ਤੱਕ ਵੀ ਪੁੱਜ ਗਿਆ।

ਕਣਕ ਦੀ ਕਾਸ਼ਤ ਪੰਜਾਬੀਆਂ ਲਈ ਮਹਿਜ਼ ਫਸਲ ਦੀ ਕਾਸ਼ਤ ਨਹੀਂ ਹੈ। ਇਸ ਨਾਲ ਪੰਜਾਬੀਆਂ ਦੀਆਂ ਜ਼ਰੂਰਤਾਂ ਜੁੜੀਆਂ ਹੋਣ ਦੇ ਨਾਲ-ਨਾਲ ਉਹਨਾਂ ਦੀਆਂ ਬਹੁਤ ਸਾਰੀਆਂ ਸਧਰਾਂ ਵੀ ਜੁੜੀਆਂ ਹੋਈਆਂ ਹਨ। ਕਣਕ ਦੀ ਫਸਲ ਪੱਕਣ ਦੀਆਂ ਖੁਸ਼ੀਆਂ ਬੜੀਆਂ ਹੀ ਵਿਲੱਖਣ ਹੁੰਦੀਆਂ ਹਨ। ਕਿਸਾਨ ਦੀਆਂ ਇਹਨਾਂ ਖੁਸ਼ੀਆਂ ਦਾ ਵਰਣਨ ਪੰਜਾਬੀ ਦੇ ਸਾਹਿਤ ਵਿੱਚ ਬਾਖੂਬੀ ਮਿਲਦਾ ਹੈ। ਕਣਕ ਦੀ ਆਮਦ ਦੀ ਖੁਸ਼ੀ ਵਿੱਚ ਕਿਸਾਨ ਵਿਸਾਖੀ ਮੇਲੇ 'ਤੇ ਦਮਮੇ ਮਾਰਦਾ ਹੈ। ਕਣਕ ਦੀ ਫਸਲ ਮਹਿਜ਼ ਆਰਥਿਕ ਕਮਾਈ ਦਾ ਹੀ ਸਾਧਨ ਨਹੀਂ ਹੈ। ਇਸ ਫਸਲ ਦੀ ਆਮਦ ਦਾ ਚਾਅ ਸਾਰੀਆਂ ਫਸਲਾਂ ਨਾਲੋਂ ਜ਼ਿਆਦਾ ਹੁੰਦਾ ਹੈ। ਸਿਰਫ ਕਿਸਾਨ ਹੀ ਨਹੀਂ ਸਗੋਂ ਹਰ ਤਬਕੇ ਦੇ ਲੋਕਾਂ ਨੂੰ ਕਣਕ ਦੀ ਫਸਲ ਦੀ ਆਮਦ ਦੀ ਉਡੀਕ ਹੁੰਦੀ ਹੈ। ਹਰ ਵਰਗ ਦੇ ਲੋਕਾਂ ਲਈ ਸਾਲ ਭਰ ਦੇ ਖਾਣੇ ਦੀ ਉਮੀਦ ਇਸ ਫਸਲ ਦੀ ਆਮਦ ਨਾਲ ਹੀ ਜੁੜੀ ਹੁੰਦੀ ਹੈ। ਸਮਾਜ ਦੇ ਬੇਜ਼ਮੀਨੇ ਲੋਕ ਵੀ ਆਪਣੇ ਹੋਰ ਕੰਮ-ਧੰਦਿਆਂ ਨੂੰ ਛੱਡ ਕਣਕ ਦੀ ਵਾਢੀ 'ਚ ਆ ਜੁਟਦੇ ਹਨ। ਇਹ ਸਮਾਂ ਉਹਨਾਂ ਲਈ ਖੁਦ ਦੀ ਅਤੇ ਪਸ਼ੂਆਂ ਦੀ ਖੁਰਾਕ ਇਕੱਤਰ ਕਰਨ ਦਾ ਸਮਾਂ ਹੁੰਦਾ ਹੈ। ਜਿੱਥੇ ਬਹੁਤ ਸਾਰੀਆਂ ਜਾਤਾਂ ਦੇ ਲੋਕ ਕਿਸਾਨਾਂ ਦੇ ਖੇਤਾਂ ਵਿੱਚ ਵਾਢੀ ਕਰਕੇ ਕਣਕ ਦੀ ਕਮਾਈ ਕਰਦੇ ਹਨ, ਉੱਥੇ ਹੀ ਪਰਜਾਪਤ ਸਮੇਤ ਹੋਰ ਬਹੁਤ ਸਾਰੀਆਂ ਜਾਤਾਂ ਦੇ ਲੋਕ ਵਸਤਾਂ ਬਦਲੇ ਕਣਕ ਦੀ ਕਮਾਈ ਕਰਦੇ ਹਨ। ਕਿਸਾਨ ਵੀ ਬੜੀ ਖੁਸ਼ੀ-ਖੁਸ਼ੀ ਮੰਗਣ ਵਾਲਿਆਂ ਨੂੰ ਕਣਕ ਦੀ ਖੈਰਾਤ ਦਿੰਦਾ ਹੈ। ਇਸ ਤਰ੍ਹਾਂ ਦੇ ਸੰਬੰਧ ਪੰਜਾਬੀਆਂ ਦੀ ਭਾਈਚਾਰਕ ਸਾਂਝ ਦੀ ਮਜ਼ਬੂਤੀ ਦਾ ਆਧਾਰ ਹਨ। ਕਣਕ ਦੇ ਖੇਤਾਂ ਵਿੱਚ ਮੰਗਣ ਆਏ ਨੂੰ ਖੈਰਾਤ ਦੇਣ ਦੇ ਨਾਲ-ਨਾਲ ਕਿਸਾਨਾਂ ਵੱਲੋਂ ਖੁਸ਼ੀ-ਖੁਸ਼ੀ ਵਾਢੀ ਦੇ ਅਖੀਰ 'ਤੇ ਕੁਝ ਫਸਲ ਗਰੀਬ ਗੁਰਬਿਆਂ ਲਈ ਛੱਡ ਦੇਣ ਦਾ ਰਿਵਾਜ ਪ੍ਰਚਲਿਤ ਹੈ। ਇਸ ਛੱਡੀ ਜਾਣ ਵਾਲੀ ਫਸਲ ਨੂੰ ਮਾਲਵੇ 'ਚ 'ਬੋਦੀ ਛੱਡਣਾ' ਕਿਹਾ ਜਾਂਦਾ ਹੈ।

ਇਸ ਵਰ੍ਹੇ ਜਦੋਂ ਚੇਤ ਮਹੀਨੇ ਦੀ ਹੋ ਰਹੀ ਬੇਮੌਸਮੀ ਬਰਸਾਤ, ਗੜੇਮਾਰੀ ਅਤੇ ਚੱਲ ਰਹੀਆਂ ਤੇਜ਼ ਹਵਾਵਾਂ ਨੇ ਕਣਕ ਦੀਆਂ ਫਸਲਾਂ ਦਾ ਭਾਰੀ ਨੁਕਸਾਨ ਕੀਤਾ ਹੈ ਤਾਂ ਕਿਸਾਨਾਂ ਨੂੰ ਖੁਦ ਲਈ ਅਤੇ ਪਸ਼ੂਆਂ ਲਈ ਅਨਾਜ ਦੇ ਨਾਲ-ਨਾਲ ਤੂੜੀ ਦੀ ਕਿੱਲਤ ਦਾ ਫਿਕਰ ਸਤਾਉਣ ਲੱਗਿਆ ਹੈ। ਆਪਣੀ ਕਮਾਈ ਨੂੰ ਖੁੱਲ੍ਹੇ ਅਸਮਾਨ ਹੇਠਾਂ ਛੱਡਣ ਦੀ ਮਜਬੂਰੀ ਵੀ ਕਿਸਾਨ ਦੇ ਹਿੱਸੇ ਹੀ ਆਈ ਹੈ। ਸ਼ਾਇਦ ਹੀ ਸਮਾਜ ਦਾ ਕੋਈ ਅਜਿਹਾ ਕਿੱਤਾਕਾਰ ਹੋਵੇ, ਜੋ ਆਪਣੀ ਛੇ ਮਹੀਨਿਆਂ ਦੀ ਕਮਾਈ ਨੂੰ ਖੁੱਲ੍ਹੇ ਅਸਮਾਨ ਹੇਠ ਕੁਦਰਤ ਸਹਾਰੇ ਛੱਡਣ ਲਈ ਮਜਬੂਰ ਹੋਵੇ। ਦੁਕਾਨਦਾਰ ਤੋਂ ਲੈ ਕੇ ਹਰ ਕਿੱਤੇ ਦੇ ਲੋਕ ਆਪਣੀ ਕਮਾਈ ਨੂੰ ਨੁਕਸਾਨ ਤੋਂ ਬਚਾਉਣ ਲਈ ਛੱਤ ਹੇਠ ਸੰਭਾਲਦੇ ਹਨ, ਪਰ ਕਿਸਾਨ ਦੀ ਮਜਬੂਰੀ ਵੇਖੋ ਕਿ ਉਸ ਦੀ ਟੇਕ ਕੁਦਰਤ 'ਤੇ ਟਿਕੀ ਹੁੰਦੀ ਹੈ। ਕੁਦਰਤ ਚਾਹੇ ਤਾਂ ਉਸ ਦੀ ਫਸਲ ਨੂੰ ਸਹੀ-ਸਲਾਮਤ ਘਰ ਪਹੁੰਚਾ ਦੇਵੇ ਜਾਂ ਖੇਤਾਂ 'ਚ ਹੀ ਤਬਾਹ ਕਰ ਦੇਵੇ। ਪੁੱਤਾਂ ਵਾਂਗ ਪਾਲੀ ਫਸਲ ਦੀ ਤਬਾਹੀ ਹੁੰਦੀ ਵੇਖ ਕੇ ਕਿਸਾਨਾਂ ਕੋਲ ਕੁਦਰਤ ਅੱਗੇ ਹੱਥ ਜੋੜਨ ਤੋਂ ਸਿਵਾਏ ਕੋਈ ਚਾਰਾ ਨਹੀਂ ਹੁੰਦਾ।

ਇਸ ਨੂੰ ਸਰਕਾਰਾਂ ਦੀ ਖੇਤੀ ਖੇਤਰ ਪ੍ਰਤੀ ਅਣਗਹਿਲੀ ਵਾਲਾ ਵਰਤਾਰਾ ਹੀ ਕਹਾਂਗੇ ਕਿ ਆਜ਼ਾਦੀ ਦੇ 75 ਵਰ੍ਹਿਆਂ ਬਾਅਦ ਵੀ ਕਿਸਾਨ ਦੀ ਫਸਲ ਦੇ ਨੁਕਸਾਨ ਦੀ ਭਰਪਾਈ ਲਈ ਬੀਮੇ ਜਾਂ ਮੁਆਵਜ਼ੇ ਦੀ ਕੋਈ ਠੋਸ ਯੋਜਨਾ ਅਮਲ ਵਿੱਚ ਨਹੀਂ ਲਿਆਂਦੀ ਜਾ ਸਕੀ। ਹੁਕਮਰਾਨਾਂ ਵੱਲੋਂ ਗਿਰਦਾਵਰੀਆਂ ਦੇ ਹੁਕਮ ਜਾਰੀ ਕੀਤੇ ਜਾਂਦੇ ਹਨ। ਨੁਕਸਾਨ ਤੋਂ ਕਿਤੇ ਘੱਟ ਮੁਆਵਜ਼ੇ ਦੇ ਬਿਆਨ ਦੇ ਕੇ ਕਿਸਾਨਾਂ ਦੇ ਜ਼ਖਮਾਂ 'ਤੇ ਲੂਣ ਛਿੜਕਣ ਵਾਲੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ। ਮੁੱਕਦੀ ਗੱਲ ਇਹ ਹੈ ਕਿ ਕਿਸਾਨ ਦੀ ਫਸਲ ਦੇ ਨੁਕਸਾਨ ਦੀ ਭਰਪਾਈ ਦਾ ਸਮੁੱਚਾ ਆਲਮ ਸਰਕਾਰਾਂ ਦੀ ਮਰਜ਼ੀ ਅਤੇ ਰਹਿਮੋ-ਕਰਮ 'ਤੇ ਨਿਰਭਰ ਹੈ। ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਕਿਸਾਨਾਂ ਦੀਆਂ ਫਸਲਾਂ ਦੀ ਤਬਾਹੀ ਦੀ ਭਰਪਾਈ ਵੀ ਸਰਕਾਰਾਂ ਅਤੇ ਰਾਜਸੀ ਪਾਰਟੀਆਂ ਲਈ ਮੁੱਦੇ ਤੋਂ ਵੱਧ ਕੁਝ ਨਹੀਂ ਹੁੰਦੀ। ਸੱਤਾ ਤੋਂ ਬਾਹਰ ਰਹਿੰਦੀਆਂ ਰਾਜਸੀ ਪਾਰਟੀਆਂ ਦੀ ਫਸਲੀ ਨੁਕਸਾਨ ਦੀ ਭਰਪਾਈ ਬਾਰੇ ਹੋਰ ਪਹੁੰਚ ਹੁੰਦੀ ਹੈ, ਜਦਕਿ ਸੱਤਾ 'ਤੇ ਬਿਰਾਜਮਾਨ ਹੁੰਦਿਆਂ ਹੋਰ ਪਹੁੰਚ ਹੁੰਦੀ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਕਿਸਾਨ ਦੀ ਕਣਕ ਦੀ ਫਸਲ ਦੇ ਹੋਏ ਨੁਕਸਾਨ ਸਮੇਤ ਭਵਿੱਖ 'ਚ ਕਿਸੇ ਵੀ ਫਸਲ ਦੇ ਨੁਕਸਾਨ ਦੀ ਭਰਪਾਈ ਬਿਨਾਂ ਦੇਰੀ ਕਰਨ ਨੂੰ ਤਰਜੀਹ ਦਿੱਤੀ ਜਾਵੇ।

***ਸੰਪਰਕ : 98786-05965***

# ਪਟਵਾਰੀ ਤਾਇਨਾਤੀ ਲਈ ਕਿਸਾਨਾਂ, ਮਜ਼ਦੂਰਾਂ ਤੇ ਵਿਦਿਆਰਥੀਆਂ ਐੱਸ ਡੀ ਐੱਮ ਦਫਤਰ ਘੇਰਿਆ



**ਜਲਾਲਾਬਾਦ (ਪਰਮਜੀਤ ਢਾਬਾਂ)**

ਵਿਧਾਨ ਸਭਾ ਹਲਕਾ ਜਲਾਲਾਬਾਦ ਅਧੀਨ ਆਉਂਦੇ ਪਟਵਾਰੀ ਸਰਕਲ ਮੋਹਰ ਸਿੰਘ ਵਾਲਾ ਵਿਖੇ ਲੰਬੇ ਸਮੇਂ ਤੋਂ ਤਾਇਨਾਤ ਨਾ ਹੋਣ ਕਰਕੇ ਲੋਕਾਂ ਨੂੰ ਭਾਰੀ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਖੱਜਲ ਖੁਆਰ ਹੋ ਰਹੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਕੁੱਲ ਹਿੰਦ ਕਿਸਾਨ ਸਭਾ ਦੇ ਆਗੂਆਂ ਵੱਲੋਂ ਜਲਾਲਾਬਾਦ ਦੇ ਐੱਸ ਡੀ ਐੱਮ ਨੂੰ ਮਿਲ ਕੇ ਜਾਣੂ ਕਰਵਾਇਆ ਗਿਆ ਸੀ, ਪਰ ਅੱਜ ਤੱਕ ਕੋਈ ਹੱਲ ਨਾ ਖੋਹਣ ਖਿਲਾਫ ਅੱਜ ਕੁੱਲ ਹਿੰਦ ਕਿਸਾਨ ਸਭਾ ਦੀ ਅਗਵਾਈ ਵਿੱਚ ਐੱਸ ਡੀ ਐੱਮ ਦਫਤਰ ਦਾ ਮੁੱਖ ਗੇਟ ਬੰਦ ਕਰਕੇ ਦਫਤਰ ਘੇਰਿਆ ਗਿਆ ਅਤੇ ਪੰਜਾਬ ਸਰਕਾਰ ਤੇ ਸਥਾਨਕ ਪ੍ਰਸ਼ਾਸਨ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਧਰਨੇ ਦੀ ਅਗਵਾਈ ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਕਾਮਰੇਡ ਸੁਰਿੰਦਰ ਢੰਡੀਆਂ, ਬਲਾਕ ਪ੍ਰਧਾਨ ਕ੍ਰਿਸ਼ਨ ਧਰਮੂਵਾਲਾ, ਨਰਿੰਦਰ ਢਾਬਾਂ, ਬਲਵੰਤ ਚੌਹਾਨਾ, ਸੰਦੀਪ ਜੋਧਾ ਤੇ ਸਰਪੰਚ ਸ਼ਿੰਗਾਰਾ ਸਿੰਘ ਨੇ ਕੀਤੀ। ਆਗੂਆਂ ਨੇ ਬੋਲਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਨੂੰ ਸੁੱਖ ਸਹੂਲਤਾਂ ਦੇਣ ਦੀ ਬਜਾਏ ਤਕਲੀਫਾਂ ਦੇ ਰਹੀ ਹੈ ਤੇ ਉਨ੍ਹਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਇਕ ਸਾਲ ਤੋਂ ਇਸ ਸਰਕਲ ਦਾ ਪਟਵਾਰੀ ਨਿਯੁਕਤ ਨਹੀਂ ਕੀਤਾ ਗਿਆ, ਜਿਸ ਕਾਰਨ ਆਮ ਜਨਤਾ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਗੂਆਂ ਨੇ ਦੱਸਿਆ ਕਿ ਪਟਵਾਰੀ ਨਿਯੁਕਤ ਕਰਨ ਸੰਬੰਧੀ ਐੱਸ ਡੀ ਐੱਮ ਨੂੰ ਚੇਤਾਵਨੀ ਦਿਤੀ ਗਈ ਸੀ ਕਿ ਜੇਕਰ ਇਕ ਹਫਤੇ ਦੇ ਅੰਦਰ ਪਟਵਾਰੀ ਨਿਯੁਕਤ ਨਹੀਂ ਕੀਤਾ ਜਾਂਦਾ ਤਾਂ ਉਸ ਦਾ ਦਫਤਰ ਘੇਰਿਆ ਜਾਵੇਗਾ। ਇਸ ਸਭ ਦੇ ਬਾਵਜੂਦ ਅੱਜ ਤੱਕ ਪਟਵਾਰੀ ਨਿਯੁਕਤ ਨਾ ਹੋਣ ਕਾਰਨ ਪਟਵਾਰੀ ਸਰਕਲ ਮੋਹਰ ਸਿੰਘ ਵਾਲਾ ਅਧੀਨ ਆਉਂਦੇ ਪਿੰਡ ਦੇ ਲੋਕਾਂ ਵੱਲੋਂ ਅੱਜ ਜਲਾਲਾਬਾਦ ਦੇ ਐੱਸ ਡੀ ਐੱਮ ਦਫਤਰ ਨੂੰ ਘੇਰ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਜਿੱਥੇ ਪਿਛਲੇ ਲੰਬੇ ਸਮੇਂ ਤੋਂ ਸਟੀਕ ਬਣਾਉਣ ਲਈ ਵਿਦਿਆਰਥੀਆਂ ਹੋਰ ਕੰਮ-ਕਾਜ ਲਈ ਆਮ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਉਥੇ ਹੁਣ ਕੁਦਰਤੀ ਮਾਰ ਕਾਰਨ ਹੋਏ ਨੁਕਸਾਨ ਦੀ ਗਿਰਦਾਵਰੀ ਕਰਾਉਣ ਲਈ ਵੀ ਕਿਸਾਨ ਪ੍ਰੇਸ਼ਾਨ ਹਨ। ਕਈ ਘੰਟੇ ਚੱਲੇ ਇਸ ਰੋਸ ਪ੍ਰਦਰਸ਼ਨ ਦੇ ਚੱਲਦਿਆਂ ਡੀ ਸੀ ਦਫਤਰ ਵੱਲੋਂ ਰਿਪੋਰਟ ਮੰਗੀ ਗਈ, ਜਿਸ ਨੂੰ ਤੁਰੰਤ ਅਮਲ ਵਿੱਚ ਲਿਆਉਂਦਿਆਂ ਐੱਸ ਡੀ ਐੱਮ ਜਲਾਲਾਬਾਦ ਵੱਲੋਂ ਜਲਾਲਾਬਾਦ ਦੇ ਨਾਇਬ ਤਹਿਸੀਲਦਾਰ ਨੂੰ ਬੁਲਾ ਕੇ ਪਟਵਾਰੀਆਂ ਦੀ ਹੰਗਾਮੀ ਮੀਟਿੰਗ ਕੀਤੀ ਗਈ ਅਤੇ ਇਸ ਸਰਕਲ ਦਾ ਤੁਰੰਤ ਪਟਵਾਰੀ ਲਾਉਣ ਦੇ ਹੁਕਮ ਜਾਰੀ ਕੀਤੇ ਗਏ। ਇਸ ਤੋਂ ਬਾਅਦ ਜਲਾਲਾਬਾਦ ਵੱਲੋਂ ਧਰਨਾਕਾਰੀਆਂ ਦੇ ਕੋਲ ਆ ਕੇ ਉਨ੍ਹਾਂ ਸਾਹਮਣੇ ਵਿਸ਼ਵਾਸ ਦੁਆਇਆ ਗਿਆ ਕਿ ਉਨ੍ਹਾਂ ਦੇ ਸਰਕਲ ਦਾ ਪਟਵਾਰੀ ਉਪਰੰਤ ਨਿਯੁਕਤ ਕੀਤਾ ਜਾਵੇਗਾ। ਧਰਨਾਕਾਰੀਆਂ ਨੇ ਐੱਸ ਡੀ ਐੱਮ ਦੇ ਵਿਸ਼ਵਾਸ ਦਿਵਾਉਣ ਉਪਰੰਤ ਇਸ ਚਿਤਾਵਨੀ ਨਾਲ ਧਰਨਾ ਸਮਾਪਤ ਕੀਤਾ ਕਿ ਜੇਕਰ ਦੋ ਦਿਨਾਂ ਵਿੱਚ ਪਟਵਾਰੀ ਨਿਯੁਕਤ ਨਹੀਂ ਕੀਤਾ ਜਾਂਦਾ ਹੈ ਤਾਂ ਮੁਕੰਮਲ ਤੌਰ 'ਤੇ ਬੰਦ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਮਨ ਧਰਮੂਵਾਲਾ, ਬਲਕਾਰ ਸਿੰਘ ਸਾਬਕਾ ਸਰਪੰਚ, ਨਛੱਤਰ ਸਿੰਘ ਸਰਪੰਚ, ਗੁਰਮੀਤ ਸਿੰਘ ਗੁੰਬੀ ਲੱਧੂਵਾਲਾ, ਕਿੱਕਰ ਸਿੰਘ ਲੱਧੂਵਾਲਾ, ਡਾਕਟਰ ਭੋਲਾ ਨਗਰੀ, ਹਰਮੇਸ਼ ਹਜਾਰਾ ਤੇ ਗੁਰਮੀਤ ਹਜਾਰਾ ਨੇ ਵੀ ਸੰਬੋਧਨ ਕੀਤਾ।

## ਢਾਣੀ ਕੜਾਕਾ ਸਿੰਘ 'ਚ ਆਮ ਆਦਮੀ ਪਾਰਟੀ ਵਿੰਗ ਦੀ ਮੀਟਿੰਗ

*ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਉੱਤਰੀ : ਡਾ. ਸਾਹਰੀ*



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਮਿਸ਼ਨ 2024 ਨੂੰ ਲੈ ਕੇ ਆਮ ਆਦਮੀ ਪਾਰਟੀ ਦੇ ਵਿੰਗ ਦੀ ਇੱਕ ਮੀਟਿੰਗ ਜ਼ਿਲ੍ਹਾ ਫਾਜ਼ਿਲਕਾ ਦੇ ਹਲਕਾ ਬੱਲੂਆਣਾ ਦੇ ਪਿੰਡ ਢਾਣੀ ਕੜਾਕਾ ਸਿੰਘ ਵਿਖੇ ਕੀਤੀ ਗਈ। ਇਸ ਮੀਟਿੰਗ ਵਿੱਚ ਆਮ ਆਦਮੀ ਪਾਰਟੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਡਾ. ਹਰਜੀਤ ਸਿੰਘ ਸਾਹਰੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਡਾ. ਸਾਹਰੀ ਨੇ ਵਰਕਰਾਂ ਤੇ ਪਿੰਡ ਵਾਸੀਆਂ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ ਆ ਰਹੀਆਂ ਮੁਸ਼ਕਲਾਂ ਵੀ ਸੁਣੀਆਂ ਅਤੇ ਜਲਦ ਹੀ ਇਨ੍ਹਾਂ ਮੁਸ਼ਕਲਾਂ ਦਾ ਹੱਲ ਕਰਨ ਦਾ ਵਿਸ਼ਵਾਸ ਦਿੱਤਾ ਗਿਆ। ਇਸ ਮੌਕੇ ਡਾ. ਸਾਹਰੀ ਨੇ ਕਿਹਾ ਕਿ ਇਹ ਮੀਟਿੰਗ ਹਲਕਾ ਬੱਲੂਆਣਾ ਦੀ ਢਾਣੀ ਕੜਾਕਾ ਸਿੰਘ ਵਿੱਚ ਬੁਲਾਈ ਗਈ ਹੈ। ਇਹ ਮੀਟਿੰਗ ਜਲੰਧਰ ਜ਼ਿਮਨੀ ਚੋਣਾਂ ਤੇ 2024 ਦੇ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਨੂੰ ਲੈ ਕੇ ਬੁਲਾਈ ਗਈ ਹੈ, ਜਿਸ ਵਿੱਚ ਹਲਕਾ ਬੱਲੂਆਣਾ ਤੇ ਅਬੋਹਰ ਤੋਂ ਵਿੰਗ ਦੇ ਨੇਤਾ ਤੇ ਵਰਕਰਾਂ ਤੋਂ ਇਲਾਵਾ ਪਿੰਡ ਵਾਸੀਆਂ ਨੇ ਵੀ ਹਿੱਸਾ ਲਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਉਤਰ ਰਹੀ ਹੈ। ਇਸ ਮੌਕੇ ਉਨ੍ਹਾ ਪੰਜਾਬ ਸਰਕਾਰ ਦੀਆਂ ਉਪਲੱਬਧੀਆਂ ਬਾਰੇ ਦੱਸਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਗਏ ਸਾਰੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ। ਉਨ੍ਹਾ ਕਿਹਾ ਕਿ ਹੌਲੀ ਹੌਲੀ ਬਾਕੀ ਰਹਿੰਦੇ ਵਾਅਦੇ ਵੀ ਜਲਦੀ ਹੀ ਪੂਰੇ ਕਰ ਦਿੱਤੇ ਜਾਣਗੇ। ਇਸ ਮੌਕੇ ਆਮ ਆਦਮੀ ਪਾਰਟੀ ਵਿੰਗ ਦੇ ਵਰਕਰ ਤੇ ਨੇਤਾ ਹਾਜ਼ਰ ਸਨ।

# ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ 'ਚ ਖੇਤੀਬਾੜੀ ਦਫਤਰ ਅੱਗੇ ਧਰਨਾ

**ਕਿਸਾਨਾਂ ਲਈ ਮੁਆਵਜ਼ਾ ਤੇ ਮੰਗਾਂ ਸੰਬੰਧੀ ਪੱਤਰ ਡੀ ਸੀ ਰਾਹੀਂ ਮੁੱਖ ਮੰਤਰੀ ਨੂੰ ਭੇਜਿਆ**



**ਮਾਨਸਾ (ਆਤਮਾ ਸਿੰਘ ਪਮਾਰ)**-ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਨੁਕਸਾਨੀਆਂ ਗਈਆਂ ਫਸਲਾਂ ਦੇ ਮੁਆਵਜ਼ੇ ਦੀ ਮੰਗ ਨੂੰ ਲੈ ਕੇ ਖੇਤੀਬਾੜੀ ਦਫਤਰ ਮਾਨਸਾ ਅੱਗੇ ਦਿੱਤੇ ਗਏ ਧਰਨੇ ਵਿੱਚ ਪਿੰਡਾਂ ਦੇ ਸੈਂਕੜੇ ਕਿਸਾਨਾਂ ਨੇ ਭਾਗ ਲਿਆ। ਕਿਸਾਨਾਂ ਦੇ ਮੁਆਵਜ਼ਾ ਪੱਤਰ ਖੇਤੀਬਾੜੀ ਮਹਿਕਮੇ ਦੇ ਉੱਚ ਅਧਿਕਾਰੀਆਂ ਨੂੰ ਸੌਂਪਣ ਉਪਰੰਤ ਸ਼ਹਿਰ ਅੰਦਰ ਮਾਰਚ ਕਰਦਿਆਂ ਮੁੱਖ ਮੰਤਰੀ ਦੇ ਨਾਂਅ ਡਿਪਟੀ ਕਮਿਸ਼ਨਰ ਮਾਨਸਾ ਰਾਹੀਂ ਮੰਗ ਪੱਤਰ ਵੱਖਰੇ ਤੌਰ 'ਤੇ ਭੇਜਿਆ ਗਿਆ।

ਸੰਯੁਕਤ ਮੋਰਚੇ ਦੇ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮੀਂਹ, ਗੜੇਮਾਰੀ ਕਾਰਨ ਨੁਕਸਾਨੀਆਂ ਫਸਲਾਂ ਦਾ 50000/-ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ ਤੇ ਹਾੜੀ ਦਾ ਸੀਜ਼ਨ ਖਰਾਬ ਹੋਣ ਕਾਰਨ ਮਜ਼ਦੂਰਾਂ ਦੇ ਹੋਏ ਨੁਕਸਾਨ ਦੀ ਭਰਪਾਈ ਲਈ ਮਜ਼ਦੂਰਾਂ ਨੂੰ ਵੀ ਯੋਗ ਮੁਆਵਜ਼ਾ ਦਿੱਤਾ ਜਾਵੇ। ਇਮਾਰਤਾਂ, ਪਸ਼ੂਆਂ ਦੇ ਹੋਏ ਨੁਕਸਾਨ, ਅੱਗ ਲੱਗਣ ਨਾਲ ਨੁਕਸਾਨੀਆਂ ਫਸਲਾਂ ਦੇ ਮੁਆਵਜ਼ੇ ਦੀ ਮੰਗ ਵੀ ਜੋੜੀ ਗਈ ਸਾਉਣੀ ਦੀਆਂ ਫਸਲਾਂ ਲਈ ਉੱਚ ਮਿਆਰ ਦੀ ਰੇਹ, ਸਪਰੇਅ ਤੇ ਬੀਜਾਂ ਦੇ ਪੁਖਤਾ ਪ੍ਰਬੰਧ, ਸੁਸਾਇਟੀਆਂ ਅੰਦਰ ਕਿਸਾਨਾਂ/ਮਜ਼ਦੂਰਾਂ ਨੂੰ ਬਿਨਾਂ ਸ਼ਰਤ ਮੈਂਬਰਸ਼ਿਪ ਦੇਣ ਦੀ ਮੰਗ, ਐੱਮ ਐੱਸ ਪੀ ਲਾਗੂ ਕੀਤੀਆਂ ਫਸਲਾਂ ਦੀ ਖਰੀਦ ਯਕੀਨੀ ਬਣਾਉਣ, ਮੱਕੀ ਆਦਿ ਫਸਲਾਂ ਬੀਜਣ ਲਈ ਨਹਿਰਾਂ ਵਿੱਚ ਤੁਰੰਤ ਪਾਣੀ ਛੱਡਣ ਦੀ ਮੰਗ ਤੋਂ ਇਲਾਵਾ ਸਰਕਾਰੀ ਤੇ ਗੈਰ-ਸਰਕਾਰੀ ਬੈਂਕਾਂ ਦੇ ਅੱਜ ਤੱਕ ਦੇ ਵਿਆਜ 'ਤੇ ਲਕੀਰ ਮਾਰ ਕੇ ਕਰਕੇ ਅਗਲਾ ਕਰਜ਼ਾ ਬਿਨਾਂ ਵਿਆਜ ਤੋਂ ਦੇਣ ਦੀ ਮੰਗ ਵੀ ਕੀਤੀ ਗਈ।

ਇਸ ਸਮੇਂ ਸੰਯੁਕਤ ਮੋਰਚੇ ਦੇ ਜ਼ਿਲ੍ਹਾ ਆਗੂ ਬੀ ਕੇ ਯੂ ਡਕੌਂਦਾ ਦੇ ਬਲਵਿੰਦਰ ਸ਼ਰਮਾ, ਮਹਿੰਦਰ ਸਿੰਘ ਦਿਆਲਪੁਰਾ, ਪੰਜਾਬ ਕਿਸਾਨ ਯੂਨੀਅਨ ਦੇ ਗੋਰਾ ਸਿੰਘ ਭੈਣੀਬਾਘਾ, ਗੁਰਜੰਟ ਸਿੰਘ ਮਾਨਸਾ, ਜਮਹੂਰੀ ਕਿਸਾਨ ਸਭਾ ਦੇ ਅਮਰੀਕ ਸਿੰਘ ਫਫੜੇ ਭਾਈਕੇ, ਮੇਜਰ ਸਿੰਘ ਦੂਲੋਵਾਲ, ਬੀ ਕੇ ਯੂ ਡਕੌਂਦਾ ਦੇ ਮਹਿੰਦਰ ਸਿੰਘ ਭੈਣੀ ਬਾਘਾ, ਰਾਜਪਾਲ ਸਿੰਘ ਅਲੀਸ਼ੇਰ, ਬੀ ਕੇ ਯੂ ਕਾਦੀਆਂ ਦੇ ਪਰਮਜੀਤ ਸਿੰਘ ਗਾਗੋਵਾਲ, ਨਾਜਰ ਸਿੰਘ ਖਿਆਲਾ, ਕੁੱਲ ਹਿੰਦ ਕਿਸਾਨ ਸਭਾ ਦੇ ਦਲਜੀਤ ਸਿੰਘ ਮਾਨਸਾਹੀਆ, ਰੂਪ ਸਿੰਘ ਢਿੱਲੋਂ, ਬੀ ਕੇ ਯੂ ਮਾਲਵਾ ਦੇ ਬਿੱਕਰ ਸਿੰਘ ਚੋਟੀਆਂ, ਸੁਰਜੀਤ ਸਿੰਘ ਮੀਆਂ, ਬੀ ਕੇ ਯੂ ਲੱਖੋਵਾਲ ਦੇ ਕਾਕਾ ਸਿੰਘ ਮਾਨਸਾ, ਗੁਰਮੀਤ ਸਿੰਘ ਤੇ ਭਾਰਤੀ ਕਿਸਾਨ ਯੂਨੀਅਨ ਮਾਨਸਾ ਦੇ ਆਗੂ ਤੇਜ ਸਿੰਘ ਚਕੇਰੀਆਂ, ਉੱਗਰ ਸਿੰਘ ਮਾਨਸਾ ਆਦਿ ਹਾਜ਼ਰ ਸਨ।

## ਕਾਤਰਾਂ

### ਨਜਾਇਜ਼ ਸ਼ਰਾਬ ਸਣੇ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਸਵਾ 22 ਬੋਤਲਾਂ ਨਜਾਇਜ਼ ਸ਼ਰਾਬ ਸਣੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਭਜਨ ਲਾਲ, ਜੋ ਕਿ ਸਾਥੀ ਕਰਮਚਾਰੀਆਂ ਨਾਲ ਗਸ਼ਤ ਦੌਰਾਨ ਬਾਹਮਣੀਵਾਲਾ ਰੋਡ 'ਤੇ ਫਾਟਕ ਕੋਲ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਸੋਨੂੰ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਨੇੜੇ ਬਾਹਮਣੀਵਾਲਾ ਰੋਡ ਫਾਟਕ ਜਲਾਲਾਬਾਦ ਨਜਾਇਜ਼ ਸ਼ਰਾਬ ਵੇਚ ਰਿਹਾ ਹੈ, ਜਿਸ 'ਤੇ ਪੁਲਸ ਪਾਰਟੀ ਵੱਲੋਂ ਰੇਡ ਕਰਕੇ ਸੋਨੂੰ ਸਿੰਘ ਨੂੰ ਸਵਾ 22 ਬੋਤਲਾਂ ਨਜਾਇਜ਼ ਸ਼ਰਾਬ ਸਣੇ ਕਾਬੂ ਕੀਤਾ ਗਿਆ ਹੈ, ਜਿਸ ਦੇ ਖਿਲਾਫ ਪੁਲਸ ਵੱਲੋਂ ਮੁਕੱਦਮਾ ਦਰਜ ਕੀਤਾ ਗਿਆ ਹੈ।

### ਸੜਕ ਹਾਦਸੇ 'ਚ ਜ਼ਖ਼ਮੀਂ ਦੀ ਇਲਾਜ ਦੌਰਾਨ ਮੌਤ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਫਾਜ਼ਿਲਕਾ ਰੋਡ 'ਤੇ ਪੈਂਦੇ ਪਿੰਡ ਜੰਗਾਂ ਵਾਲਾ ਮੋੜ ਵਿਖੇ ਟਰੱਕ ਤੇ ਮੋਟਰਸਾਈਕਲ ਦੀ ਟੱਕਰ ਵਿੱਚ ਇੱਕ ਵਿਅਕਤੀ ਜ਼ਖ਼ਮੀਂ ਹੋ ਗਿਆ ਸੀ, ਜਿਸ ਦੀ ਇਲਾਜ ਦੌਰਾਨ ਮੌਤ ਹੋ ਗਈ। ਇਸ ਸੰਬੰਧੀ ਥਾਣਾ ਮਮਦੋਟ ਪੁਲਸ ਨੇ ਟਰੱਕ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸੂਬਾ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਸਦਰਦੀਨ ਵਾਲਾ ਨੇ ਦੱਸਿਆ ਕਿ ਉਸ ਦਾ ਪਿਤਾ ਬਲਬੀਰ ਸਿੰਘ (55 ਸਾਲ) ਪੁੱਤਰ ਅਮਰ ਸਿੰਘ ਵਾਸੀ ਸਦਰਦੀਨ ਵਾਲਾ ਮੋਟਰਸਾਈਕਲ ਰੇਹੜੀ ਲੈ ਕੇ ਖੇਤ ਵਿੱਚ ਪੱਠੇ ਲੈਣ ਜਾ ਰਿਹਾ ਸੀ। ਜਦ ਬੱਸ ਅੱਡਾ ਪਿੰਡ ਜੰਗਾਂ ਵਾਲਾ ਮੋੜ ਪਹੁੰਚਿਆ ਤਾਂ ਮੋਟਰਸਾਈਕਲ ਰੇਹੜੀ ਸਾਇਡ 'ਤੇ ਰੋਕ ਕੇ ਸੱਜੇ ਪਾਸੇ ਕਰਾਸ ਕਰਨ ਲਈ ਆਸੇ-ਪਾਸੇ ਵੇਖਣ ਲੱਗਾ ਤਾਂ ਐਨੀ ਦੇਰ ਨੂੰ ਫਾਜ਼ਿਲਕਾ ਸਾਈਡ ਤੋਂ ਇੱਕ ਟਰੱਕ ਘੋੜਾ ਟਰਾਲਾ ਤੇਜ਼ ਰਫਤਾਰ ਨਾਲ ਆਇਆ, ਜਿਸ ਨੂੰ ਭੰਵਰ ਸਿੰਘ ਪੁੱਤਰ ਜਵਾਹਰ ਸਿੰਘ ਵਾਸੀ ਪਿੰਡ ਝੰਜੂ, ਤਹਿਸੀਲ ਕੋਲਾਇਤ ਜ਼ਿਲ੍ਹਾ ਬੀਕਾਨੇਰ (ਰਾਜਸਥਾਨ) ਚਲਾ ਰਿਹਾ ਸੀ ਤੇ ਉਸ ਦੇ ਪਿਤਾ ਦੇ ਮੋਟਰਸਾਈਕਲ ਰੇਹੜੀ ਵਿੱਚ ਮਾਰਿਆ। ਇਸ ਹਾਦਸੇ ਵਿੱਚ ਉਸ ਦਾ ਪਿਤਾ ਗੰਭੀਰ ਜ਼ਖ਼ਮੀਂ ਹੋ ਗਿਆ,ਜਿਸ ਦੀ ਇਲਾਜ ਦੌਰਾਨ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਜਸਪਾਲ ਚੰਦ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਮੁਲਜ਼ਮਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋ. ਦੀ ਸਰਬ-ਸੰਮਤੀ ਨਾਲ ਚੋਣ

**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਜ਼ਿਲ੍ਹਾ ਫਾਜ਼ਿਲਕਾ ਦੇ ਅਹੁਦੇਦਾਰਾਂ ਦੀ ਚੋਣ ਸਰਬ ਸੰਮਤੀ ਨਾਲ ਕੀਤੀ ਗਈ, ਜਿਸ ਦੀ ਪ੍ਰਧਾਨਗੀ ਪ੍ਰਧਾਨ ਬੂਟਾ ਸਿੰਘ ਚਿਮਨੇਵਾਲਾ ਵੱਲੋਂ ਕੀਤੀ ਗਈ। ਜ਼ਿਲ੍ਹਾ ਫਾਜ਼ਿਲਕਾ ਦਾ ਸਰਪ੍ਰਸਤ ਗੁਰਬਖਸ਼ ਸਿੰਘ ਖੁਰਾਣਾ, ਬੀਬੀ ਪ੍ਰੀਤਮ ਕੌਰ ਤੇ ਕੇਵਲ ਕ੍ਰਿਸ਼ਨ ਸੇਠੀ, ਪ੍ਰਧਾਨ ਬੂਟਾ ਸਿੰਘ ਚਿਮਨੇਵਾਲਾ, ਜਨਰਲ ਸਕੱਤਰ ਟਹਿਲ ਸਿੰਘ ਸੈਣੀਆ, ਖਜ਼ਾਨਚੀ ਮੋਹਣ ਸਿੰਘ, ਪ੍ਰੈੱਸ ਸਕੱਤਰ ਵਿਜੇ ਗੁਗਲਾਨੀ, ਮੀਤ ਪ੍ਰਧਾਨ ਦੇਸ ਰਾਜ ਗਾਂਧੀ, ਮੀਤ ਸਕੱਤਰ ਦੇਵ ਰਾਜ ਸ਼ਰਮਾ, ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ, ਆਸ਼ਾ ਨਾਗਪਾਲ, ਸ਼ਿਵਦੇਵ ਸਿੰਘ, ਜਗਦੀਸ਼ ਸਿੰਘ ਕਟਾਰੀਆ, ਮੀਤ ਪ੍ਰਧਾਨ ਨਿਰਮਲਜੀਤ ਸਿੰਘ ਬਰਾੜ, ਰਾਜ ਕੁਮਾਰ ਬਜਾਜ, ਸਲਾਹਕਾਰ ਉਮ ਪ੍ਰਕਾਸ਼, ਸੈਕਟਰੀ ਬਲਬੀਰ ਸਿੰਘ ਰਹੇਜਾ, ਹਰਬੰਸ ਲਾਲ ਕਟਾਰੀਆ, ਰਾਜ ਕੁਮਾਰ, ਅਸ਼ੋਕ ਕਟਾਰੀਆ, ਰਾਜ ਲਾਲ ਗੁੰਬਰ ਚੁਣੇ ਗਏ।

# 384ਵੇਂ ਦਿਨ ਦਸਮੇਸ਼ ਕਿਸਾਨ-ਮਜ਼ਦੂਰ ਯੂਨੀਅਨ ਨੇ ਦਿੱਤਾ ਥਾਣੇ ਮੂਹਰੇ ਧਰਨਾ

**ਨਿਆਂ ਮਿਲਣ ਤੱਕ ਸੰਘਰਸ਼ ਜਾਰੀ ਰਹੇਗਾ : ਤਲਵੰਡੀ, ਲਲਤੋਂ**



**ਜਗਰਾਉਂ (ਨਛੱਤਰ ਸੰਧੂ, ਅਮਿਤ ਖੰਨਾ)**

ਸਥਾਨਕ ਥਾਣਾ ਸਿਟੀ ਦੇ ਆਪੂ ਬਣੇ ਰਹੇ ਥਾਣਾਮੁਖੀ ਗੁਰਿੰਦਰ ਬੱਲ ਤੇ ਸਹਾਇਕ ਥਾਣੇਦਾਰ ਰਾਜਵੀਰ ਸਿੰਘ ਵੱਲੋਂ ਪਿੰਡ ਰਸੂਲਪੁਰ ਦੀਆਂ ਮਾਂ-ਧੀ ਤੇ ਭਰਾ-ਭਰਜਾਈ ਨੂੰ ਨਜਾਇਜ਼ ਹਿਰਾਸਤ ਵਿੱਚ ਥਾਣੇ ਰੱਖ ਕੇ ਘੋਰ ਤਸ਼ੱਦਦ ਕਰਨ ਦੇ ਮਾਮਲੇ ਵਿੱਚ ਦੋਸ਼ੀਆਂ ਦੀ ਗ੍ਰਿਫਤਾਰੀ ਤੇ ਪੀੜਤ ਪਰਿਵਾਰ ਨੂੰ ਮੁਆਵਜ਼ਾ ਦੇਣ ਸਬੰਧੀ ਇੱਕ ਸਾਲ ਤੋਂ ਥਾਣੇ ਮੂਹਰੇ ਲੱਗੇ ਪੱਕੇ ਮੋਰਚੇ ਵਿੱਚ ਸ਼ਾਮਲ ਹੋ ਕੇ ਪੁਲਸ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਖਿਲਾਫ ਨਾਹਰੇਬਾਜ਼ੀ ਕੀਤੀ ਅਤੇ ਪੀੜਤ ਪਰਿਵਾਰ ਲਈ ਨਿਆਂ ਦੀ ਮੰਗ ਕੀਤੀ ਗਈ। ਇਸ ਮੌਕੇ ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ ਤੇ ਸਕੱਤਰ ਜਸਦੇਵ ਸਿੰਘ ਲਲਤੋਂ, ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਆਗੂ ਜੱਗਾ ਢਿੱਲੋਂ ਤੇ ਰਾਮਤੀਰਥ ਸਿੰਘ ਲੀਲ੍ਹਾ ਨੇ ਕਿਹਾ ਕਿ ਹੁਣ ਤਾਂ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਨਵੀਂ ਦਿੱਲੀ ਨੇ ਵੀ ਆਪਣੇ ਹੁਕਮਾਂ ਵਿੱਚ ਪੰਜਾਬ ਪੁਲਸ ਦੇ ਅਧਿਕਾਰੀਆਂ ਦੇ ਪੱਖਪਾਤੀ ਵਤੀਰੇ ਨੂੰ ਜੱਗ-ਜ਼ਾਹਰ ਕਰ ਦਿੱਤਾ ਹੈ।

ਆਗੂਆਂ ਨੇ ਦੱਸਿਆ ਕਿ ਦੋਸ਼ੀਆਂ ਨੇ ਸਾਲ 2005 ਨੂੰ ਮਾਤਾ ਸੁਰਿੰਦਰ ਕੌਰ ਤੇ ਕੁਲਵੰਤ ਕੌਰ ਨੂੰ ਨਜਾਇਜ਼ ਹਿਰਾਸਤ 'ਚ ਰੱਖ ਕੇ ਨਾ ਸਿਰਫ ਕੁੱਟਮਾਰ ਕੀਤੀ, ਸਗੋਂ ਕੁਲਵੰਤ ਕੌਰ ਨੂੰ ਕਰੰਟ ਵੀ ਲਗਾਇਆ ਸੀ। ਉਨ੍ਹਾਂ ਦੱਸਿਆ ਕਿ ਇਸ ਅੱਤਿਆਚਾਰ ਨੂੰ ਛਪਾਉਣ ਲਈ ਕੁਲਵੰਤ ਕੌਰ ਦੇ ਚਚੇਰੇ ਭਰਾ-ਭਰਜਾਈ ਨੂੰ ਵੀ ਸਾਲ 2005 ਵਿੱਚ ਹੀ ਨਜਾਇਜ਼ ਹਿਰਾਸਤ 'ਚ ਰੱਖ ਕੇ ਅੱਤਿਆਚਾਰ ਕੀਤਾ ਸੀ ਅਤੇ ਫਿਰ ਸਾਜ਼ਿਸ਼ ਰਚ ਕੇ ਝੂਠੇ ਕੇਸਾਂ ਵਿੱਚ ਫਸਾ ਕੇ ਜੇਲ੍ਹ ਭੇਜ ਦਿੱਤਾ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਕਰੰਟ ਲਗਾਉਣ ਨਾਲ ਨਕਾਰਾ ਹੋਈ ਕੁਲਵੰਤ ਕੌਰ ਲੰਘੀ 10 ਦਸੰਬਰ 2021 ਨੂੰ ਰੱਬ ਨੂੰ ਪਿਆਰੀ ਹੋ ਗਈ ਸੀ ਅਤੇ ਕੁਲਵੰਤ ਕੌਰ ਦੀ ਮੌਤ ਦੇ ਦੂਜੇ ਦਿਨ ਦੋਸ਼ੀਆਂ ਵਿਰੁੱਧ ਮੁਕੱਦਮਾ ਦਰਜ ਕੀਤਾ ਸੀ, ਪਰ ਗੈਰ- ਜ਼ਮਾਨਤੀ ਧਰਾਵਾਂ ਦੇ ਬਾਵਜੂਦ ਦੋਸ਼ੀਆਂ ਨੂੰ ਅੱਜ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਸਮੂਹ ਇਨਸਾਫ ਪਸੰਦ ਲੋਕਾਂ ਆਗੂਆਂ ਦਾ ਦ੍ਰਿੜ੍ਹ ਫੈਸਲਾ ਹੈ ਕਿ ਉਹ ਦੋਸ਼ੀਆਂ ਦੀ ਗ੍ਰਿਫਤਾਰੀ ਅਤੇ ਪੀੜਤ ਪਰਿਵਾਰ ਨੂੰ ਨਿਆਂ ਮਿਲਣ ਤੱਕ ਸੰਘਰਸ਼ ਜਾਰੀ ਰੱਖਣਗੇ।

# ਭਾਕਿਯੂ (ਏਕਤਾ) ਡਕੌਂਦਾ ਵੱਲੋਂ ਖੇਤੀਬਾੜੀ ਦਫਤਰ ਦਾ ਘੇਰਾਓ

**ਮੀਂਹ ਨਾਲ ਨੁਕਸਾਨੀਆਂ ਫਸਲਾਂ ਦਾ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦੀ ਮੰਗ**



ਭਾਕਿਯੂ (ਏਕਤਾ) ਡਕੌਂਦਾ ਦੇ ਆਗੂ ਤੇ ਕਿਸਾਨ ਧਰਨਾ ਦਿੰਦੇ ਅਤੇ ਤਹਿਸੀਲਦਾਰ ਨੂੰ ਮੰਗ ਪੱਤਰ ਦਿੰਦੇ।

**ਜਲਾਲਾਬਾਦ (ਜੀਤ ਕੁਮਾਰ)**-ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਬਲਾਕ ਜਲਾਲਾਬਾਦ ਵੱਲੋਂ ਪਿੰਡ ਕਮਰੇਵਾਲਾ ਵਿਖੇ ਸਥਿਤ ਖੇਤੀਬਾੜੀ ਵਿਭਾਗ ਬਲਾਕ ਜਲਾਲਾਬਾਦ ਦੇ ਅਫਸਰ ਦੇ ਦਫਤਰ ਅੱਗੇ ਬੀਤੇ ਦਿਨੀਂ ਬੇਮੌਸਮੀ ਬਾਰਿਸ਼, ਝੱਖੜ ਤੇ ਗੜੇਮਾਰੀ ਨਾਲ ਫਸਲਾਂ ਦੇ ਹੋਏ ਨੁਕਸਾਨ ਦੀ ਭਰਪਾਈ ਦੀ ਮੰਗ ਲਈ ਪੰਜਾਬ ਸਰਕਾਰ ਵੱਲੋਂ ਮੁਆਵਜ਼ਾ ਦੇਣ ਦੀ ਮੰਗ ਲਈ ਰੋਸ ਧਰਨਾ ਦਿੱਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਜੋਗਾ ਸਿੰਘ ਭੋਡੀਪੁਰ, ਜ਼ਿਲ੍ਹਾ ਸੀਨੀ. ਮੀਤ ਪ੍ਰਧਾਨ ਗੁਰਵਿੰਦਰ ਸਿੰਘ ਮੰਨੇਵਾਲਾ, ਜ਼ਿਲ੍ਹਾ ਸਕੱਤਰ ਬਲਵਿੰਦਰ ਸਿੰਘ ਢਾਬਾਂ, ਜ਼ਿਲ੍ਹਾ ਮੀਤ ਪ੍ਰਧਾਨ ਹਰਦੀਪ ਸਿੰਘ, ਬਿਸ਼ਨ ਸਿੰਘ ਚੌਹਾਨਾ, ਪ੍ਰੈੱਸ ਸਕੱਤਰ ਸੁਖਦੇਵ ਸਿੰਘ, ਕ੍ਰਿਪਾਲ ਸਿੰਘ ਢਾਬ ਖੁਸ਼ਹਾਲ ਜੋਇਆ, ਰਮਨ ਕੰਬੋਜ, ਗੁਰਦੀਪ ਸਿੰਘ ਚੌਹਾਨਾ ਇਕਾਈ ਪ੍ਰਧਾਨ, ਬਲਵੰਤ ਸਿੰਘ ਖਾਲਸਾ, ਮਹਿੰਦਰ ਸਿੰਘ ਮਲਕ ਜਾਦਾ, ਮਹਿੰਦਰ ਸਿੰਘ ਰਹਿਮੇਸ਼ਾਹ ਬੋਦਲ, ਸੁੰਦਰ ਸਿੰਘ ਚੱਕ ਸੁੱਕੜ ਆਦਿ ਹਾਜ਼ਰ ਸਨ। ਇਨ੍ਹਾਂ ਕਿਸਾਨ ਆਗੂਆਂ ਨੇ ਕਿਹਾ ਕਿ ਮੀਂਹ, ਗੜੇਮਾਰੀ ਤੇ ਝੱਖੜ ਦੇ ਨਾਲ ਨੁਕਸਾਨੀਆਂ ਫਸਲਾਂ ਦੀ ਗਿਰਦਾਵਰੀ ਕਰਵਾਉਣ ਦੀ ਮੰਗ ਲਈ ਬਲਾਕ ਖੇਤੀਬੜੀ ਅਫਸਰ ਨੂੰ ਮੰਗ ਪੱਤਰ ਦੇਣ ਲਈ ਜਦੋਂ ਕਿਸਾਨ ਪੁੱਜੇ ਤਾਂ ਇਸ ਦੌਰਾਨ ਦਫਤਰ 'ਚ ਮੌਜੂਦ ਮਹਿਕਮੇ ਦੇ ਨੁਮਾਇੰਦਿਆਂ ਵੱਲੋਂ ਕਿਸਾਨਾਂ ਨਾਲ ਬੁਰਾ ਵਿਵਹਾਰ ਕੀਤਾ ਗਿਆ, ਜਿਸ ਦੇ ਰੋਸ ਵਜੋਂ ਕਿਸਾਨਾਂ ਵੱਲੋਂ ਦਫਤਰ ਦਾ ਘੇਰਾਓ ਕਰਕੇ ਸਵੇਰੇ 11 ਵਜੇ ਤੋਂ ਦੁਪਹਿਰ ਬਾਅਦ 3 ਵਜੇ ਤੱਕ ਧਰਨਾ ਦਿੱਤਾ ਗਿਆ। ਇਸ ਧਰਨੇ ਦੌਰਾਨ ਜਲਾਲਾਬਾਦ ਦੇ ਤਹਿਸੀਲਦਾਰ ਮੌਕੇ 'ਤੇ ਪਹੁੰਚਣ 'ਤੇ ਉਨ੍ਹਾਂ ਨੂੰ ਪੰਜਾਬ ਸਰਕਾਰ ਦੇ ਨਾਂਅ ਮੰਗ ਪੱਤਰ ਦਿੱਤਾ ਗਿਆ। ਯੂਨੀਅਨ ਵੱਲੋਂ ਪੰਜਾਬ ਸਰਕਾਰ ਨੂੰ ਭੇਜੇ ਗਏ ਪੱਤਰ ਰਾਹੀਂ ਮੰਗ ਕੀਤੀ ਗਈ ਕਿ ਬੀਤੇ ਦਿਨੀਂ ਮੀਂਹ, ਝੱਖੜ ਤੇ ਗੜੇਮਾਰੀ ਦੇ ਕਹਿਰ ਨਾਲ ਕਣਕ, ਸਰ੍ਹੋਂ, ਆਲੂ, ਫਲਦਾਰ ਬੂਟੇ ਤੇ ਸਬਜ਼ੀਆਂ ਦੇ ਹੋਏ ਨੁਕਸਾਨ ਦੀ ਘੱਟੋ ਘੱਟ 50 ਪ੍ਰਤੀਸ਼ਤ ਮੰਨ ਕੇ ਗਿਰਦਾਵਰੀ ਕੀਤੀ ਜਾਵੇ। ਜੋ ਬਿਲਕੁੱਲ ਫਸਲਾਂ ਨਸ਼ਟ ਹੋ ਗਏ ਹਨ, ਉਨ੍ਹਾਂ ਫਸਲਾਂ ਦਾ ਕਿਸਾਨਾਂ ਨੂੰ ਰਾਹਤ ਦੇਣ ਲਈ 50 ਹਜ਼ਾਰ ਰੁਪਏ ਤੇ 50 ਪ੍ਰਤੀਸ਼ਤ ਤੱਕ ਹੋਏ ਫਸਲਾਂ ਦੇ ਨੁਕਸਾਨ ਦੀ ਭਰਪਾਈ ਲਈ 25 ਹਜ਼ਾਰ ਰੁਪਏ ਪ੍ਰਤੀ ਕਿੱਲੇ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇ। ਨਵੀਂ ਬੀਜੀ ਮੂੰਗੀ, ਮੱਕੀ ਤੇ ਸਬਜ਼ੀਆਂ ਦੇ ਕਰੰਡ ਤੇ ਗੜੇਮਾਰੀ ਨਾਲ ਹੋਏ ਨੁਕਸਾਨ ਦੀ ਭਰਪਾਈ ਲਈ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ। ਕਿਸਾਨਾਂ ਦੀਆਂ ਫਸਲਾਂ ਦੇ ਹੋਏ ਨੁਕਸਾਨ ਦੀ ਵਿੱਤੀ ਸਹਾਇਤਾ ਕਾਸ਼ਤਕਾਰਾਂ ਦੇ ਖਾਤਿਆਂ ਵਿੱਚ ਹੀ ਦਿੱਤੀ ਜਾਵੇ ਤੇ ਬੇਲੋੜੀਆਂ ਸ਼ਰਤਾਂ ਹਟਾਈਆਂ ਜਾਣ। ਪੰਜ ਏਕੜ ਤੋਂ ਵੱਧ ਰਾਹਤ ਨਾ ਦੇਣ ਦੀ ਸ਼ਰਤ ਹਟਾਈ ਜਾਵੇ।

## ਜ਼ਿਲ੍ਹਾ ਲਿਖਾਰੀ ਸਭਾ ਵੱਲੋਂ ਛਪਵਾਇਆ ਜਾਵੇਗਾ ਸਾਂਝਾ ਕਾਵਿ ਸੰਗ੍ਰਹਿ : ਪਰਮਜੀਤ ਕੌਰ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਅਸ਼ੋਕਾ ਸੀਨੀਅਰ ਸੈਕੰਡਰੀ ਸਕੂਲ ਸਰਹਿੰਦ ਮੰਡੀ ਵਿਖੇ ਜ਼ਿਲ੍ਹਾ ਲਿਖਾਰੀ ਸਭਾ ਸ੍ਰੀ ਫਤਿਹਗੜ੍ਹ ਸਾਹਿਬ ਦੀ ਮਾਸਿਕ ਇਕੱਤਰਤਾ ਹੋਈ, ਜਿਸ ਦੀ ਪ੍ਰਧਾਨਗੀ ਸਭਾ ਦੀ ਪ੍ਰਧਾਨ ਬੀਬੀ ਪਰਮਜੀਤ ਕੌਰ ਸਰਹਿੰਦ ਨੇ ਕੀਤੀ ਤੇ ਮੰਚ ਸੰਚਾਲਨ ਜਸਵੀਰ ਕੌਰ ਭੱਲ ਮਾਜਰਾ ਨੇ ਕੀਤਾ। ਇਸ ਮੌਕੇ ਬੀਬੀ ਸਰਹਿੰਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਸਭਾ ਦੇ ਮੈਂਬਰਾਂ ਦਾ ਸਾਂਝਾ ਕਾਵਿ ਸੰਗ੍ਰਹਿ ਛਪਵਾਇਆ ਜਾ ਰਿਹਾ ਹੈ, ਜਿਸ ਸਬੰਧੀ ਰਚਨਾਵਾਂ ਦੀ ਪੜਚੋਲ ਕੀਤੀ ਜਾ ਰਹੀ ਹੈ। ਉਨ੍ਹਾ ਸਭਾ ਦੇ ਮੈਂਬਰ ਕਵੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਵਾਰ ਵੀ ਸਾਰੀਆਂ ਰਚਨਾਵਾਂ ਪਹਿਲਾਂ ਵਾਂਗ ਮਿਆਰੀ ਹੋਣ। ਇਸ ਮਾਸਿਕ ਇਕੱਤਰਤਾ ਦੌਰਾਨ ਆਏ ਕਵੀਆਂ ਪ੍ਰੇਮ ਲਤਾ, ਦੇਵ ਮਲਿਕ, ਜਸਨਪ੍ਰੀਤ ਕੌਰ, ਅਵਤਾਰ ਸਿੰਘ ਪੁਆਰ, ਅਮਰਬੀਰ ਸਿੰਘ ਚੀਮਾ, ਬਲਤੇਜ ਸਿੰਘ ਬਠਿੰਡਾ, ਰਣਜੀਤ ਸਿੰਘ, ਲਛਮਣ ਸਿੰਘ ਤਰੌੜਾ, ਅਜਮੇਰ ਸਿੰਘ ਮਾਨ, ਜਸਵੀਰ ਕੌਰ ਭੱਲ ਮਾਜਰਾ, ਡਾ. ਗੁਰਮੀਤ ਸਿੰਘ, ਮਨਜੀਤ ਸਿੰਘ ਘੁੰਮਣ ਤੇ ਪਰਮਜੀਤ ਕੌਰ ਸਰਹਿੰਦ ਨੇ ਰਚਨਾਵਾਂ ਪੜ੍ਹੀਆਂ। ਸਮਾਗਮ ਦੀ ਸਮੁੱਚੀ ਦੇਖ-ਰੇਖ ਸਾਬਕਾ ਮੈਨੇਜਰ ਊਧਮ ਸਿੰਘ ਨੇ ਕੀਤੀ। ਇਸ ਮੌਕੇ ਦਿਨੇਸ਼, ਸੁਖਵਿੰਦਰ ਸਿੰਘ ਢਿੱਲੋਂ ਤੇ ਹੋਰ ਮੈਂਬਰ ਹਾਜ਼ਰ ਸਨ।

# ਪ੍ਰਾਇਮਰੀ ਸਕੂਲ ਬਾਜੀਦਪੁਰ ਦਾ ਨਤੀਜਾ ਸ਼ਾਨਦਾਰ



ਸਰਕਾਰੀ ਪ੍ਰਾਇਮਰੀ ਸਕੂਲ ਬਾਜੀਦਪੁਰ 'ਚ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਫਿਰੋਜ਼ਪੁਰ ਜ਼ਿਲ੍ਹੇ ਦੇ ਇਤਿਹਾਸਕ ਪਿੰਡ ਬਾਜੀਦਪੁਰ ਵਿੱਚ ਸਥਿਤ ਸਰਕਾਰੀ ਪ੍ਰਾਇਮਰੀ ਸਕੂਲ ਨੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਨਤੀਜਿਆਂ ਵਿੱਚ ਵੱਡੀਆਂ ਮੱਲਾ ਮਾਰੀਆਂ ਹਨ।ਇਹ ਜਾਣਕਾਰੀ ਦਿੰਦੇ ਕਾਰਜਕਾਰੀ ਮੁੱਖ ਅਧਿਆਪਕਾਂ ਅਨੁਰਾਧਾ ਨੇ ਦੱਸਿਆ ਕਿ ਪੰਜਵੀਂ ਜਮਾਤ ਬੋਰਡ ਪ੍ਰੀਖਿਆਵਾ ਵਿੱਚ ਸਕੂਲ ਦੇ ਜਿੱਥੇ ਸੌ ਫੀਸਦੀ ਪਾਸ ਪ੍ਰਤੀਸ਼ਤਤਾ ਪ੍ਰਾਪਤ ਕੀਤੀ, ਉੱਥੇ ਨਵਦੀਪ ਸਿੰਘ ਨੇ 500 ਵਿੱਚੋਂ 496 ਅੰਕ ਪ੍ਰਾਪਤ ਕਰਕੇ ਸੈਂਟਰ ਮੱਲਵਾਲ ਕਦੀਮ ਵਿੱਚੋਂ ਤੀਜਾ ਸਥਾਨ ਪ੍ਰਾਪਤ ਕੀਤਾ।ਜਮਾਤ ਪਹਿਲੀ ਤੋਂ ਚੌਥੀ ਜਮਾਤ ਦੇ ਨਤੀਜੇ ਵੀ ਸ਼ਾਨਦਾਰ ਰਹੇ ਹਨ।ਅਧਿਆਪਕਾਂ ਮਮਤਾ ਸ਼ਰਮਾ, ਆਨੰਦਪ੍ਰੀਤ ਕੌਰ ਨੇ ਦੱਸਿਆ ਕਿ ਸਕੂਲ ਵਿੱਦਿਅਕ, ਖੇਡਾਂ, ਸੱਭਿਆਚਾਰਕ ਮੁਕਾਬਲਿਆਂ 'ਚ ਜ਼ਿਲ੍ਹੇ ਭਰ ਵਿੱਚੋਂ ਅੱਵਲ ਰਹਿੰਦਾ ਹੈ ਤੇ ਵਿਭਾਗ ਵੱਲੋਂ ਹਰੇਕ ਗਤੀਵਿਧੀਆਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦਾ ਹੈ।ਨੇਹਾ ਢੀਂਗਰਾ, ਵਿਜੇ ਲਛਮੀ, ਰਿੰਪਲ ਨੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਪ੍ਰਾਇਮਰੀ ਰਾਜੀਵ ਕੁਮਾਰ ਛਾਬੜਾ, ਉੱਪ-ਜ਼ਿਲ੍ਹਾ ਸਿੱਖਿਆ ਅਫਸਰ ਸੁਖਵਿੰਦਰ ਸਿੰਘ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸਤੀਏਵਾਲਾ ਇੰਦਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਸੀ ਐੱਚ ਟੀ ਨਵਦੀਪ ਕੁਮਾਰ ਦੀ ਦੇਖ-ਰੇਖ ਵਿੱਚ ਸਕੂਲ ਵਿਖੇ ਵਿਦਿਆਰਥੀਆਂ ਦੀ ਗ੍ਰੈਜੂਏਸ਼ਨ ਸੈਰੇਮਨੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਬੱਚਿਆਂ ਦੇ ਮਾਪਿਆਂ ਦੇ ਨਾਲ ਨਾਲ ਸਕੂਲ ਮੈਨੇਜਮੈਂਟ ਕਮੇਟੀ, ਐੱਸ ਐੱਮ ਸੀ ਚੇਅਰਮੈਨ ਸਵਰਨ ਕੌਰ, ਪਿੰਡ ਦੇ ਪਤਵੰਤੇ ਸੱਜਣਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ।ਇਸ ਮੌਕੇ ਮਾਤਾ-ਪਿਤਾ ਕੋਲੋਂ ਕੁਝ ਖੇਡਾਂ ਵੀ ਕਰਵਾਈਆਂ ਗਈਆਂ ਤੇ ਜੇਤੂ ਮਾਤਾ-ਪਿਤਾ ਅਤੇ ਵਿਦਿਆਰਥੀਆਂ ਨੂੰ ਪ੍ਰਵੀਨ ਕੌਰ ਗਿੱਲ ਰੂਬੀ ਵੱਲੋਂ ਇਨਾਮ ਦਿੱਤੇ ਗਏ।ਇਸ ਮੌਕੇ ਮਿੱਡ ਡੇਅ ਮੀਲ ਵਰਕਰ ਰਣਜੀਤ ਕੌਰ, ਬਲਜੀਤ ਕੌਰ, ਗੁਰਮੀਤ ਕੌਰ ਆਂਗਨਵਾੜੀ ਵਰਕਰ ਚਰਨਜੀਤ ਕੌਰ, ਜਸਵੰਤ ਕੌਰ, ਹੈਲਪਰ ਪ੍ਰੀਤਮ ਕੌਰ ਆਦਿ ਹਾਜ਼ਰ ਸਨ।

# ਪੰਜਾਬ ਕਿਸਾਨ ਯੂਨੀਅਨ ਦਾ ਜ਼ਿਲ੍ਹਾ ਡੈਲੀਗੇਟ ਅਜਲਾਸ

**ਬੂਟਾ ਸਿੰਘ ਚਕਰ ਸਰਬਸੰਮਤੀ ਨਾਲ ਜ਼ਿਲ੍ਹਾ ਪ੍ਰਧਾਨ ਚੁਣੇ**



**ਹਠੂਰ (ਨਛੱਤਰ ਸੰਧੂ)**-ਪੰਜਾਬ ਕਿਸਾਨ ਯੂਨੀਅਨ ਜ਼ਿਲ੍ਹਾ ਲੁਧਿਆਣਾ ਦਾ ਡੈਲੀਗੇਟ ਅਜਲਾਸ ਭੈਣੀ ਬੜਿੰਗ ਗੁਰਦੁਆਰਾ ਸਾਹਿਬ ਵਿਖੇ ਕਰਵਾਇਆ ਗਿਆ, ਜਿਸ 'ਚ ਬਲਾਕ ਜਗਰਾਉਂ ਦੇ ਡੈਲੀਗੇਟਾਂ ਨੇ ਹਿੱਸਾ ਲਿਆ। ਅਜਲਾਸ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪਰਧਾਨ ਰੁਲਦੂ ਸਿੰਘ ਮਾਨਸਾ ਨੇ ਕਿਸਾਨ ਜਥੇਬੰਦੀਆਂ ਦੇ ਬਣਨ ਤੋਂ ਲੈ ਕੇ ਅੱਜ ਤੱਕ ਦੇ ਸ਼ਾਨਾਮੱਤੇ ਇਤਿਹਾਸ ਬਾਰੇ ਚਾਨਣਾ ਪਾਇਆ। ਉਨ੍ਹਾ ਦੱਸਿਆ ਜਦੋਂ 1979 ਜਦੋਂ ਉਨ੍ਹਾਂ ਕਿਸਾਨ ਜਥੇਬੰਦੀ ਦੀ ਮੈਂਬਰਸ਼ਿਪ ਲਈ ਤਾਂ 13 ਦਿਨ ਬਾਅਦ ਹੀ ਦੁੱਧ ਦੇ ਰੇਟ ਵਧਾਉਣ ਦਾ ਘੋਲ ਚੱਲਿਆ ਤਾਂ ਉਹ ਕਈ ਮਹੀਨੇ ਜੇਲ੍ਹ ਰਹੇ ਤੇ ਦੁੱਧ ਦਾ ਰੇਟ 36 ਪੈਸੇ ਪ੍ਰਤੀ ਫੈਟ ਤੋਂ 54 ਪੈਸੇ ਕਰਵਾਇਆ। ਸੂਬਾ ਸਕੱਤਰ ਗੁਰਨਾਮ ਸਿੰਘ ਭੀਖੀ ਨੇ ਵਿਸਥਾਰ ਸਹਿਤ ਕਿਸਾਨੀ ਸਮੱਸਿਆਵਾਂ ਬਾਰੇ ਚਾਨਣਾ ਪਾਇਆ। ਉਸ ਤੋਂ ਬਾਅਦ ਜ਼ਿਲ੍ਹਾ ਕਮੇਟੀ ਦਾ ਪੈਨਲ ਸੂਬਾ ਜਥੇਬੰਦਕ ਸਕੱਤਰ ਡਾ. ਗੁਰਚਰਨ ਸਿੰਘ ਭੈਣੀ ਬੜਿੰਗ ਨੇ ਪੇਸ਼ ਕੀਤਾ ਤੇ ਸਾਰੇ ਡੈਲੀਗੇਟ ਨੇ ਹੱਥ ਖੜੇ ਕਰਕੇ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ, ਜਿਸ 'ਚ ਬੂਟਾ ਸਿੰਘ ਚਕਰ ਸਰਬਸੰਮਤੀ ਨਾਲ ਜ਼ਿਲ੍ਹਾ ਪ੍ਰਧਾਨ ਚੁਣੇ ਗਏ, ਸਮਸ਼ੇਰ ਸਿੰਘ ਆਸੀ ਕਲਾਂ ਜ਼ਿਲ੍ਹਾ ਸਕੱਤਰ ਤੇ ਸੱਤ ਮੈਂਬਰੀ ਜ਼ਿਲ੍ਹਾ ਕਮੇਟੀ ਚੁਣੀ ਗਈ। ਅਜਲਾਸ ਦੌਰਾਨ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਜੱਗਾ ਸਿੰਘ ਬਦਰਾ ਤੇ ਸੂਬਾ ਸਕੱਤਰ ਗੁਰਨਾਮ ਸਿੰਘ ਭੀਖੀ ਅਬਜ਼ਰਵਰ ਦੇ ਤੌਰ 'ਤੇ ਹਾਜ਼ਰ ਸਨ। ਅੰਤ ਵਿੱਚ ਨਵੇਂ ਚੁਣੇ ਆਗੂਆਂ ਨੇ ਕਿਸਾਨ ਘੋਲਾਂ ਲਈ ਤੇ ਕਿਸਾਨ ਲਹਿਰ ਨੂੰ ਹੋਰ ਬਲੰਦੀਆਂ 'ਤੇ ਲਿਜਾਣ ਦਾ ਵਿਸ਼ਵਾਸ ਦੁਆਇਆ।

# ਫਰੀਡਮ ਫਾਈਟਰ ਉੱਤਰਾਅਧਿਕਾਰੀ ਜਥੇਬੰਦੀ ਨੇ ਪੰਜਾਬ ਸਰਕਾਰ ਦੇ ਨਾਂਅ ਵਿਧਾਇਕ ਨੂੰ ਸੌਂਪਿਆ ਮੰਗ ਪੱਤਰ



ਵਿਧਾਇਕ ਗੁਰਮੀਤ ਸਿੰਘ ਖੁੱਡੀਆਂ ਨੂੰ ਮੰਗ ਪੱਤਰ ਸੌਂਪਦੇ ਹੋਏ ਸੀਨੀਅਰ ਮੀਤ ਪ੍ਰਧਾਨ ਰਾਮ ਸਿੰਘ ਮਿੱਡਾ।

**ਮਲੋਟ (ਗੁਰਮੀਤ ਸਿੰਘ ਮੱਕੜ)**

ਫਰੀਡਮ ਫਾਈਟਰ ਉੱਤਰਾਅਧਿਕਾਰੀ ਜਥੇਬੰਦੀ ਵੱਲੋਂ ਲੰਬੀ ਹਲਕਾ ਦੇ ਵਿਧਾਇਕ ਗੁਰਮੀਤ ਸਿੰਘ ਖੁੱਡੀਆਂ ਨੂੰ ਪੰਜਾਬ ਸਰਕਾਰ ਦੇ ਨਾਂਅ ਮੰਗ ਪੱਤਰ ਸੌਂਪਿਆ ਗਿਆ, ਜਿਸ ਵਿੱਚ ਉਨ੍ਹਾਂ ਆਉਣ ਵਾਲੇ ਬਜਟ ਵਿੱਚ ਫਰੀਡਮ ਫਾਈਟਰ ਪਰਿਵਾਰਾਂ ਲਈ ਵਿਸ਼ੇਸ਼ ਪੈਕੇਜ ਰੱਖਣ ਆਦਿ ਦੀ ਮੰਗ ਕੀਤੀ ਹੈ। ਇਸ ਸੰਬੰਧੀ ਗੱਲਬਾਤ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਲੋਟ, ਸੀਨੀਅਰ ਮੀਤ ਪ੍ਰਧਾਨ ਰਾਮ ਸਿੰਘ ਮਿੱਡਾ ਆਦਿ ਨੇ ਕਿਹਾ ਕਿ ਦੇਸ਼ ਨੂੰ ਆਜ਼ਾਦ ਹੋਇਆਂ ਲਗਭਗ 75 ਸਾਲ ਹੋ ਗਏ ਹਨ, ਪ੍ਰੰਤੂ ਦੇਸ਼ ਨੂੰ ਆਜ਼ਾਦ ਕਰਵਾਉਣ ਵਾਲੇ ਫਰੀਡਮ ਫਾਈਟਰ ਪਰਿਵਾਰਾਂ ਵੱਲ ਕਿਸੇ ਵੀ ਸਿਆਸੀ ਪਾਰਟੀ ਨੇ ਧਿਆਨ ਨਹੀਂ ਦਿੱਤਾ, ਇਨ੍ਹਾਂ ਪਰਿਵਾਰਾਂ ਵਿੱਚੋਂ ਕਈ ਪਰਿਵਾਰ ਤਾਂ ਸਿਰ ਦੀ ਛੱਤ ਤੋਂ ਵੀ ਵਾਂਝੇ ਹਨ। ਉਨ੍ਹਾਂ ਸਰਕਾਰ ਤੋਂ ਫਰੀਡਮ ਫਾਈਟਰ ਪਰਿਵਾਰਾਂ ਦੀਆਂ ਮੁਸ਼ਕਲਾਂ ਦੇ ਮੱਦੇਨਜ਼ਰ ਫਰੀਡਮ ਫਾਈਟਰ ਭਲਾਈ ਬੋਰਡ ਬਣਾ ਕੇ ਚੇਅਰ ਸਥਾਪਤ ਕੀਤੇ ਜਾਣ ਤੇ ਉਸ 'ਚ ਮੈਂਬਰ ਵੀ ਫਰੀਡਮ ਫਾਈਟਰ ਪਰਿਵਾਰਾਂ ਵਿੱਚੋਂ ਲਏ ਜਾਣ, ਉੱਤਰਾਖੰਡ ਸਰਕਾਰ ਦੀ ਤਰਜ਼ 'ਤੇ ਫਰੀਡਮ ਫਾਈਟਰ ਪਰਿਵਾਰਾਂ ਨੂੰ ਪੈਨਸ਼ਨ ਲਗਾਏ ਜਾਣ, ਸਰਕਾਰ ਵੱਲੋਂ ਫਰੀਡਮ ਫਾਈਟਰ ਪਰਿਵਾਰਾਂ ਦੇ ਵਾਰਿਸਾਂ ਨੂੰ ਮੁੜ ਤੋਂ ਨੌਕਰੀਆਂ 'ਚ 5 ਫ਼ੀਸਦੀ ਕੋਟਾ ਦਿੱਤੇ ਜਾਣ, ਪੰਜਾਬ ਸਰਕਾਰ ਵੱਲੋਂ ਫਰੀਡਮ ਫਾਈਟਰ ਪਰਿਵਾਰਾਂ ਨੂੰ ਪੁੱਡਾ ਤੇ ਗਮਾਡਾ ਆਦਿ ਵਿੱਚ ਜੋ ਪਲਾਟ ਦਿੱਤੇ ਜਾਂਦੇ ਹਨ, ਉਨ੍ਹਾਂ ਦਾ ਲਾਭ ਉਨ੍ਹਾਂ ਦੇ ਵਾਰਿਸਾਂ ਨੂੰ ਦਿੱਤੇ ਜਾਣ, ਐੱਸ.ਸੀ./ਓ.ਬੀ.ਸੀ., ਖਿਡਾਰੀ, ਅੰਗਹੀਣ ਕੈਟਾਗਿਰੀਆਂ ਦੀ ਤਰ੍ਹਾਂ ਫਰੀਡਮ ਫਾਈਟਰ ਪਰਿਵਾਰਾਂ ਦੇ ਬੱਚਿਆਂ ਨੂੰ ਨੌਕਰੀਆਂ ਵਿੱਚ ਉਮਰ ਤੇ ਨੰਬਰਾਂ ਦੇ ਪ੍ਰਤੀਸ਼ਤਾਂ ਦੀ ਛੋਟ ਅਤੇ ਤਰੱਕੀਆਂ ਸਮੇਂ ਵੀ ਪਹਿਲ ਦਿੱਤੇ ਜਾਣ ਆਦਿ ਦੀ ਮੰਗ ਕੀਤੀ ਗਈ। ਇਸ ਮੌਕੇ ਵਿਧਾਇਕ ਨੇ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦੀਆਂ ਮੰਗਾਂ ਤੋਂ ਮੁੱਖ ਮੰਤਰੀ ਨੂੰ ਜਾਣੂੰ ਕਰਵਾ ਦਿੱਤਾ ਜਾਵੇਗਾ ਤੇ ਯੋਗ ਕਾਰਵਾਈ ਲਈ ਬੇਨਤੀ ਕੀਤੀ ਜਾਵੇਗੀ।

# ਮਿੱਡ ਡੇਅ ਮੀਲ 'ਚ ਅਣਗਹਿਲੀ ਬਰਦਾਸ਼ਤ ਨਹੀਂ : ਮੈਂਬਰ ਫੂਡ ਕਮਿਸ਼ਨ



**ਮਾਨਸਾ (ਮੁਨੀਸ਼ ਕੁਮਾਰ)**

ਮੈਂਬਰ ਪੰਜਾਬ ਸਟੇਟ ਫੂਡ ਕਮਿਸ਼ਨ ਸ੍ਰੀ ਚੇਤਨ ਪ੍ਰਕਾਸ਼ ਧਾਲੀਵਾਲ ਨੇ ਜ਼ਿਲ੍ਹੇ ਦੇ ਪਿੰਡ ਖ਼ਿਆਲਾ ਕਲਾਂ ਤੇ ਕੋਟੜਾ ਕਲਾਂ ਵਿਖੇ ਸਕੂਲਾਂ ਤੇ ਆਂਗਣਵਾੜੀ ਕੇਂਦਰਾਂ ਵਿੱਚ ਬੱਚਿਆਂ ਨੂੰ ਮੁਹੱਈਆ ਕਰਵਾਏ ਜਾ ਰਹੇ ਮਿੱਡ ਡੇਅ ਮੀਲ ਦੇ ਖਾਣੇ ਦੀ ਜਾਂਚ ਕੀਤੀ। ਉਨ੍ਹਾ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਬੱਚਿਆਂ ਦੀ ਸਿਹਤ ਪ੍ਰਤੀ ਕਿਸੇ ਵੀ ਕਿਸਮ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ ਇਸ ਗੱਲ ਦਾ ਖ਼ਾਸ ਧਿਆਨ ਰੱਖਿਆ ਜਾਵੇ ਕਿ ਬੱਚਿਆਂ ਨੂੰ ਮਿੱਡ-ਡੇਅ-ਮੀਲ ਵਿੱਚ ਪੌਸ਼ਟਿਕ ਤੇ ਸੰਤੁਲਿਤ ਖਾਣਾ ਹੀ ਮੁਹੱਈਆ ਕਰਵਾਇਆ ਜਾਵੇ। ਇਸ ਮੌਕੇ ਉਨ੍ਹਾਂ ਨਾਲ ਵਿਸ਼ੇਸ਼ ਤੌਰ 'ਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਟੀ. ਬੈਨਿਥ ਵੀ ਹਾਜ਼ਰ ਸਨ। ਮੈਂਬਰ ਫੂਡ ਕਮਿਸ਼ਨ ਪੰਜਾਬ ਸ੍ਰੀ ਚੇਤਨ ਪ੍ਰਕਾਸ਼ ਧਾਲੀਵਾਲ ਨੇ ਕਿਹਾ ਕਿ ਮਿੱਡ-ਡੇਅ-ਮੀਲ ਰਸੋਈ ਵਿੱਚ ਸਾਫ਼-ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ, ਤਾਂ ਜੋ ਗੰਦਗੀ ਕਾਰਨ ਸਕੂਲੀ ਬੱਚਿਆਂ ਦੀ ਸਿਹਤ 'ਤੇ ਮਾੜਾ ਪ੍ਰਭਾਵ ਨਾ ਪਵੇ। ਉਨ੍ਹਾਂ ਮਿੱਡ ਡੇਅ ਮੀਲ ਦੇ ਪ੍ਰਬੰਧਕਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਖਾਣੇ ਦੀ ਗੁਣਵੱਤਾ ਤੇ ਸਮੇਂ-ਸਮੇਂ ਬੱਚਿਆਂ ਲਈ ਆਈ ਸਮੱਗਰੀ ਨੂੰ ਲੋੜਵੰਦ ਬੱਚਿਆਂ ਤੱਕ ਪੁੱਜਦਾ ਕੀਤਾ ਜਾਵੇ। ਇਸ ਮੌਕੇ ਉਨ੍ਹਾ ਸਕੂਲੀ ਬੱਚਿਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਮਿਲਣ ਵਾਲੇ ਮਿੱਡ-ਡੇਅ-ਮੀਲ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ। ਖ਼ਿਆਲਾ ਕਲਾਂ ਵਿਖੇ ਬਣੇ ਕੇ.ਜੀ.ਬੀ.ਵੀ. ਹੋਸਟਲ ਵਿਖੇ ਜਾ ਕੇ ਉਨ੍ਹਾਂ ਵਿਦਿਆਰਥੀਆਂ ਦੇ ਰਹਿਣ, ਖਾਣੇ, ਮੈੱਸ ਤੇ ਰਸੋਈ ਘਰ ਦਾ ਨਿਰੀਖਣ ਕੀਤਾ। ਉਨ੍ਹਾਂ ਬੱਚਿਆਂ ਦਾ ਹੈਲਥ ਚੈੱਕਅੱਪ ਰਜਿਸਟਰ ਵੀ ਚੈੱਕ ਕੀਤਾ ਤੇ ਹੋਸਟਲ ਦੇ ਪ੍ਰਬੰਧਾਂ 'ਤੇ ਤਸੱਲੀ ਪ੍ਰਗਟਾਈ।

ਇਸ ਤੋਂ ਬਾਅਦ ਮੈਂਬਰ ਫੂਡ ਕਮਿਸ਼ਨ ਵੱਲੋਂ ਭੀਖੀ ਤੇ ਢੈਪਈ ਵਿਖੇ ਚੱਲ ਰਹੇ ਰਾਸ਼ਨ ਡਿੱਪੂਆਂ ਨੂੰ ਚੈੱਕ ਕੀਤਾ ਗਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਯੋਗ ਲਾਭਪਾਤਰੀਆਂ ਨੂੰ ਸਰਕਾਰ ਵੱਲੋਂ ਪ੍ਰਾਪਤ ਸਮੱਗਰੀ ਸਮੇਂ ਸਿਰ ਮੁਹੱਈਆ ਕਰਵਾਉਣੀ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਰਾਸ਼ਨ ਦੀ ਵੰਡ ਦੌਰਾਨ ਸਬੰਧਤ ਇੰਸਪੈਕਟਰ ਡਿੱਪੂ 'ਤੇ ਮੌਜੂਦ ਰਹਿਣਾ ਯਕੀਨੀ ਬਣਾਵੇ। ਇਸ ਤੋਂ ਪਹਿਲਾਂ ਉਨ੍ਹਾਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਵਿਭਾਗੀ ਅਧਿਕਾਰੀਆਂ ਤੋਂ ਸਕੂਲਾਂ, ਆਂਗਣਵਾੜੀ ਸੈਂਟਰਾਂ ਵਿੱਚ ਅਨਾਜ ਦੀ ਵੰਡ ਤੇ ਯੋਗ ਲਾਭਪਾਤਰੀਆਂ ਨੂੰ ਮੁਹੱਈਆ ਕਰਵਾਈ ਜਾ ਰਹੀ ਸਮੱਗਰੀ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਲਈ।

## ਗਿਆਨ ਸਾਗਰ ਕਾਨਵੈਂਟ ਸਕੂਲ 'ਚ ਖੂਨਦਾਨ ਕੈਂਪ



**ਬਰੇਟਾ (ਰੀਤਵਾਲ)**-ਗਿਆਨ ਸਾਗਰ ਕਾਨਵੈਂਟ ਸਕੂਲ ਕਾਹਨਗੜ੍ਹ ਦੇ ਚੇਅਰਮੈਨ ਰਾਮਪਾਲ ਸਿੰਘ ਸੇਖੋਂ, ਪ੍ਰਿੰਸੀਪਲ ਭਰਤ ਇੰਦਰ ਸਿੰਘ, ਸਮੂਹ ਸਟਾਫ ਵੱਲੋਂ ਸੋਸ਼ਲ ਕੰਮਾਂ ਵਿੱਚ ਹੋਰ ਕਦਮ ਅੱਗੇ ਵਧਾਉਂਦਿਆਂ ਮਾਨਸਾ ਜ਼ਿਲ੍ਹੇ ਦੀ ਸਮਾਜ ਸੇਵਾ ਨੂੰ ਸਮਰਪਤ ਆਸਰਾ ਫਾਊਂਡੇਸ਼ਨ ਬਰੇਟਾ, ਯੁਵਾ ਭਾਰਤ ਟਰੱਸਟ ਪੰਜਾਬ ਦੇ ਸਹਿਯੋਗ ਨਾਲ ਇਕ ਬਲੱਡ ਕੈਂਪ ਲਗਾਇਆ ਗਿਆ, ਜਿਸ ਵਿੱਚ ਖੂਨਦਾਨੀਆਂ ਵੱਲੋਂ 52 ਯੂਨਿਟ ਖੂਨ ਦਾਨ ਕੀਤਾ ਗਿਆ। ਇਸ ਸਮੇਂ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸਕੂਲ ਚੇਅਰਮੈਨ ਰਾਮ ਸਿੰਘ ਸੇਖੋਂ ਨੇ ਖੂਨਦਾਨੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਸਮਾਜ ਵਿੱਚ ਕੀਮਤੀ ਜਾਨਾਂ ਬਚਾਉਣ ਵਿੱਚ ਸਾਡੇ ਇਹ ਸਤਿਕਾਰਯੋਗ ਡੋਨਰਾਂ ਦਾ ਬਹੁਤ ਵੱਡਾ ਯੋਗਦਾਨ ਹੈ। ਦਲਜੀਤ ਸਿੰਘ ਸੇਖੋਂ ਤੇ ਐਡਵੋਕੇਟ ਰਵਿੰਦਰ ਸਿੰਘ ਸੇਖੋਂ ਵੱਲੋਂ ਗਿਆਨ ਸਾਗਰ ਕਾਨਵੈਂਟ ਸਕੂਲ ਕਾਹਨਗੜ੍ਹ ਦੀ ਮੈਨੇਜਮੈਂਟ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਡੇ ਇਲਾਕੇ ਵਿੱਚ ਇਸ ਸੰਸਥਾ ਦਾ ਇਹ ਬਹੁਤ ਵੱਡਾ ਨੇਕ ਉਪਰਾਲਾ ਹੈ। ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਬਰੇਟਾ ਥਾਣਾ ਮੁਖੀ ਗੁਰਦਰਸ਼ਨ ਸਿੰਘ ਨੇ ਵਿਸ਼ੇਸ਼ ਤੌਰ 'ਤੇ ਖੂਨਦਾਨੀਆਂ ਦਾ ਮੋਮੈਂਟ ਤੇ ਸਰਟੀਫਿਕੇਟ ਦੇ ਕੇ ਮਾਣ ਵਧਾਇਆ। ਇਸ ਮੌਕੇ ਇਲਾਕੇ ਦੇ ਮੋਹਤਬਰਾਂ, ਗ੍ਰਾਮ ਪੰਚਾਇਤ, ਬੱਚਿਆਂ ਦੇ ਪੇਰੈਂਟਸ, ਲੱਖੀ ਬੋੜਾਂਵਾਲ, ਡਾਕਟਰ ਗੁਰਸੇਵਕ ਸਿੰਘ ਸਿੱਧੂ, ਸਤਪਾਲ ਸਿੰਘ ਸਰਪੰਚ, ਯੁਵਾ ਭਾਰਤ ਟਰੱਸਟ ਪੰਜਾਬ ਦੇ ਅਹੁਦੇਦਾਰਾਂ ਤੋਂ ਇਲਾਵਾ ਆਸਰਾ ਫਾਊਂਡੇਸ਼ਨ ਬਰੇਟਾ ਦੀ ਸਾਰੀ ਟੀਮ ਹਾਜ਼ਰ ਸੀ।

# ਖੂਨ ਦਾਨ ਉੱਤਮ ਦਾਨ, ਜੋ ਮਨੁੱਖ ਨੂੰ ਵਾਹਿਗੁਰੂ ਦੇ ਨੇੜੇ ਕਰਦੈ : ਸੰਤ ਹਰਵਿੰਦਰ ਸਿੰਘ

**ਸੰਤ ਬਾਬਾ ਨਰੈਣ ਸਿੰਘ ਜੀ ਚੈਰੀਟੇਬਲ ਟਰੱਸਟ ਰੌਲੀ ਵੱਲੋਂ ਲਗਵਾਏ ਖੂਨਦਾਨ ਕੈਂਪ 'ਚ 75 ਯੂਨਿਟ ਖੂਨ ਇਕੱਤਰ**



**ਮੋਗਾ (ਅਮਰਜੀਤ ਬੱਬਰੀ)**-ਖੂਨ ਦਾਨ ਸਭ ਤੋਂ ਉੱਤਮ ਦਾਨ ਹੈ, ਜੋ ਇਨਸਾਨ ਨੂੰ ਕਿਸੇ ਅਨਜਾਣ ਜਾਂ ਆਪਣੇ ਦੀ ਜ਼ਿੰਦਗੀ ਬਚਾਉਣ ਦਾ ਵਿਲੱਖਣ ਅਹਿਸਾਸ ਤੇ ਮਾਨਸਿਕ ਤਸੱਲੀ ਦਾ ਅਹਿਸਾਸ ਕਰਵਾਉਂਦਾ ਹੈ। ਖੂਨ ਕਿਸੇ ਫੈਕਟਰੀ ਵਿੱਚ ਨਹੀਂ ਤਿਆਰ ਹੁੰਦਾ, ਬਲਕਿ ਲੋੜ ਪੈਣ 'ਤੇ ਮਨੁੱਖ ਹੀ ਇਸ ਦੀ ਪੂਰਤੀ ਕਰ ਸਕਦਾ ਹੈ। ਸਭ ਦੇ ਖੂਨ ਦਾ ਰੰਗ ਇੱਕੋ ਜਿਹਾ ਹੈ, ਫਿਰ ਉਚ-ਨੀਚ ਜਾਂ ਧਰਮ ਦੇ ਆਧਾਰ 'ਤੇ ਕਿਸੇ ਨਾਲ ਭੇਦਭਾਵ ਕਰਨਾ ਸਾਡੀ ਨਾ-ਸਮਝੀ ਤੋਂ ਵੱਧ ਕੁੱਝ ਨਹੀਂ ਹੈ। ਇਨਸਾਨੀਅਤ ਦਾ ਪਾਠ ਸਿੱਖਣ ਲਈ ਤੇ ਖੁਦ ਨੂੰ ਵਾਹਿਗੁਰੂ ਦੇ ਨਜ਼ਦੀਕ ਲੈ ਕੇ ਜਾਣ ਲਈ ਖੂਨ ਦਾਨ ਦੇ ਰਸਤਿਓਂ ਲੰਘਣਾ ਅਤਿ ਜ਼ਰੂਰੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੰਤ ਬਾਬਾ ਹਰਵਿੰਦਰ ਸਿੰਘ ਖਾਲਸਾ ਜੀ ਨੇ ਸੰਤ ਬਾਬਾ ਨਰੈਣ ਸਿੰਘ ਜੀ ਦੇ ਬਰਸੀ ਸਮਾਗਮ ਮੌਕੇ ਗੁਰਦੁਆਰਾ ਅੰਗੀਠਾ ਸਾਹਿਬ ਰੌਲੀ ਵਿਖੇ ਸੰਗਤਾਂ ਨੂੰ ਸੰਬੋਧਨ ਦੌਰਾਨ ਕੀਤਾ। ਉਨ੍ਹਾਂ ਇਸ ਮੌਕੇ ਰੂਰਲ ਐੱਨ ਜੀ ਓ ਮੋਗਾ ਦੇ ਸਹਿਯੋਗ ਨਾਲ ਲਗਾਏ ਗਏ ਖੂਨਦਾਨ ਕੈਂਪ ਵਿੱਚ ਸੰਗਤਾਂ ਨੂੰ ਖੂਨ ਦਾਨ ਕਰਨ ਲਈ ਪ੍ਰੇਰਿਤ ਵੀ ਕੀਤਾ ਤੇ ਐਲਾਨ ਕੀਤਾ ਕਿ ਸੰਗਤ ਦੇ ਸਹਿਯੋਗ ਨਾਲ ਹਰ ਸਾਲ ਬਰਸੀ ਸਮਾਗਮਾਂ ਮੌਕੇ ਖੂਨਦਾਨ ਕੈਂਪ ਲਗਾਇਆ ਜਾਵੇਗਾ ਤਾਂ ਜੋ ਸੰਗਤ ਨੂੰ ਇਸ ਲਹਿਰ ਨਾਲ ਜੋੜਿਆ ਜਾ ਸਕੇ। ਉਨ੍ਹਾਂ ਬੀਬੀਆਂ ਨੂੰ ਵੀ ਖੂਨ ਦਾਨ ਕਰਨ ਲਈ ਅੱਗੇ ਆਉਣ ਤੇ ਘਰ ਦੇ ਮਰਦਾਂ ਨੂੰ ਖੂਨ ਦਾਨ ਤੋਂ ਨਾ ਰੋਕਣ ਦੀ ਅਪੀਲ ਕੀਤੀ। ਇਸ ਮੌਕੇ ਮੋਗਾ ਦੇ ਸਾਬਕਾ ਵਿਧਾਇਕ ਡਾ. ਹਰਜੋਤ ਕਮਲ ਨੇ ਵੀ ਖੂਨਦਾਨੀਆਂ ਦੀ ਹੌਸਲਾ ਅਫਜ਼ਾਈ ਕੀਤੀ ਤੇ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ। ਇਸ ਮੌਕੇ ਰੂਰਲ ਐੱਨ ਜੀ ਓ ਮੋਗਾ ਦੇ ਚੀਫ ਪੈਟਰਨ ਮਹਿੰਦਰ ਪਾਲ ਲੂੰਬਾ ਨੇ ਸੰਬੋਧਨ ਦੌਰਾਨ ਨੌਜਵਾਨਾਂ ਨੂੰ ਖੂਨ ਦਾਨ ਕਰਨ ਲਈ ਪ੍ਰੇਰਿਤ ਕਰਦਿਆਂ ਖੂਨ ਦਾਨ ਦੇ ਫਾਇਦਿਆਂ ਤੇ ਜ਼ਰੂਰਤ ਬਾਰੇ ਜਾਣੂ ਕਰਵਾਉਂਦਿਆਂ ਦੱਸਿਆ ਕਿ ਖੂਨ ਦਾਨ ਕਰਨ ਨਾਲ ਸਰੀਰ ਵਿੱਚ ਕੋਈ ਕਮਜ਼ੋਰੀ ਨਹੀਂ ਆਉਂਦੀ। ਇਸ ਕੈਂਪ ਵਿੱਚ 75 ਨੌਜਵਾਨਾਂ ਨੇ ਖੂਨ ਦਾਨ ਕੀਤਾ, ਜਿਨ੍ਹਾਂ ਨੂੰ ਸੰਤ ਬਾਬਾ ਹਰਵਿੰਦਰ ਸਿੰਘ ਖਾਲਸਾ ਤੇ ਉਨ੍ਹਾਂ ਦੇ ਸੇਵਾਦਾਰਾਂ ਅਤੇ ਐੱਨ ਜੀ ਓ ਮੈਂਬਰਾਂ ਵੱਲੋਂ ਬੈਜ ਲਗਾ ਕੇ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ ਤੇ ਜ਼ਿਲ੍ਹਾ ਪ੍ਰਧਾਨ ਹਰਭਿੰਦਰ ਸਿੰਘ ਜਾਨੀਆਂ ਨੇ ਸਫਲ ਖੂਨਦਾਨ ਕੈਂਪ ਦੇ ਆਯੋਜਨ ਤੇ ਸੰਗਤਾਂ ਨੂੰ ਖੂਨਦਾਨ ਮੁਹਿੰਮ ਨਾਲ ਜੋੜਨ ਲਈ ਸੰਤ ਹਰਵਿੰਦਰ ਸਿੰਘ ਖਾਲਸਾ ਜੀ ਅਤੇ ਸਮੂਹ ਖੂਨਦਾਨੀਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਤੇ ਇਹ ਆਸ ਪ੍ਰਗਟ ਕੀਤੀ ਕਿ ਸੰਤ ਹਰਵਿੰਦਰ ਸਿੰਘ ਖਾਲਸਾ ਜੀ ਦੀ ਪ੍ਰੇਰਨਾ ਤੇ ਯੋਗ ਅਗਵਾਈ ਵਿੱਚ ਇਹ ਕੈਂਪ ਹਰ ਸਾਲ ਕੀਤਾ ਜਾਵੇਗਾ। ਇਸ ਮੌਕੇ ਟਰੱਸਟ ਵੱਲੋਂ ਖੂਨਦਾਨੀਆਂ ਲਈ ਰਿਫਰੈਸ਼ਮੈਂਟ ਦਾ ਵੀ ਪ੍ਰਬੰਧ ਕੀਤਾ ਗਿਆ। ਇਸ ਮੌਕੇ ਉਕਤ ਤੋਂ ਇਲਾਵਾ ਸਮਾਜ ਸੇਵਾ ਸੁਸਾਇਟੀ ਮੋਗਾ ਦੇ ਪ੍ਰਧਾਨ ਗੁਰਸੇਵਕ ਸਿੰਘ ਸੰਨਿਆਸੀ, ਸਰਪ੍ਰਸਤ ਗੁਰਬਚਨ ਸਿੰਘ ਗਗੜਾ, ਸਕੱਤਰ ਗੁਰਚਰਨ ਸਿੰਘ ਰਾਜੂ ਪੱਤੋ, ਬਲਾਕ ਮੋਗਾ-1 ਦੇ ਪ੍ਰਧਾਨ ਕੁਲਵਿੰਦਰ ਸਿੰਘ ਗਿੱਲ ਰਾਮੂਵਾਲਾ, ਹਰਜਿੰਦਰ ਸਿੰਘ ਚੁਗਾਵਾਂ, ਬਲੱਡ ਬੈਂਕ ਮੋਗਾ ਦੇ ਇੰਚਾਰਜ ਡਾ. ਸੁਮੀਤ ਗੁਪਤਾ ਤੇ ਉਨ੍ਹਾਂ ਦੀ ਸਮੁੱਚੀ ਟੀਮ ਹਾਜ਼ਰ ਸੀ।

11-APRIL-PAGE-7.qxd 4/10/2023 10:47 PM Page 1



# ਸੀਵਰੇਜ ਦੀ ਸਮੱਸਿਆ ਤੋਂ ਪੀੜਤ ਵਸਨੀਕਾਂ ਵੱਲੋਂ ਰੋਸ ਪ੍ਰਦਰਸ਼ਨ

### ਪ੍ਰਸ਼ਾਸਨ ਤੁਰੰਤ ਧਿਆਨ ਦੇਵੇ : ਚੌਹਾਨ



**ਮਾਨਸਾ (ਆਤਮਾ ਸਿੰਘ ਪਮਾਰ)**

ਮਾਨਸਾ ਸ਼ਹਿਰ ਅੰਦਰ ਸੀਵਰੇਜ ਦੀ ਸਮੱਸਿਆ ਦਿਨ ਪ੍ਰਤੀ ਦਿਨ ਗੰਭੀਰ ਬਣਦੀ ਜਾ ਰਹੀ ਹੈ, ਜੋ ਭਵਿੱਖ ਵਿੱਚ ਭਿਆਨਕ ਬਿਮਾਰੀਆਂ ਨੂੰ ਜਨਮ ਦੇਵੇਗੀ। ਬੇਸ਼ੱਕ ਸ਼ਹਿਰ ਦੇ ਵੱਖ ਵੱਖ ਹਿੱਸਿਆਂ ਵਿੱਚ ਸੀਵਰੇਜ ਕਾਰਨ ਆਮ ਲੋਕ ਪ੍ਰੇਸ਼ਾਨ ਹਨ, ਪ੍ਰੰਤੂ ਵਾਰਡ ਨੰਬਰ 2 ਤੇ 3 ਦੇ ਆਰੀਆ ਹਾਈ ਸਕੂਲ ਦੇ ਪਿੱਛੇ ਜੰਟੇ ਕੋਚ ਵਾਲੀ ਗਲੀ, ਜੋ ਲੰਮੇ ਸਮੇਂ ਤੋਂ ਸੀਵਰੇਜ ਦੇ ਮੇਨ ਹੋਲਾਂ ਦੀ ਓਵਰਫਲੋ ਕਾਰਨ ਗਟਰ ਦਾ ਗੰਦਾ ਪਾਣੀ ਗਲੀ 'ਚ ਖੜ੍ਹਾ ਹੋਣ ਕਰਕੇ ਵਸਨੀਕਾਂ ਨੂੰ ਭਿਆਨਕ ਬਿਮਾਰੀਆਂ ਦਾ ਸੱਦਾ ਦੇ ਰਿਹਾ ਹੈ ਤੇ ਆਉਣ-ਜਾਣ ਵਿੱਚ ਵੱਡੀ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਤੋਂ ਸਬੰਧਤ ਪ੍ਰਸ਼ਾਸਨ ਬਿਲਕੁਲ ਹੀ ਬੇਖਬਰ ਜਾਪ ਰਿਹਾ ਹੈ। ਇਸ ਤੋਂ ਖਫਾ ਮੁਹੱਲਾ ਵਾਸੀਆਂ ਨੇ ਸਮੱਸਿਆ ਦੇ ਫੌਰੀ ਹੱਲ ਲਈ ਹਰਦਿਆਲ ਭੋਲਾ, ਰਾਜਵਿੰਦਰ ਸਿੰਘ ਆਦਿ ਦੀ ਅਗਵਾਈ ਹੇਠ ਰੋਸ ਪ੍ਰਗਟ ਕਰਦਿਆਂ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸਾਡੀ ਸਮੱਸਿਆ ਦਾ ਤੁਰੰਤ ਕੋਈ ਢੁੱਕਵਾਂ ਹੱਲ ਕੱਢਿਆ ਜਾਵੇ।

ਇਸ ਸਮੇਂ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕ੍ਰਿਸ਼ਨ ਚੌਹਾਨ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਸਰਕਾਰ 'ਤੇ ਰੋਸ ਪ੍ਰਗਟ ਕਰਦਿਆਂ ਕਿਹਾ ਆਮ ਲੋਕਾਂ ਨੂੰ ਝੂਠੇ ਸਬਜ਼ਬਾਗ ਵਿਖਾ ਕੇ ਸੱਤਾ 'ਤੇ ਕਾਬਜ਼ ਲੋਕ ਗਰੀਬ ਲੋਕਾਂ ਨੂੰ ਭੁੱਲ ਚੁੱਕੇ ਹਨ। ਆਮ ਲੋਕਾਂ ਨੂੰ ਸਹੂਲਤਾਂ ਦੇਣ ਦੀ ਬਜਾਏ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਸਾਥੀ ਚੌਹਾਨ ਨੇ ਕਿਹਾ ਕਿ ਸਲੱਮ ਏਰੀਏ ਦੇ ਗਰੀਬ ਲੋਕ, ਜੋ ਪਹਿਲਾਂ ਤੋਂ ਹੀ ਆਰਥਿਕ ਤੰਗੀਆਂ ਤਰੁਸ਼ੀਆਂ ਨਾਲ ਜੂਝ ਰਹੇ ਹਨ, ਉਨ੍ਹਾਂ ਲਈ ਸੀਰਵੇਜ ਦੀ ਸਮੱਸਿਆ ਭਿਆਨਕ ਬਿਮਾਰੀਆਂ ਦਾ ਕਾਰਨ ਬਣੇਗੀ, ਕਿਉਂਕਿ ਪ੍ਰਸ਼ਾਸਨ ਦੀ ਲਾਪ੍ਰਵਾਹੀ ਇਹ ਦਰਸਾਅ ਰਹੀ ਕਿ ਜਿਵੇਂ ਇਹ ਲੋਕ ਸਮਾਜ ਦਾ ਹਿੱਸਾ ਹੀ ਨਾ ਹੋਣ? ਉਨ੍ਹਾ ਇਸ ਸਮੱਸਿਆ ਦੇ ਫੌਰੀ ਹੱਲ ਲਈ ਮੰਗ ਕੀਤੀ ਤੇ ਕਿਹਾ ਕਿ ਜੇਕਰ ਇਸ ਆਨਾ ਕਾਨੀ ਕੀਤੀ ਤਾਂ ਮਜਬੂਰੀ ਵਸ ਸੰਘਰਸ਼ ਦਾ ਰਾਹ ਅਪਣਾਉਣਾ ਪਵੇਗਾ। ਜਦੋਂ ਇਸ ਸਬੰਧੀ ਐੱਸ ਡੀ ਓ ਸੀਵਰੇਜ ਬੋਰਡ ਨਾਲ ਫੋਨ 'ਤੇ ਸੰਪਰਕ ਕੀਤਾ ਤਾਂ ਉਨ੍ਹਾ ਕਿਹਾ ਕਿ ਪਿਛਲੀ 16 ਮਾਰਚ ਤੋਂ ਜੋ ਕਿਸਾਨਾਂ ਨੂੰ ਖੇਤੀਬਾੜੀ ਲਈ ਪਾਣੀ ਦਿੱਤਾ ਜਾ ਰਿਹਾ ਸੀ, ਹੁਣ ਉਹ ਨਹੀਂ ਲੈ ਰਹੇ, ਜਿਸ ਕਰਕੇ ਇਹ ਸਮੱਸਿਆ ਆ ਰਹੀ ਹੈ। ਜਦੋਂ ਉਨ੍ਹਾਂ ਤੋਂ ਆਰੀਆ ਸਕੂਲ ਕੋਲ ਪਿਛਲੇ ਕਈ ਮਹੀਨਿਆਂ ਤੋਂ ਖੜੇ ਪਾਣੀ ਬਾਰੇ ਪੁੱਛਿਆ ਗਿਆ ਤਾਂ ਉਹ ਕੋਈ ਤਸੱਲੀਬਖਸ਼ ਜਵਾਬ ਨਹੀਂ ਦੇ ਸਕੇ।

ਇਸ ਸਮੇਂ ਗੁਰਵਿੰਦਰ ਸਿੰਘ, ਦਰਸ਼ਨ ਸਿੰਘ, ਪੋਪੀ ਸਿੰਘ, ਤਰਸੇਮ ਸਿੰਘ, ਰੋਹਿਤ ਕੁਮਾਰ ਤੇ ਜਸਵਿੰਦਰ ਤੋਂ ਇਲਾਵਾ ਵੱਡੀ ਗਿਣਤੀ ਔਰਤਾਂ ਵੀ ਸ਼ਾਮਲ ਸਨ।

## ਦਮਦਮਾ ਸਾਹਿਬ ਵਿਖੇ ਹੋ ਰਹੇ ਪੰਥਕ ਇਕੱਠ 'ਚ ਵਧ-ਚੜ੍ਹ ਕੇ ਸ਼ਾਮਲ ਹੋਵੋ : ਸਿੱਧੂ ਲੌਂਗੋਵਾਲ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ ਹਲਕਾ ਇੰਚਾਰਜ ਸੁਨਾਮ ਅਕਾਲੀ ਦਲ (ਅੰਮ੍ਰਿਤਸਰ) ਤੇ ਕੌਮੀ ਸੀਨੀਅਰ ਮੀਤ ਪ੍ਰਧਾਨ ਕਿਸਾਨ ਯੂਨੀਅਨ ਅੰਮ੍ਰਿਤਸਰ ਨੇ ਸਮੁੱਚੀ ਸਿੱਖ ਕੌਮ ਨੂੰ ਖਾਲਸਾ ਸਾਜਨਾ ਦਿਵਸ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਗੁਰਦੁਆਰਾ ਜੰਡਸਰ ਰੋਡ ਉਪਰ ਕੀਤੇ ਜਾ ਰਹੇ ਪੰਥਕ ਇਕੱਠ ਵਿੱਚ ਸ਼ਾਮਲ ਹੋਣ ਦੀ ਅਪੀਲ ਕਰਦੇ ਇਸ ਗੱਲ 'ਤੇ ਡੂੰਘਾ ਦੁੱਖ ਜ਼ਾਹਰ ਕੀਤਾ ਕਿ ਸੈਂਟਰ ਦੀ ਮੋਦੀ ਮੁਤੱਸਵੀ ਹਕੂਮਤ, ਗ੍ਰਹਿ ਵਿਭਾਗ ਇੰਡੀਆ ਵੱਲੋਂ ਬੀਤੇ 12 ਸਾਲਾਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜਨਰਲ ਚੋਣਾਂ ਕਿਉਂ ਨਹੀਂ ਕਰਾਈਆਂ ਜਾ ਰਹੀਆਂ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜੋ ਭੇਟਾ ਦੇ ਰੂਪ ਵਿੱਚ ਬਹੁਤ ਵੱਡੀ ਆਮਦਨ ਇਕੱਤਰ ਕਰਨ ਦਾ ਜ਼ਰੀਆ ਹੈ, ਉਹ ਘਾਟੇ ਵਿਚ ਕਿਉਂ ਜਾ ਰਹੀ ਹੈ? ਜੋ ਵਿਦਿਅਕ ਤੇ ਸਿਹਤ ਅਦਾਰੇ ਸਿੱਖ ਕੌਮ ਦੇ ਖ਼ਜ਼ਾਨੇ ਅਤੇ ਐਸ.ਜੀ.ਪੀ.ਸੀ. ਦੀ ਪ੍ਰਵਾਨਗੀ ਨਾਲ ਚੱਲ ਰਹੇ ਹਨ, ਉਨ੍ਹਾਂ ਦੇ ਆਪਣੇ ਨਿੱਜੀ ਪਰਵਾਰਾਂ ਦੇ ਟਰੱਸਟ ਬਣਾ ਕੇ ਕੌਮੀ ਖ਼ਜ਼ਾਨੇ ਦੀ ਲੁੱਟ ਕਿਉਂ ਕਰਾਈ ਜਾ ਰਹੀ ਹੈ, ਜਦੋਂਕਿ ਅਜਿਹੇ ਟਰੱਸਟ ਸਿੱਧੇ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਪੂਰੇ ਕੰਟਰੋਲ ਵਿੱਚ ਤੇ ਪਾਰਦਰਸ਼ੀ ਢੰਗ ਨਾਲ ਚੱਲਣੇ ਚਾਹੀਦੇ ਹਨ ਅਤੇ ਇਨ੍ਹਾਂ ਦੀ ਆਮਦਨ ਅਤੇ ਖਰਚੇ ਸੰਬੰਧੀ ਸਲਾਨਾ ਇਸ਼ਤਿਹਾਰ ਦੇ ਕੇ ਸਿੱਖ ਕੌਮ ਨੂੰ ਜਾਣੂ ਕਰਾਉਣਾ ਬਣਦਾ ਹੈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕੌਮੀ ਪ੍ਰਧਾਨ ਮੈਂਬਰ ਪਾਰਲੀਮੈਂਟ ਸੰਗਰੂਰ ਸਿਮਰਨਜੀਤ ਸਿੰਘ ਮਾਨ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ।

# ਬੀ ਕੇ ਯੂ ਲੱਖੋਵਾਲ ਨੇ ਤਹਿਸੀਲਦਾਰ ਨੂੰ ਦਿੱਤਾ ਮੰਗ ਪੱਤਰ

### ਕਿਸਾਨਾਂ ਨੂੰ ਪ੍ਰਤੀ ਏਕੜ 50,000 ਰੁਪਏ ਮੁਆਵਜ਼ਾ ਦਿੱਤਾ ਜਾਵੇ : ਚਕਰ, ਦੇਹੜਕਾ



ਤਹਿਸੀਲਦਾਰ ਨੂੰ ਮੰਗ ਪੱਤਰ ਦੇਣ ਸਮੇਂ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਆਗੂ।

**ਜਗਰਾਓਂ (ਨਛੱਤਰ ਸੰਧੂ)**

ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਜ਼ਿਲ੍ਹਾ ਲੁਧਿਆਣਾ ਵੱਲੋਂ ਕੁਦਰਤੀ ਆਫਤ, ਬੇ-ਮੌਸਮੀ ਬਾਰਿਸ਼, ਗੜੇਮਾਰੀ ਤੇ ਹਨੇਰੀ ਤੂਫਾਨ ਨਾਲ ਤਬਾਹ ਹੋਈਆਂ ਫਸਲਾਂ ਦੇ ਮੁਆਵਜ਼ੇ ਸੰਬੰਧੀ ਪੰਜਾਬ ਸਰਕਾਰ ਨੂੰ ਤਹਿਸੀਲਦਾਰ ਮਨਮੋਹਨ ਕੌਸ਼ਿਕ ਰਾਹੀਂ ਮੰਗ ਪੱਤਰ ਦਿੱਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹੇ ਦੇ ਸੀਨੀਅਰ ਮੀਤ ਪ੍ਰਧਾਨ ਸੁਦਾਗਰ ਸਿੰਘ ਚਕਰ ਤੇ ਸੀਨੀਅਰ ਆਗੂ ਹਰਬੰਸ ਸਿੰਘ ਦੇਹੜਕਾ ਨੇ ਦੱਸਿਆ ਕਿ ਬੇ-ਮੌਸਮੀ ਬਾਰਿਸ਼ ਤੇ ਗੜੇਮਾਰੀ ਕਾਰਨ ਬਰਬਾਦ ਹੋਈਆਂ ਫਸਲਾਂ ਦੀ ਭਰਭਾਈ ਕਰਨ ਵਾਸਤੇ ਪੰਜਾਬ ਸਰਕਾਰ ਪਾਸੋਂ ਜਥੇਬੰਦੀ 50,000 ਰੁਪਏ ਪ੍ਰਤੀ ਏਕੜ ਮੁਆਵਜ਼ੇ ਦੀ ਮੰਗ ਕਰਦੀ ਹੈ ਅਤੇ ਨਾਲ ਹੀ ਕੇਂਦਰ ਸਰਕਾਰ ਤੋਂ ਮੰਗ ਕਰਦੀ ਹੈ ਕਿ 500 ਰੁਪਏ ਪ੍ਰਤੀ ਕੁਇੰਟਲ ਕਣਕ 'ਤੇ ਬੋਨਸ ਦੇਵੇ। ਉਕਤ ਆਗੂਆਂ ਨੇ ਕਿਹਾ ਕਿ ਫਸਲਾਂ ਦੇ ਨਾਲ-ਨਾਲ ਸਬਜ਼ੀਆਂ ਤੇ ਸਹਾਇਕ ਧੰਦੇ ਵੀ ਇਸ ਕੁਦਰਤੀ ਆਫਤ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਇਨ੍ਹਾਂ ਨੂੰ ਮੁੜ ਤੋਂ ਲੀਹ 'ਤੇ ਲਿਆਉਣ ਲਈ ਯੋਗ ਮੁਆਵਜ਼ਾ ਰਾਸ਼ੀ ਪ੍ਰਦਾਨ ਕੀਤੀ ਜਾਵੇ।

ਬਿਨਾਂ ਸ਼ਰਤ ਤੋਂ ਖੇਤੀਬਾੜੀ ਮਹਿਕਮੇ ਦੇ ਅਫਸਰਾਂ ਦੀਆਂ ਰਿਪੋਰਟਾਂ 'ਤੇ ਅਧਾਰਤ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਜਾਵੇ, ਕਿਉਂਕਿ ਸਰਕਾਰ ਕੋਲ ਮਾਲ ਮਹਿਕਮੇ ਵਿੱਚ ਪਟਵਾਰੀਆਂ ਦੀ ਘਾਟ ਹੋਣ ਕਰਕੇ ਗਿਰਦਾਵਰੀ ਦਾ ਕੰਮ ਸਮੇਂ ਸਿਰ ਨਹੀਂ ਹੋ ਸਕਦਾ। ਇਸ ਸਮੇਂ ਉਨ੍ਹਾ ਨਾਲ ਜ਼ਿਲ੍ਹਾ ਪ੍ਰਧਾਨ ਜੋਗਿੰਦਰ ਸਿੰਘ ਢਿੱਲੋਂ, ਚਰਨਾ ਨੰਬਰਦਾਰ, ਕੈਪਟਨ ਸੁਖਚੈਨ ਸਿੰਘ, ਕਰਨੈਲ ਸਿੰਘ ਖਹਿਰਾ, ਰਵਿੰਦਰ ਸੋਡੀ, ਸੋਹਣ ਸਿੰਘ, ਸਰਪੰਚ ਸੁਖਦੇਵ ਸਿੰਘ ਬੂਟਾ ਚਕਰ, ਮਨਪ੍ਰੀਤ ਚੌਕੀਮਾਨ, ਅਜੈਬ ਸਿੰਘ, ਪ੍ਰਧਾਨ ਸੁਖਜਿੰਦਰ ਸਿੰਘ, ਬਲਜਿੰਦਰ ਸਿੰਘ, ਪ੍ਰਧਾਨ ਮਨਜੀਤ ਸਿੰਘ ਲੀਹਾ, ਚੰਦ ਸਿੰਘ, ਪ੍ਰਧਾਨ ਬਲਦੇਵ ਚੀਮਨਾ, ਲਖਵੀਰ ਸਿੰਘ ਤੇ ਸੁਖਮੰਦਰ ਸਿੰਘ ਰਸੂਲਪੁਰ ਆਦਿ ਆਗੂ ਹਾਜ਼ਰ ਸਨ।

## ਕਾਤਰਾਂ

### ਰੇਤਾ ਨਾਲ ਭਰੀ ਟਰੈਕਟਰ ਟਰਾਲੀ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਗੁਰੂ ਹਰਸਹਾਏ ਪੁਲਸ ਨੇ ਰੇਤਾ ਨਾਲ ਭਰੀ ਟਰੈਕਟਰ ਟਰਾਲੀ ਸਮੇਤ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਈਨਿੰਗ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏਐੱਸਆਈ ਗੁਰਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਨੂੰ ਬੀਤੇ ਦਿਨ ਗਸ਼ਤ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਛਿੰਦਰ ਸਿੰਘ ਪੁੱਤਰ ਠਾਕੁਰ ਸਿੰਘ ਵਾਸੀ ਮੇਹਰ ਸਿੰਘ ਵਾਲੇ ਝੁੱਗੇ ਦਾਖਲੀ ਛਾਂਗਾ ਰਾਏ ਹਿਠਾੜ ਨਾਜਾਇਜ਼ ਮਾਈਨਿੰਗ ਕਰਕੇ ਰੇਤਾ ਦੀ ਨਿਕਾਸੀ ਕਰਕੇ ਅੱਗੇ ਵੇਚਦਾ ਹੈ, ਜੋ ਹੁਣ ਵੀ ਆਪਣੇ ਟਰੈਕਟਰ ਸਵਰਾਜ 724 ਬਿਨਾਂ ਨੰਬਰੀ ਸਮੇਤ ਟਰਾਲੀ ਰੇਤਾ ਨਾਲ ਭਰ ਕੇ ਅੱਗੇ ਵੇਚਣ ਲਈ ਪਿੰਡ ਚਾਂਦੀ ਵਾਲੇ ਪਾਸੇ ਤੋਂ ਪਿੰਡ ਜੀਵਾਂਅਰਾਈਂ ਵੱਲ ਆ ਰਿਹਾ ਹੈ। ਉਪਰੰਤ ਨਾਕਾਬੰਦੀ ਕਰਕੇ ਮੁਲਜ਼ਮ ਨੂੰ ਕਾਬੂ ਕੀਤਾ ਗਿਆ ਤੇ ਮੌਕੇ 'ਤੇ ਇਕ ਟਰੈਕਟਰ ਸਮੇਤ ਟਰਾਲੀ ਰੇਤਾ ਨਾਲ ਭਰੀ ਹੋਈ ਬਰਾਮਦ ਹੋਈ।

### ਬਾਰਡਰ ਪੱਟੀ ਦੇ ਵਿਦਿਆਰਥੀਆਂ ਨੇ ਵਿਖਾਇਆ ਆਪਣਾ ਦਮ

**ਗੁਰੂਹਰਸਹਾਏ (ਪੱਤਰ ਪ੍ਰੇਰਕ)**-ਸਿੱਖਿਆ ਵਿਭਾਗ ਪੰਜਾਬ ਵੱਲੋਂ ਪੰਜਵੀਂ ਜਮਾਤ ਦੇ ਐਲਾਨੇ ਸਾਲਾਨਾ ਨਤੀਜਿਆਂ ਵਿੱਚ ਵਿਦਿਆਰਥੀਆਂ ਨੇ 500 ਵਿੱਚੋਂ 500 ਅੰਕ ਪ੍ਰਾਪਤ ਕਰਕੇ ਪੰਜਾਬ ਪੱਧਰੀ ਮੈਰਿਟ ਵਿੱਚ ਮੋਹਰੀ ਸਥਾਨ ਪ੍ਰਾਪਤ ਕਰਕੇ ਇਹ ਸਾਬਤ ਕਰ ਦਿੱਤਾ ਹੈ ਕਿ ਬਾਰਡਰ ਏਰੀਆ ਭਾਵੇਂ ਹੀ ਸਹੂਲਤਾਂ ਪੱਖੋਂ ਪੱਛੜਿਆ ਹੋਇਆ ਹੈ, ਪਰ ਇੱਥੋਂ ਦੇ ਬੱਚੇ ਪੜ੍ਹਾਈ ਵਿੱਚ ਪੰਜਾਬ ਵਿੱਚ ਕਿਸੇ ਤੋਂ ਵੀ ਘੱਟ ਨਹੀਂ ਹਨ। ਪ੍ਰੈੱਸ ਕਲੱਬ ਦੇ ਸਰਪ੍ਰਸਤ ਮਨਦੀਪ ਸਿੰਘ ਸੋਢੀ ਨੇ ਕਿਹਾ ਕਿ ਭਾਵੇਂ ਹੀ ਪੰਜਾਬ ਦੇ ਬਾਰਡਰ ਪੱਟੀ ਜ਼ਿਲ੍ਹਿਆਂ ਦੇ ਸਕੂਲਾਂ ਵਿੱਚ ਅਜੇ ਤੱਕ ਵੀ ਵੱਖ-ਵੱਖ ਸਹੂਲਤਾਂ ਦੀ ਭਾਰੀ ਘਾਟ ਹੈ, ਪਰ ਬਾਰਡਰ ਬੈਲਟ ਦੇ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਵਿੱਚ ਪ੍ਰਤਿਭਾ ਦੀ ਕੋਈ ਘਾਟ ਨਹੀਂ ਹੈ। ਪੰਜਵੀਂ ਜਮਾਤ 'ਚੋਂ 500 'ਚੋਂ 500 ਅੰਕ ਪ੍ਰਾਪਤ ਕਰਕੇ ਪੰਜਾਬ ਪੱਧਰੀ ਮੈਰਿਟ ਵਿੱਚ ਮੋਹਰੀ ਸਥਾਨ ਬਣਾਉਣ ਵਾਲੇ ਇਲਾਕਾ ਗੁਰੂਹਰਸਹਾਏ ਦੇ ਵਿਦਿਆਰਥੀਆਂ ਨੂੰ ਵੱਖ-ਵੱਖ ਕਲੱਬਾਂ ਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਇਨ੍ਹਾਂ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਸਨਮਾਨਤ ਕਰਨਾ ਚਾਹੀਦਾ ਹੈ।

### ਯੂਥ ਕਲੱਬ ਵੱਲੋਂ ਡਾ. ਅੰਬੇਡਕਰ ਦਾ ਜਨਮ ਦਿਵਸ 14 ਨੂੰ ਮਨਾਉਣ ਦਾ ਫੈਸਲਾ

**ਮਾਨਸਾ (ਆਤਮਾ ਸਿੰਘ ਪਮਾਰ)**-ਡਾਕਟਰ ਭੀਮ ਰਾਓ ਅੰਬੇਡਕਰ ਯੂਥ ਕਲੱਬ ਮਾਨਸਾ ਵੱਲੋਂ ਦਲਿਤਾਂ ਦੇ ਮਸੀਹਾ, ਯੁਗ ਪੁਰਸ਼ ਭਾਰਤੀ ਸੰਵਿਧਾਨ ਦੇ ਨਿਰਮਾਤਾ ਤੇ ਯੁੱਗ ਪਲਟਾਊ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 132ਵਾਂ ਜਨਮ ਦਿਵਸ 14 ਅਪ੍ਰੈਲ ਨੂੰ ਸਥਾਨਕ ਸ਼ਾਂਤੀ ਭਵਨ ਵਿਖੇ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਿਰਜ ਲਾਲ ਗੋਠਵਾਲ, ਮਾਸਟਰ ਬਲਵੰਤ ਸਿੰਘ ਬੰਟੀ ਤੇ ਪਵਨ ਕੁਮਾਰ ਨੇ ਦੱਸਿਆ ਕਿ ਪ੍ਰੋਗ੍ਰਾਮ ਦੇ ਮੁੱਖ ਮਹਿਮਾਨ ਮਾਨਯੋਗ ਡਿਪਟੀ ਕਮਿਸ਼ਨਰ ਸ੍ਰੀਮਤੀ ਬਲਜੀਤ ਕੌਰ ਆਈ ਏ ਐੱਸ ਤੇ ਵਿਸ਼ੇਸ਼ ਮਹਿਮਾਨ ਸ੍ਰੀ ਓਮ ਪ੍ਰਕਾਸ ਜੀ ਪੀ ਸੀ ਐੱਸ, ਐੱਸ ਡੀ ਐੱਮ ਰਾਮਪੁਰਾ ਫੂਲ ਹੋਣਗੇ। ਇਸ ਤੋਂ ਇਲਾਵਾ ਮੁੱਖ ਬੁਲਾਰੇ ਦੇ ਤੌਰ 'ਤੇ ਡਾਕਟਰ ਦਵਿੰਦਰ ਸਿੰਘ ਸੈਫੀ ਜੀ ਪਹੁੰਚ ਰਹੇ ਹਨ। ਨਾਟਕ ਤੇ ਕੋਰੀਓਗਰਾਫੀ ਪ੍ਰਗਤੀਸ਼ੀਲ ਕਲਾ ਮੰਚ ਜਲਾਲਾਬਾਦ ਦੇ ਮਾਸਟਰ ਕਿਰਨਦੀਪ ਆਦਿਲ ਦੀ ਨਿਰਦੇਸ਼ਨਾ ਹੇਠ ਹੋਵੇਗੀ। ਇਸ ਦੇ ਨਾਲ ਹੀ 14 ਅਪ੍ਰੈਲ ਨੂੰ ਸਵੇਰੇ 8 ਵਜੇ ਸੁਰਗਾਪੁਰੀ ਧਰਮਸ਼ਾਲਾ ਤੋਂ ਸ਼ੁਰੂ ਹੋ ਕੇ ਮੋਟਰਸਾਈਕਲ ਮਾਰਚ ਬਾਜ਼ਾਰ ਵਿੱਚੋਂ ਦੀ ਹੁੰਦਾ ਹੋਇਆ ਪ੍ਰਬੰਧਕੀ ਕੰਪਲੈਕਸ ਮਾਨਸਾ ਵਿਖੇ ਸਥਿਤ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਕੋਲ ਜਾ ਕੇ ਸਮਾਪਤ ਕੀਤਾ ਜਾਵੇਗਾ। ਡਾਕਟਰ ਸਾਹਿਬ ਦੀ ਪ੍ਰਤਿਮਾ ਨੂੰ ਪਸ਼ਪ ਮਾਲਾ ਅਰਪਤ ਕਰਕੇ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ। ਇਸ ਸਮੇਂ ਉਨ੍ਹਾਂ ਨਾਲ ਕਲੱਬ ਤੇ ਬਾਬਾ ਸਾਹਿਬ ਦੇ ਹੋਰ ਅਨੁਯਾਈ ਵੀ ਹਾਜ਼ਰ ਸਨ।

### ਦੜੇ ਸੱਟੇ ਦੀ ਰਾਸ਼ੀ ਸਮੇਤ ਦੋ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਤਲਵੰਡੀ ਭਾਈ ਤੇ ਥਾਣਾ ਕੁੱਲਗੜ੍ਹੀ ਪੁਲਸ ਨੇ ਗਸ਼ਤ ਦੌਰਾਨ ਦੋ ਵਿਅਕਤੀਆਂ ਨੂੰ 3675 ਰੁਪਏ ਜੂਆ ਰਾਸ਼ੀ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਤਲਵੰਡੀ ਭਾਈ ਦੇ ਏਐੱਸਆਈ ਬਲਜੀਤ ਸਿੰਘ ਨੇ ਦੱਸਿਆ ਕਿ ਬੀਤੇ ਦਿਨ ਗਸ਼ਤ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਵਿਕਰਮ ਬਜਾਜ ਪੁੱਤਰ ਅਸ਼ੋਕ ਕੁਮਾਰ ਵਾਸੀ ਸ਼ਨੀ ਮੰਦਿਰ ਵਾਲੀ ਗਲੀ ਤਲਵੰਡੀ ਭਾਈ ਦੜਾ ਸੱਟਾ ਲਗਾਉਣ ਦਾ ਆਦੀ ਹੈ, ਜੋ ਹੁਣ ਵੀ ਸ਼ਰੇਆਮ ਦਾਨਾ ਮੰਡੀ ਤਲਵੰਡੀ ਭਾਈ ਵਿਖੇ ਦੜਾ ਸੱਟਾ ਲਗਾ ਰਿਹਾ ਹੈ। ਉਪਰੰਤ ਪੁਲਸ ਪਾਰਟੀ ਵੱਲੋਂ ਮੁਲਜ਼ਮ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 235 ਰੁਪਏ ਰਾਸ਼ੀ ਦੜਾ ਸੱਟਾ ਬਰਾਮਦ ਹੋਈ। ਇਸੇ ਦੌਰਾਨ ਥਾਣਾ ਕੁੱਲਗੜ੍ਹੀ ਪੁਲਸ ਨੇ ਬੀਤੇ ਦਿਨ ਗਸ਼ਤ ਦੌਰਾਨ ਖਾਸ ਮੁਖਬਰ ਦੀ ਇਤਲਾਹ 'ਤੇ ਰਾਕੇਸ਼ ਪੁੱਤਰ ਅਜੀਤ ਸਿੰਘ ਵਾਸੀ ਬਾਜ਼ਾਰ ਨੰਬਰ 1, 2, 3 ਅਹਾਤਾ ਨੰਬ 166-ਬੀ ਕੈਂਟ ਫਿਰੋਜ਼ਪੁਰ ਨੂੰ ਛਾਪੇਮਾਰੀ ਕਰਕੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 3440 ਰੁਪਏ ਰਾਸ਼ੀ ਦੜਾ ਸੱਟਾ, 2 ਪੈੱਨ, 2 ਰਜਿਸਟਰ, 2 ਮੋਬਾਇਲ ਫੋਨ ਬਰਾਮਦ ਹੋਏ।

## ਗਾਂਧੀ ਨਗਰ ਵਾਸੀ ਨਰਕ ਵਰਗੀ ਜ਼ਿੰਦਗੀ ਜਿਊਣ ਲਈ ਮਜਬੂਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਇੱਥੋਂ ਦੀਆਂ ਗਲੀਆਂ ਨਾਲੀਆਂ ਦੀ ਸਫ਼ਾਈ ਦਾ ਬੁਰਾ ਹਾਲ ਹੈ, ਜਿਸ ਕਾਰਨ ਹਰ ਸਮੇਂ ਬਿਮਾਰੀ ਫੈਲਣ ਦਾ ਖਦਸ਼ਾ ਬਣਿਆ ਹੋਇਆ ਹੈ। ਗਾਂਧੀ ਨਗਰ ਗਲੀ ਨੰਬਰ 12 ਨੇੜੇ ਸਾਂਈਂ ਬਾਬਾ ਮੰਦਿਰ ਵਾਲੀ ਗਲੀ ਦਾ ਬਹੁਤ ਬੁਰਾ ਹਾਲ ਹੈ, ਜਿਸ ਕਾਰਨ ਮੁਹੱਲਾ ਵਾਸੀ ਨਰਕ ਵਰਗੀ ਜ਼ਿੰਦਗੀ ਬਤੀਤ ਕਰ ਰਹੇ ਹਨ। ਇਸ ਸਬੰਧੀ ਗਲੀ ਵਾਸੀ ਬਾਬਾ ਬਿਰਜ ਲਾਲ, ਗਿਆਨ ਕੁਮਾਰ, ਸੂਰਜ ਰਾਜੌਰਾ, ਜੱਗਾ ਸਿੰਘ, ਅਰਜੁਨ ਕੁਮਾਰ, ਮਲਕੀਤ ਸਿੰਘ ਸਿੰਘ, ਮਿੱਠੂ ਸਿੰਘ ਤੇ ਕਸ਼ਮੀਰ ਸਿੰਘ ਨੇ ਦੱਸਿਆ ਕਿ ਗਲੀਆਂ, ਨਾਲੀਆਂ ਦੀ ਸਫ਼ਾਈ ਨਾ ਹੋਣ ਕਾਰਨ ਨਾਲੀਆਂ ਦਾ ਪਾਣੀ ਸੜਕ ਉੱਪਰ ਆ ਜਾਂਦਾ ਹੈ, ਜਿਸ ਕਾਰਨ ਲੋਕਾਂ ਨੂੰ ਲੰਘਣ ਵਿੱਚ ਕਾਫੀ ਮੁਸ਼ਕਲ ਆਉਂਦੀ ਹੈ। ਸੜਕ 'ਤੇ ਨਾਲੀਆਂ ਦਾ ਪਾਣੀ ਓਵਰਫਲੋਅ ਹੋਣ ਕਾਰਨ ਕਾਫੀ ਗੰਦੀ ਬਦਬੂ ਆਉਂਦੀ ਹੈ, ਜਿਸ ਕਾਰਨ ਲੋਕਾਂ ਦਾ ਘਰਾਂ ਵਿੱਚ ਰਹਿਣਾ ਮੁਸ਼ਕਲ ਹੋ ਰਿਹਾ ਹੈ। ਮੁਹੱਲਾ ਵਾਸੀਆਂ ਨੇ ਕਿਹਾ ਕਿ ਇਸ ਗੰਦਗੀ ਨਾਲ ਗਲੀ ਵਿੱਚ ਭਿਆਨਕ ਬਿਮਾਰੀਆਂ ਫੈਲਣ ਦਾ ਡਰ ਬਣਿਆ ਹੋਇਆ ਅਤੇ ਮੱਛਰ ਦੀ ਮਾਤਰਾ ਵਧਣ ਕਾਰਨ ਮੁਹੱਲਾ ਵਾਸੀ ਮਲੇਰੀਏ ਤੇ ਡੇਂਗੂ ਦੀ ਚਪੇਟ ਵਿੱਚ ਵੀ ਆ ਸਕਦੇ ਹਨ।

ਉਨ੍ਹਾਂ ਮੰਗ ਕੀਤੀ ਕਿ ਮੁਹੱਲੇ ਦੀਆਂ ਗਲੀਆਂ, ਨਾਲੀਆਂ ਦੀ ਸਫ਼ਾਈ ਜਲਦੀ ਤੋਂ ਜਲਦੀ ਕਰਵਾਈ ਜਾਵੇ ਤਾਂ ਜੋ ਆਉਣ ਵਾਲੇ ਦਿਨਾਂ ਵਿੱਚ ਰਾਮਪੁਰਾ ਵਾਸੀ ਇਨ੍ਹਾਂ ਬਿਮਾਰੀਆਂ ਦੀ ਲਪੇਟ 'ਚ ਆਉਣ ਤੋਂ ਬਚ ਸਕਣ। ਦੂਸਰਾ ਮੁਹੱਲੇ ਵਾਲਿਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਸਮੇਂ ਰਹਿੰਦੇ ਸਾਰੇ ਬਾਜ਼ਾਰਾਂ, ਗਲੀਆਂ ਤੇ ਮੁਹੱਲੇ ਵਿੱਚ ਫੌਗਿੰਗ ਕਰਵਾਈ ਜਾਵੇ।

## ਪ੍ਰੈੱਸ ਕਲੱਬ ਵੱਲੋਂ ਪੱਤਰਕਾਰ ਸੁਖਵੰਤ ਗਿੱਲ ਤੇ ਮਾਤਾ ਇੰਦਰਜੀਤ ਕੌਰ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪ੍ਰੈੱਸ ਕਲੱਬ ਮਾਛੀਵਾੜਾ ਦੀ ਇਕ ਮੀਟਿੰਗ ਹੋਈ, ਜਿਸ ਵਿੱਚ ਇਲਾਕੇ ਦੇ ਸਮੂਹ ਪੱਤਰਕਾਰ ਭਾਈਚਾਰੇ ਨੇ ਸ਼ਮੂਲੀਅਤ ਕਰ ਪੱਤਰ ਪ੍ਰੇਰਕ ਸੁਖਵੰਤ ਸਿੰਘ ਗਿੱਲ ਦੀ ਬੇਵਕਤੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸਵ. ਸੁਖਵੰਤ ਸਿੰਘ ਗਿੱਲ, ਜੋ ਕਿ ਪ੍ਰੈੱਸ ਕਲੱਬ ਮਾਛੀਵਾੜਾ ਦੇ ਚੇਅਰਮੈਨ ਵੀ ਰਹੇ ਤੇ ਹੁਣ ਸਰਪ੍ਰਸਤ ਵਜੋਂ ਸੇਵਾ ਨਿਭਾਅ ਰਹੇ ਸਨ, ਦੀ ਅਚਨਚੇਤ ਮੌਤ ਨਾਲ ਪਰਿਵਾਰ ਤੋਂ ਇਲਾਵਾ ਹਰੇਕ ਵਰਗ ਵਿੱਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ।

ਪ੍ਰੈੱਸ ਕਲੱਬ ਦੀ ਮੀਟਿੰਗ 'ਚ ਇਕੱਤਰ ਹੋਏ ਪੱਤਰਕਾਰ ਕੇਵਲ ਸਿੰਘ ਕੱਦੋਂ, ਗੁਰਦੀਪ ਸਿੰਘ ਟੱਕਰ, ਸੰਦੀਪ ਸ਼ਰਮਾ, ਸੁਸ਼ੀਲ ਸ਼ਰਮਾ, ਗੋਬਿੰਦ ਸ਼ਰਮਾ, ਕਰਮਜੀਤ ਸਿੰਘ ਆਜ਼ਾਦ, ਅੰਮ੍ਰਿਤਪਾਲ ਸਮਰਾਲਾ, ਡਾ. ਜਸਵੀਰ ਸਿੰਘ ਰਾਣਾ, ਦੀਪਕ ਕੁਮਾਰ, ਗੁਰਮੁਖ ਦੀਪ, ਜਗਦੀਸ਼ ਰਾਏ ਬੌਬੀ, ਸ਼ੈਂਕੀ ਸ਼ਰਮਾ, ਸੁੱਚਾ ਬੰਗੜ, ਮਨੋਜ ਮੌਂਗਾ, ਗੁਰਦੇਵ ਸਿੰਘ, ਭੂਸ਼ਣ ਜੈਨ, ਦੀਪਕ ਚਾਨਣਾ, ਬੌਬੀ ਖੋਸਲਾ, ਰਵਨੀਤ ਸਿੰਘ ਟੱਕਰ, ਖੁਸ਼ਕਰਨ ਕੌਸ਼ਲ ਨੇ ਸਵ. ਸੁਖਵੰਤ ਸਿੰਘ ਗਿੱਲ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਅੱਜ ਇਕ ਨਿਧੜਕ ਪੱਤਰਕਾਰ ਦਾ ਅਚਨਚੇਤ ਤੁਰ ਜਾਣਾ ਬਹੁਤ ਦੁੱਖਦਾਈ ਹੈ, ਜਿਸ ਨਾਲ ਪ੍ਰੈੱਸ ਕਲੱਬ ਮਾਛੀਵਾੜਾ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਸਵ. ਸੁਖਵੰਤ ਸਿੰਘ ਗਿੱਲ ਨਮਿੱਤ ਭੋਗ ਤੇ ਅੰਤਿਮ ਅਰਦਾਸ 11 ਅਪ੍ਰੈਲ ਨੂੰ ਮਾਛੀਵਾੜਾ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ 12.30 ਤੋਂ 1.30 ਵਜੇ ਤੱਕ ਹੋਵੇਗੀ। ਇਸ ਤੋਂ ਇਲਾਵਾ ਸਮਰਾਲਾ ਤੋਂ ਪੱਤਰਕਾਰ ਰਾਮਦਾਸ ਬੰਗੜ ਦੀ ਮਾਤਾ ਇੰਦਰਜੀਤ ਕੌਰ ਦੀ ਮੌਤ 'ਤੇ ਵੀ ਪ੍ਰੈੱਸ ਕਲੱਬ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਸਵ. ਇੰਦਰਜੀਤ ਕੌਰ ਬੰਗੜ ਨਮਿੱਤ ਭੋਗ ਤੇ ਅੰਤਿਮ ਅਰਦਾਸ 12 ਅਪ੍ਰੈਲ ਨੂੰ ਅਨਾਜ ਮੰਡੀ ਸਮਰਾਲਾ ਵਿਖੇ 12.30 ਤੋਂ 1.30 ਵਜੇ ਤੱਕ ਹੋਵੇਗੀ।

### 700 ਬੋਤਲਾਂ ਨਜਾਇਜ਼ ਸ਼ਰਾਬ ਤੇ ਥ੍ਰੀ ਵ੍ਹੀਲਰ ਸਣੇ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ 700 ਬੋਤਲਾਂ ਨਜਾਇਜ਼ ਸ਼ਰਾਬ ਤੇ ਇੱਕ ਥ੍ਰੀ ਵਹੀਲਰ ਸਮੇਤ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏਐੱਸਆਈ ਹਰਨੇਕ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਬਗਦਾਦੀ ਗੇਟ ਫਿਰੋਜ਼ਪੁਰ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਮੁਲਜ਼ਮ ਫੌਜਾ ਸਿੰਘ ਪੁੱਤਰ ਬੱਗਾ ਸਿੰਘ ਵਾਸੀ ਪਿੰਡ ਅਲੀ ਕੇ ਨਜਾਇਜ਼ ਸ਼ਰਾਬ ਆਪਣੇ ਥ੍ਰੀ ਵਹੀਲਰ ਬਿਨਾਂ ਨੰਬਰੀ 'ਤੇ ਰੱਖ ਕੇ ਦਾਣਾ ਮੰਡੀ ਸਿਟੀ ਫਿਰੋਜ਼ਪੁਰ ਵਿਖੇ ਖੜਾ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਜੇਕਰ ਹੁਣੇ ਇਸ 'ਤੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਸ ਪਾਰਟੀ ਵੱਲੋਂ ਮੁਲਜ਼ਮ 'ਤੇ ਛਾਪੇਮਾਰੀ ਕਰਕੇ ਸਮੇਤ ਥ੍ਰੀ ਵਹੀਲਰ ਦੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 700 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਹੋਈ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਉਕਤ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਸੰਤ ਬਾਬਾ ਭਾਗ ਸਿੰਘ ਦਾ ਗੁਰਦੁਆਰਾ ਬਾਬੇ ਸ਼ਹੀਦਾਂ ਪਹੁੰਚਣ 'ਤੇ ਵਿਸ਼ੇਸ਼ ਸਨਮਾਨ



**ਬਾਘਾ ਪੁਰਾਣਾ (ਮਨੀ ਸਿਗਲਾ)**

ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਚੰਦ ਪੁਰਾਣਾ ਤਪ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਵਿਖੇ ਨਾਨਕਸਰ ਸੰਪ੍ਰਦਾਇਕ ਦੇ ਮੁਖੀ ਸੱਚਖੰਡ ਵਾਸੀ ਸੰਤ ਬਾਬਾ ਭਾਗ ਸਿੰਘ ਜੀ ਨਾਨਕਸਰ ਵਾਲੇ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਉਨ੍ਹਾਂ ਨੂੰ ਸੰਤ ਬਾਬਾ ਗੁਰਦੀਪ ਸਿੰਘ ਨੇ ਜੀ ਆਇਆਂ ਆਖਿਆ ਤੇ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਬਾਬਾ ਭਾਗ ਸਿੰਘ ਨਾਨਕਸਰ ਵਾਲਿਆਂ ਕਿਹਾ ਕਿ ਸਾਡਾ ਇਸ ਅਸਥਾਨ ਦੇ ਬਾਨੀ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਨਾਲ ਗੂੜਾ ਪਿਆਰ ਸੀ ਤੇ ਅੱਜ ਵੀ ਹੈ, ਕਿਉਂਕਿ ਮਹਾਂਪੁਰਖ਼ਾਂ ਦਾ ਸਾਡੇ ਕੋਲ ਆਮ ਹੀ ਆਉਣਾ ਜਾਣਾ ਸੀ, ਬਹੁਤ ਪ੍ਰੇਮ ਕਰਦੇ ਹਨ ਤੇ ਇਸ ਅਸਥਾਨ ਵੱਲੋਂ ਜੋ ਅਨੇਕਾਂ ਸਮਾਜ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ, ਉਹ ਇੱਕ ਸ਼ਲਾਘਾਯੋਗ ਕਦਮ ਹੈ। ਇਸ ਮੌਕੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਨੇ ਸੰਤ ਬਾਬਾ ਭਾਗ ਸਿੰਘ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬਾਬਾ ਜੀ ਆਪਣੀ ਡਿਊਟੀ ਨੂੰ ਬੜੀ ਤਨਦੇਹੀ ਨਾਲ ਨਿਭਾਅ ਰਹੇ ਹਨ। ਇਨ੍ਹਾਂ ਨੇ ਅਨੇਕਾਂ ਪ੍ਰਾਣੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਲੜ ਲਾ ਰਹੇ ਹਨ, ਜੋ ਬਹੁਤ ਵੱਡਾ ਉਪਰਾਲਾ ਹੈ। ਮੈਂ ਇਨ੍ਹਾਂ ਦੀ ਭਰਪੂਰ ਸ਼ਲਾਘਾ ਕਰਦਾ ਹਾਂ, ਸਾਡਾ ਬਾਬਾ ਗੇਜਾ ਸਿੰਘ ਜੀ ਨਾਲ ਬਹੁਤ ਪਿਆਰ ਤੇ ਸਤਿਕਾਰ ਸੀ, ਜੋ ਹਮੇਸ਼ਾ ਰਹੇਗਾ। ਇਸ ਮੌਕੇ ਉਨ੍ਹਾਂ ਤੋਂ ਇਲਾਵਾ ਹੋਰ ਵੀ ਨਾਨਕਸਰ ਸੰਪਰਦਾਇਕਾਂ ਦੇ ਸੇਵਾਦਾਰ ਉਨ੍ਹਾਂ ਦੇ ਨਾਲ ਹਾਜ਼ਰ ਸਨ।

## ਫਸਲਾਂ ਦੀ ਖਰਾਬੀ ਦੇ ਜਾਇਜ਼ੇ ਲਈ ਲਾਡੀ ਢੋਸ ਇੰਦਗੜ੍ਹ ਪਹੁੰਚੇ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**

ਪਿਛਲੇ ਦਿਨੀਂ ਬੇਮੌਸਮੀ ਭਾਰੀ ਬਾਰਿਸ਼, ਹਨੇਰੀ-ਝੱਖੜ ਤੇ ਗੜ੍ਹੇਮਾਰੀ ਨਾਲ ਕਿਸਾਨਾਂ ਦੀਆਂ ਪੁੱਤਰਾਂ ਵਾਂਗੂ ਪਾਲੀਆਂ ਫਸਲਾਂ ਦਾ ਭਾਰੀ ਨੁਕਸਾਨ ਹੋ ਚੁੱਕਾ ਹੈ। ਪੀੜਤ ਕਿਸਾਨਾਂ ਨੂੰ ਹੌਸਲਾ ਦੇਣ ਲਈ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਪਿੰਡ ਇੰਦਰਗੜ੍ਹ ਵਿਖੇ ਪਹੁੰਚੇ। ਇਸ ਮੌਕੇ ਕਿਸਾਨਾਂ ਨਾਲ ਖਰਾਬ ਹੋਈਆਂ ਫਸਲਾਂ ਸਬੰਧੀ ਖੇਤਾਂ ਅੰਦਰ ਜਾ ਕੇ ਮੌਕਾ ਦੇਖਿਆ ਤੇ ਕਿਸਾਨਾਂ ਨੂੰ ਹੌਸਲਾ ਦਿੰਦੇ ਹੋਏ ਆਖਿਆ ਕਿ ਕੁਦਰਤ ਦੀ ਮਾਰ ਅੱਗੇ ਮਨੁੱਖੀ ਜੀਵ ਬੇਵੱਸ ਤੇ ਲਾਚਾਰ ਹੈ, ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਇਸ ਬਿਪਤਾ ਭਰੀ ਦੁੱਖ ਦੀ ਘੜੀ ਸਮੇਂ ਕਿਸਾਨਾਂ ਨਾਲ ਖੜੀ ਹੈ ਤੇ ਪਟਵਾਰੀ ਤੇ ਖੇਤੀਬਾੜੀ ਦੇ ਪ੍ਰਸ਼ਾਸਨਕ ਅਧਿਕਾਰੀਆਂ ਤੋਂ ਨੁਕਸਾਨ ਹੋਈਆਂ ਫਸਲਾਂ ਦੀ ਗਿਰਦਾਵਰੀ ਕਰਵਾ ਕੇ ਬਹੁਤ ਜਲਦੀ ਬਣਦਾ ਮੁਆਵਜ਼ਾ ਦੇਣ ਦੀ ਕੋਸ਼ਿਸ਼ ਕਰੇਗੀ। ਇਸ ਸਮੇਂ ਉਨ੍ਹਾਂ ਨਾਲ ਖੇਤੀਬਾੜੀ ਦੇ ਅਧਿਕਾਰੀਆਂ ਤੋਂ ਇਲਾਵਾ ਟਰੱਕ ਯੂਨੀਅਨ ਧਰਮਕੋਟ ਦੇ ਪ੍ਰਧਾਨ ਸਤਵੀਰ ਸਿੰਘ ਸੱਤੀ ਜਲਾਲਾਬਾਦ, ਅਮਨ ਪੰਡੋਰੀ, ਭੁਪਿੰਦਰ ਸਿੰਘ ਪੀ ਏ, 'ਆਪ' ਆਗੂ ਸੰਦੀਪ ਸਿੰਘ, ਸਰਪੰਚ ਗੁਰਿੰਦਰਜੀਤ ਸਿੰਘ ਸੋਨੀ ਇੰਦਗੜ੍ਹ, ਰਣਜੀਤ ਸਿੰਘ ਲਾਟੀਆ ਸਮੇਤ 'ਆਪ' ਵਲੰਟੀਅਰ ਆਦਿ ਹਾਜ਼ਰ ਸਨ।

## ਵਿਕਾਸ ਮਿਸ਼ਨ ਵੱਲੋਂ ਅੰਬੇਡਕਰ ਜੈਅੰਤੀ ਸਮਾਗਮ 16 ਨੂੰ, ਹੁਸ਼ਿਆਰ ਬੱਚੇ ਕੀਤੇ ਜਾਣਗੇ ਸਨਮਾਨਤ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਅੰਬੇਡਕਰ ਜੈਅੰਤੀ ਸਬੰਧੀ ਵਿਸ਼ੇਸ਼ ਸਮਾਗਮ ਆਉਂਦੀ 16 ਅਪ੍ਰੈਲ ਨੂੰ ਸਥਾਨਕ ਰੇਲਵੇ ਰੋਡ ਸਥਿਤ ਪਵਨ ਹੋਟਲ ਐਂਡ ਸਵੀਟਸ ਸ਼ਾਪ ਵਿਖੇ ਆਯੋਜਤ ਕੀਤਾ ਜਾਵੇਗਾ। ਸਮਾਗਮ ਦੀ ਪ੍ਰਧਾਨਗੀ ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਕਰਨਗੇ। ਮਿਸ਼ਨ ਦੇ ਸਾਰੇ ਅਹੁਦੇਦਾਰ ਤੇ ਮੈਂਬਰ ਇਸ ਸਮੇਂ ਸ਼ਾਮਲ ਹੋਣਗੇ। ਅੰਬੇਡਕਰ ਜੈਅੰਤੀ ਸਮਾਗਮ ਮੌਕੇ ਜ਼ਿਲ੍ਹਾ ਭਰ ਦੇ ਸਾਰੇ ਛੇ ਬਲਾਕਾਂ ਸਰਕਾਰੀ ਸਕੂਲਾਂ ਵਿੱਚੋਂ ਬਲਾਕ ਵਾਈਜ ਪੰਜਵੀ ਦੀ ਪ੍ਰੀਖਿਆ 'ਚੋਂ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਸ਼ਾਨਦਾਰ ਮੋਮੈਂਟੋ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਜਾਵੇਗਾ। ਮਿਸ਼ਨ ਮੁਖੀ ਸ੍ਰੀ ਢੋਸੀਵਾਲ ਨੇ ਦੱਸਿਆ ਹੈ ਕਿ ਉਕਤ ਫ਼ੈਸਲਾ ਮਿਸ਼ਨ ਦੇ ਚੇਅਰਮੈਨ ਇੰਜ. ਅਸ਼ੋਕ ਕੁਮਾਰ ਭਾਰਤੀ, ਸੀਨੀਅਰ ਮੀਤ ਪ੍ਰਧਾਨ ਨਿਰੰਜਣ ਸਿੰਘ ਰੱਖਰਾ, ਅਨਿਲ ਅਨੇਜਾ, ਮੁੱਖ ਸਲਾਹਕਾਰ ਜਗਦੀਸ਼ ਚੰਦਰ ਧਵਾਲ, ਡਾ. ਸੁਰਿੰਦਰ ਗਿਰਧਰ, ਪ੍ਰਦੀਪ ਧੁੜੀਆ, ਰਜਿੰਦਰ ਖੁਰਾਣਾ, ਚੌ. ਬਲਬੀਰ ਸਿੰਘ, ਗੁਰਪਾਲ ਸਿੰਘ ਪਾਲੀ, ਡਾ. ਜਸਵਿੰਦਰ ਸਿੰਘ, ਸਾਹਿਲ ਕੁਮਾਰ ਹੈਪੀ, ਵਿਜੇ ਸਿਡਾਨਾ, ਡਾ. ਸਤੀਸ਼ ਗਲਹੋਤਰਾ, ਚੰਦ ਸਿੰਧ ਲੱਧੂਵਾਲਾ, ਛਿੰਦਰ ਕੌਰ ਧਾਲੀਵਾਲ, ਸ਼ੈਲਜਾ ਗਿਰਧਰ ਤੇ ਨੀਰਜ ਚਾਵਲਾ ਆਦਿ ਆਗੂਆਂ ਦੀ ਸਹਿਮਤੀ ਨਾਲ ਕੀਤਾ ਗਿਆ ਹੈ।

ਢੋਸੀਵਾਲ ਨੇ ਅੱਗੇ ਦੱਸਿਆ ਹੈ ਕਿ ਜੈਅੰਤੀ ਸਮਾਗਮ ਲਈ ਮੈਡਮ ਰੇਨੂੰ ਗਿਰਧਰ ਪ੍ਰੋਜੈਕਟ ਤੇ ਈਵੈਂਟ ਮੈਨੇਜਰ ਹੋਣਗੇ। ਸਟੇਜ ਸੰਚਾਲਨ ਦਾ ਕਾਰਜ ਮੈਡਮ ਰੇਨੂੰ ਗਿਰਧਰ ਨਾਲ ਹਰਪ੍ਰੀਤ ਕੌਰ ਮਲੋਟ ਅਤੇ ਸ਼ੈਲਜਾ ਗਿਰਧਰ ਕਰਨਗੇ। ਸਮਾਰੋਹ ਦੌਰਾਨ ਡਾ. ਅੰਬੇਡਕਰ ਦੇ ਜੀਵਨ ਅਤੇ ਵਿਚਾਰਧਾਰਾ ਬਾਰੇ 12 ਸਾਲ ਤੱਕ ਦੀ ਉਮਰ ਦੇ ਬੱਚਿਆਂ ਦਾ ਪ੍ਰਸ਼ਨ ਉੱਤਰ ਮੁਕਾਬਲਾ ਕਰਾਇਆ ਜਾਵੇਗਾ। ਸਹੀ ਉੱਤਰ ਦੇਣ ਵਾਲੇ ਬੱਚਿਆਂ ਨੂੰ ਮੌਕੇ 'ਤੇ ਹੀ ਇਨਾਮ ਦਿੱਤੇ ਜਾਣਗੇ।

## ਵਿਸ਼ਵ ਸਿਹਤ ਦਿਵਸ 'ਤੇ ਲੋਕਾਂ ਨੂੰ ਸਰੀਰਕ ਤੇ ਮਾਨਸਿਕ ਬਿਮਾਰੀਆਂ ਤੋਂ ਬਚਾਅ ਦੇ ਨੁਕਤੇ ਕੀਤੇ ਸਾਂਝੇ



**ਮਮਦੋਟ (ਜਸਬੀਰ ਸਿੰਘ ਕੰਬੋਜ, ਹਰਪਾਲ ਸਿੰਘ ਸੋਢੀ)**

ਗੰਧਲੇ ਹੋਏ ਵਾਤਾਵਰਣ ਕਰਕੇ ਜਿਥੇ ਅਨੇਕਾਂ ਬਿਮਾਰੀਆਂ ਪੈਰ ਪਸਾਰ ਰਹੀਆਂ ਹਨ, ਉਥੇ ਭੱਜ-ਦੌੜ ਦੀ ਜ਼ਿੰਦਗੀ ਵਿੱਚ ਮਨੁੱਖ ਸਰੀਰਕ ਤੇ ਮਾਨਸਿਕ ਬਿਮਾਰੀਆਂ ਦਾ ਵੀ ਸ਼ਿਕਾਰ ਹੋ ਰਿਹਾ ਹੈ, ਜੋ ਗੰਭੀਰ ਚਿੰਤਾ ਦਾ ਵਿਸ਼ਾ ਹੈ। ਡਾ. ਰੇਖਾ ਐਸ ਐਮ ਓ ਦੀ ਅਗਵਾਈ ਹੇਠ ਵਿਸ਼ਵ ਸਿਹਤ ਦਿਵਸ ਤੇ ਕਮਿਊਨਿਟੀ ਹੈਲਥ ਸੈਂਟਰ ਮਮਦੋਟ ਵਿਖੇ ਜਿੱਥੇ ਆਏ ਲੋਕਾਂ ਨੂੰ ਸਿਹਤ ਪ੍ਰਤੀ ਸੁਹਿਰਦ ਹੋਣ ਦਾ ਹੋਕਾ ਦਿੱਤਾ ਗਿਆ, ਉਥੇ ਕਿਸੇ ਵੀ ਹਾਲਤ ਵਿੱਚ ਤੁਰੰਤ ਸਿਹਤ ਸਹੂਲਤ ਪ੍ਰਾਪਤ ਕਰਨ ਦੀ ਅਪੀਲ ਕੀਤੀ ਤਾਂ ਜੁ ਅਜਾਈਂ ਜਾਂਦੀਆਂ ਜਾਨਾਂ ਨੂੰ ਬਚਾਉਣ ਦਾ ਹੰਭਲਾ ਮਾਰਿਆ ਜਾ ਸਕੇ।

ਡਾ. ਅਨੁਪਮ, ਡਾ ਪੱਲਵੀ, ਅੰਕੁਸ਼ ਭੰਡਾਰੀ ਬੀ.ਈ.ਈ ਵੱਲੋਂ ਸਰੀਰਕ ਤੇ ਮਾਨਸਿਕ ਬਿਮਾਰੀਆਂ ਤੋ ਬਚਾਅ ਦੇ ਨੁਕਤੇ ਸਾਂਝੇ ਕੀਤੇ, ਉੱਥੇ ਹੀ ਲੋਕਾਂ ਨੂੰ ਸੂਬਾ ਸਰਕਾਰ ਵੱਲੋਂ ਪਿੰਡਾਂ ਵਿੱਚ ਚੱਲ ਰਹੇ ਆਮ ਆਦਮੀ ਕਲੀਨਿਕ ਵਿੱਚ ਮੁਫ਼ਤ ਇਲਾਜ ਕਰਾਉਣ ਸਬੰਧੀ ਵੀ ਜਾਗਰੂਕ ਕੀਤਾ। ਬੁਲਾਰਿਆਂ ਨੇ ਦੱਸਿਆ ਕਿ ਅਜੋਕੇ ਦੌਰ ਵਿੱਚ ਬਹੁਤੇ ਲੋਕ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਰਹੇ ਹਨ ਅਤੇ ਕਈ ਵਾਰ ਡਿਪ੍ਰੈਸ਼ਨ ਸਦਕਾ ਮਨੁੱਖ ਗੰਭੀਰ ਬਿਮਾਰੀ ਦਾ ਸ਼ਿਕਾਰ ਹੋਣ ਦੇ ਨਾਲ-ਨਾਲ ਆਤਮਹੱਤਿਆ ਜਿਹਾ ਰਸਤਾ ਵੀ ਅਪਣਾ ਲੈਂਦਾ ਹੈ, ਜਿਸ ਨਾਲ ਪਿੱਛੇ ਰਹਿੰਦੇ ਪਰਵਾਰ ਨੂੰ ਕਾਫੀ ਪ੍ਰੇਸ਼ਾਨੀ ਵਿੱਚ ਪਾ ਜਾਂਦਾ ਹੈ। ਇਸ ਮੌਕੇ ਵੱਡੀ ਮੈਡਮ ਆਸ਼ੂ, ਨੰਦ ਲਾਲ ਫਰਮੇਸੀ ਅਫ਼ਸਰ, ਮੈਡਮ ਜਗਰੂਪ, ਮੈਡਮ ਰਿੰਪਲ ਸਮੇਤ ਪੈਰਾ ਮੈਡੀਕਲ ਸਟਾਫ਼ ਮੌਜੂਦ ਸੀ।

### ਖ਼ਰਾਬ ਫ਼ਸਲਾਂ ਦਾ ਜਾਇਜ਼ਾ ਲੈਣ ਪਿੰਡ ਇੰਦਰਗੜ੍ਹ ਪੁੱਜੇ ਲਾਡੀ ਢੋਸ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਬੇਮੌਸਮੀ ਭਾਰੀ ਬਾਰਿਸ਼, ਹਨੇਰੀ-ਝੱਖੜ ਤੇ ਗੜ੍ਹੇਮਾਰੀ ਪੈਣ ਨਾਲ ਕਿਸਾਨਾਂ ਦੀਆਂ ਪੁੱਤਰਾਂ ਵਾਂਗੂ ਪਾਲੀਆਂ ਫ਼ਸਲਾਂ ਦਾ ਭਾਰੀ ਨੁਕਸਾਨ ਹੋ ਚੁੱਕਾ ਹੈ। ਪੀੜਤ ਕਿਸਾਨ ਨੂੰ ਹੌਸਲਾ ਦੇਣ ਲਈ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਪਿੰਡ ਇੰਦਰਗੜ੍ਹ ਵਿਖੇ ਪਹੁੰਚੇ। ਇਸ ਮੌਕੇ ਕਿਸਾਨਾਂ ਨਾਲ ਖਰਾਬ ਹੋਈਆਂ ਫ਼ਸਲਾਂ ਸਬੰਧੀ ਖੇਤਾਂ ਅੰਦਰ ਜਾ ਕੇ ਮੌਕਾ ਦੇਖਿਆ ਤੇ ਕਿਸਾਨਾਂ ਨੂੰ ਹੌਸਲਾ ਦਿੰਦੇ ਆਖਿਆ ਕਿ ਕੁਦਰਤ ਦੀ ਮਾਰ ਅੱਗੇ ਮਨੁੱਖ ਬੇਵੱਸ ਅਤੇ ਲਾਚਾਰ ਹੈ, ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਇਸ ਬਿਪਤਾ ਭਰੀ ਦੁੱਖ ਦੀ ਘੜੀ ਸਮੇਂ ਕਿਸਾਨ ਪਰਵਾਰਾਂ ਨਾਲ ਖੜੀ ਹੈ। ਪਟਵਾਰੀ ਤੇ ਖੇਤੀਬਾੜੀ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਨੁਕਸਾਨ ਹੋਈਆਂ ਫ਼ਸਲਾਂ ਦੀ ਗਿਰਦਾਵਰੀ ਕਰਾ ਕੇ ਬਹੁਤ ਜਲਦੀ ਬਣਦਾ ਮੁਆਵਜ਼ਾ ਦੇਣ ਦੀ ਕੋਸ਼ਿਸ਼ ਕਰੇਗੀ। ਇਸ ਸਮੇਂ ਉਨ੍ਹਾਂ ਨਾਲ ਖੇਤੀਬਾੜੀ ਦੇ ਅਧਿਕਾਰੀਆਂ ਤੋਂ ਇਲਾਵਾ ਟਰੱਕ ਯੂਨੀਅਨ ਧਰਮਕੋਟ ਦੇ ਪ੍ਰਧਾਨ ਸਤਵੀਰ ਸਿੰਘ ਸੱਤੀ ਜਲਾਲਾਬਾਦ, ਅਮਨ ਪੰਡੋਰੀ, ਭੁਪਿੰਦਰ ਸਿੰਘ ਪੀਏ, 'ਆਪ' ਆਗੂ ਸੰਦੀਪ ਸਿੰਘ, ਸਰਪੰਚ ਗੁਰਿੰਦਰਜੀਤ ਸਿੰਘ ਸੋਨੀ ਇੰਦਗੜ, ਰਣਜੀਤ ਸਿੰਘ ਲਾਟੀਆ ਸਮੇਤ 'ਆਪ' ਵਲੰਟੀਅਰ ਆਦਿ ਹਾਜ਼ਰ ਸਨ।

## ਆਰ ਟੀ ਆਈ ਐਕਟੀਵਿਸਟਾਂ ਦੀ ਮੀਟਿੰਗ ਹੋਈ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਆਰ.ਟੀ.ਆਈ ਐਕਟੀਵਿਸਟਾਂ ਦੀ ਮੀਟਿੰਗ ਸ਼ਹੀਦ ਬੇਰੁਜ਼ਗਾਰ ਅਧਿਆਪਕ ਯਾਦਗਾਰ ਹਾਲ, ਨੇੜੇ ਟਰੱਕ ਯੂਨੀਅਨ ਵਿਖੇ ਐਸੋਸੀਏਸ਼ਨ ਦੇ ਪ੍ਰਧਾਨ ਮਾਸਟਰ ਸੁਰਿੰਦਰ ਗੁਪਤਾ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਐਸ.ਡੀ.ਐਮ. ਨਾਲ ਹੋਈ ਪਹਿਲੀ ਮੀਟਿੰਗ ਵਿੱਚ ਵਿਚਾਰੇ ਮੁੱਦਿਆਂ 'ਤੇ ਹੋਏ ਅਮਲ ਬਾਰੇ ਐਕਟੀਵਿਸਟਾਂ ਨੇ ਤਸੱਲੀ ਪ੍ਰਗਟਾਈ। ਲੰਮੇ ਸਮੇਂ ਤੋਂ ਯੂਨੀਵਰਸਿਟੀ ਨੇਬਰਹੁੱਡ ਕੈਂਪਸ ਸਾਹਮਣੇ ਦਰੱਖਤਾਂ ਵਿੱਚ ਖੜੇ ਬਦਬੂ ਮਾਰਦੇ ਪਾਣੀ ਨੂੰ ਬੰਦ ਕਰਨ ਲਈ ਫੂਲ ਰੋਡ ਦੇ ਸੀਵਰੇਜ ਦੀ ਵੱਡੀਆਂ ਮਸ਼ੀਨਾਂ ਨਾਲ ਸਫ਼ਾਈ ਤੇ ਮੁਰੰਮਤ ਕਰਕੇ ਹੋ ਰਹੀ ਲੀਕੇਜ ਬੰਦ ਕਰ ਦਿੱਤੀ ਗਈ ਹੈ। ਸ਼ਹੀਦ ਭਗਤ ਸਿੰਘ ਕਲੋਨੀ ਦੀਆਂ ਸਟਰੀਟ ਲਾਈਟਾਂ ਵੀ ਚੱਲਣ ਲੱਗੀਆਂ ਹਨ। ਸਲਿੱਪ ਰੋਡ 'ਤੇ ਸੀਵਰੇਜ ਦੀ ਲੀਕੇਜ ਵੀ ਬੰਦ ਕਰ ਦਿੱਤੀ ਗਈ ਹੈ। ਪਰ ਆਰ. ਟੀ. ਆਈ. ਪ੍ਰਤੀ ਪ੍ਰਸ਼ਾਸਨ ਤੇ ਨਗਰ ਕੌਂਸਲ ਨੇ ਅਜੇ ਤੱਕ ਗੰਭੀਰਤਾ ਨਹੀਂ ਵਿਖਾਈ। ਇੱਕ ਅੱਧੇ ਨੂੰ ਛੱਡ ਬਹੁਤੇ ਪਬਲਿਕ ਅਦਾਰਿਆਂ ਨੇ ਲੋਕਾਂ ਦੀ ਸਹੂਲਤ ਲਈ ਐਕਟ ਅਨੁਸਾਰ ਜਨ ਸੂਚਨਾ ਅਧਿਕਾਰੀਆਂ ਦੇ ਵੇਰਵੇ, ਪਹਿਲੀ ਅਪੀਲੇਟ ਅਥਾਰਟੀ ਦਾ ਪਤਾ ਤੇ ਫੋਨ ਨੰਬਰਾਂ ਵਾਲੇ ਡਿਸਪਲੇਅ ਬੋਰਡ ਵੀ ਕਿਧਰੇ ਵਿਖਾਈ ਨਹੀਂ ਦਿੰਦੇ। ਨਗਰ ਕੌਂਸਲ ਦੇ ਅਧਿਕਾਰੀਆਂ/ਕ੍ਰਮਚਾਰੀਆਂ ਨੇ ਤਾਂ ਐਕਟ ਦੀ ਪ੍ਰਵਾਹ ਕਰਨੀ ਛੱਡੀ ਹੋਈ ਹੈ। ਇਸ ਐਕਟ ਨੂੰ ਟਿੱਚ ਕਰਕੇ ਜਾਣਿਆ ਜਾਂਦਾ ਹੈ। ਸਾਲਾਂਬੱਧੀ ਜਾਣਕਾਰੀ ਨਹੀਂ ਦਿੱਤੀ ਜਾਂਦੀ। ਪਹਿਲੀ ਅਪੀਲੇਟ ਅਥਾਰਟੀ ਦੇ ਹੁਕਮਾਂ ਨੂੰ ਵੀ ਨਹੀਂ ਮੰਨਦੇ ਨਾ ਹੀ ਕਮਿਸ਼ਨ ਦੇ ਹੁਕਮਾਂ ਨੂੰ ਵੀ ਗੰਭੀਰਤਾ ਨਾਲ ਲੈਂਦੇ ਹਨ। ਇਸ ਸਬੰਧੀ ਛੇਤੀ ਹੀ ਐਸੋਸੀਏਸ਼ਨ ਦਾ ਇੱਕ ਵਫ਼ਦ ਨਗਰ ਕੌਂਸਲ ਦੇ ਪਰਸ਼ਾਸ਼ਿਕ ਐਸ.ਡੀ.ਐਮ. ਨੂੰ ਦੁਬਾਰਾ ਮਿਲੇਗਾ। ਐਸੋਸੀਏਸ਼ਨ ਦੇ ਸਕੱਤਰ ਜਨਰਲ ਰਾਜ ਕੁਮਾਰ ਨੇ ਕਮਿਸ਼ਨ ਦੀ ਵੈਬਸਾਈਟ ਤੋਂ ਡਾਊਨਲੋਡ ਕਰਕੇ ਪੰਜਾਬੀ ਤੇ ਅੰਗਰੇਜ਼ੀ ਵਿੱਚ ਐਕਟ ਦੀਆਂ ਕਾਪੀਆਂ ਤਿਆਰ ਕਰ ਲਈਆਂ ਹਨ। ਕੋਈ ਵੀ ਲੋੜਵੰਦ ਲਾਗਤ ਕੀਮਤ ਅਦਾ ਕਰਕੇ ਐਸੋਸੀਏਸ਼ਨ ਦੇ ਪ੍ਰਧਾਨ ਮਾਸਟਰ ਸੁਰਿੰਦਰ ਗੁਪਤਾ ਨਾਲ ਸੰਪਰਕ ਕਰਕੇ ਲੈ ਸਕਦਾ ਹੈ। ਐਸੋਸੀਏਸ਼ਨ ਵੱਲੋਂ ਇਲਾਕਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਕਾਨੂੰਨ ਦੀ ਵੱਧ ਤੋਂ ਵੱਧ ਵਰਤੋਂ ਕਰਨ ਅਤੇ ਐਸੋਸੀਏਸ਼ਨ ਦੇ ਨਾਲ ਜੁੜਨ ਲਈ ਕਿਹਾ ਹੈ।

ਜਾਣਕਾਰੀ ਐਸੋਸੀਏਸ਼ਨ ਦੇ ਪ੍ਰੈੱਸ ਸਕੱਤਰ ਦਰਸ਼ਨ ਜਿੰਦਲ ਨੇ ਸਾਂਝੀ ਕੀਤੀ। ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਪ੍ਰਿੰਸੀਪਲ ਮੇਹਰ ਬਾਹੀਆ, ਹੈਡਮਾਸਟਰ ਸੁਖਮੰਦਰ ਸਿੰਘ, ਕੈਸ਼ੀਅਰ ਸੁਮਿੰਦਰ ਕੁਮਾਰ, ਮਾਸਟਰ ਦਰਸ਼ਨ ਸਿੰਘ ਨੰਦਗੜ੍ਹ ਕੋਰਡਾ ਆਦਿ ਹਾਜ਼ਰ ਸਨ।

# ਸਹਾਰਾ ਕਲੱਬ ਵੱਲੋਂ ਵਿਸ਼ਾਲ ਖ਼ੂਨਦਾਨ ਕੈਂਪ

### ਬਹੁ-ਮੁੱਲੀਆਂ ਜਾਨਾਂ ਬਚਾਉਣ ਲਈ ਸਾਨੂੰ ਖ਼ੂਨ ਦਾਨ ਕਰਦੇ ਰਹਿਣਾ ਚਾਹੀਦਾ : ਜੌੜਾਮਾਜਰਾ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਸਹਾਰਾ ਕਲੱਬ ਵੱਲੋਂ ਸਥਾਨਕ ਸਹਾਰਾ ਭਵਨ ਵਿਖੇ ਸੰਸਥਾ ਦੇ ਸਾਬਕਾ ਮੈਂਬਰ ਸਵ. ਮਨੋਹਰ ਅਰੋੜਾ, ਸਵ. ਮਹਿੰਦਰ ਕੁਮਾਰ, ਸਵ. ਵਾਸਦੇਵ ਧਵਨ ਤੇ ਨਰੇਸ਼ ਅਰੋੜਾ ਦੀ ਯਾਦ ਨੂੰ ਸਮਰਪਤ ਥੈਲਸੀਮੀਆ ਬੀਮਾਰੀ ਤੋਂ ਪੀੜਤ ਬੱਚਿਆਂ ਲਈ ਇੱਕ ਵਿਸ਼ਾਲ ਖ਼ੂਨਦਾਨ ਕੈਂਪ ਲਾਇਆ ਗਿਆ, ਜਿਸ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਪਹੁੰਚੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਤੇ ਆਲ ਇੰਡੀਆ ਬਹਾਵਲਪੁਰ ਮਹਾਂਸੰਘ ਦੇ ਪ੍ਰਧਾਨ ਗਿਆਨ ਚੰਦ ਕਟਾਰੀਆ ਵੱਲੋਂ ਕੀਤਾ ਗਿਆ। ਉਨ੍ਹਾਂ ਇਸ ਮੌਕੇ ਲੋਕਾਂ ਨੂੰ ਖ਼ੂਨ ਦਾਨ ਦੀ ਮਹੱਤਤਾ ਤੇ ਖ਼ੂਨ ਦਾਨ ਕਰਨ ਪ੍ਰਤੀ ਜਾਗਰੂਕ ਕਰਨ ਦਾ ਸੱਦਾ ਦਿੰਦੇ ਹੋਏ ਕਿਹਾ ਕਿ ਖ਼ੂਨਦਾਨ ਮਨੁੱਖਤਾ ਲਈ ਕੀਤਾ ਜਾਣ ਵਾਲਾ ਸਭ ਤੋਂ ਵੱਡਾ ਦਾਨ ਹੈ। ਸਾਨੂੰ ਸਭ ਨੂੰ ਮਨੁੱਖਤਾ ਦੀ ਸੇਵਾ ਲਈ ਖ਼ੂਨ ਦਾਨ ਕਰਨਾ ਚਾਹੀਦਾ ਹੈ।

ਇਸ ਕੈਂਪ ਦੌਰਾਨ ਰਜਿੰਦਰਾ ਹਸਪਤਾਲ ਪਟਿਆਲਾ ਦੀ ਥੈਲਾਸੀਮੀਆ ਟੀਮ ਵੱਲੋਂ ਡਾਕਟਰ ਸ਼ੀਨਭ ਮਿੱਤਲ ਦੀ ਅਗਵਾਈ ਵਿੱਚ 150 ਯੂਨਿਟ ਦੇ ਕਰੀਬ ਖ਼ੂਨ ਇਕੱਤਰ ਕੀਤਾ ਗਿਆ। ਇਸ ਮੌਕੇ ਸਹਾਰਾ ਕਲੱਬ ਦੇ ਸਰਪ੍ਰਸਤ ਧਰਮਪਾਲ ਅਨੇਜਾ, ਸਰਪ੍ਰਸਤ ਭੀਮ ਸੈਨ ਦੁਆ, ਪ੍ਰਧਾਨ ਦਵਿੰਦਰ ਜੈ ਸਿੰਘ, ਸੈਕਟਰੀ ਅਸ਼ਵਨੀ ਤੁਲਾਨੀ, ਕੈਸ਼ੀਅਰ ਜਤਿੰਦਰ ਡੇਬਲਾ, ਕਰਮ ਚੰਦ ਚਾਵਲਾ, ਅਸ਼ੋਕ ਥਰੇਜਾ, ਕਸ਼ਿਕ ਧਵਨ, ਵਿਪਨ ਡਾਂਗ, ਹਰੀਸ਼ ਸ਼ਰਮਾ, ਹਰੀਸ਼ ਸਡਾਨਾ, ਸੰਜੀਵ ਕਾਲੜਾ, ਦੀਪਕ ਖੁਰਾਨਾ, ਕੇਵਲ ਕ੍ਰਿਸ਼ਨ ਡਿੰਪੀ, ਦਰਸ਼ਨ ਕੁਮਾਰ, ਸੰਜੇ ਮੰਤਰੀ, ਸਤਪਾਲ ਅਰੋੜਾ, ਰਜਿੰਦਰ ਸਚਦੇਵਾ, ਹਰੀਸ਼ ਸਚਦੇਵਾ, ਤਰਸੇਮ ਚੰਦ, ਨਵੀਨ ਸ਼ਰਮਾ, ਨਵੀ ਸ਼ਰਮਾ, ਰਾਜਿੰਦਰ ਸਚਦੇਵਾ, ਦੀਪਕ ਸ਼ਰਮਾ, ਕਸ਼ਿਸ਼ ਧਵਨ, ਮਹੇਸ਼ ਕੁਮਾਰ, ਮਹੇਸ਼ ਅਨੇਜਾ, ਮਨੋਜ ਨਾਗਪਾਲ, ਨਰੇਸ਼ ਮੁਖੀਜਾ ਤੇ ਭੀਮ ਲੂਥਰਾ ਆਦਿ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਨ ਉਪਰੰਤ ਖ਼ੂਨਦਾਨੀਆਂ ਨੂੰ ਯਾਦਗਾਰੀ ਚਿੰਨ੍ਹ ਤੇ ਸਰਟੀਫਿਕੇਟ ਵੀ ਪ੍ਰਦਾਨ ਕੀਤੇ ਗਏ। ਇਸ ਮੌਕੇ ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ, ਓ ਐੱਸ ਡੀ ਗੁਲਜ਼ਾਰ ਸਿੰਘ ਵਿਰਕ, ਪੀ ਏ ਗੁਰਦੇਵ ਸਿੰਘ ਟਿਵਾਣਾ, ਯਸ਼ ਪਾਲ ਸਿੰਗਲਾ, ਗੋਪਾਲ ਕ੍ਰਿਸ਼ਨ, ਕੁਲਬੀਰ ਸਿੰਗਲਾ, ਡਾ. ਹਰਮਨ ਸਿੱਕਦਰ, ਬੀ. ਪੀ. ਓ. ਗੁਰਪ੍ਰੀਤ ਗੋਲਡੀ ਵਰਮਾ ਆਦਿ ਸਮੇਤ ਵੱਡੀ ਗਿਣਤੀ 'ਚ ਸ਼ਹਿਰ ਦੇ ਪਤਵੰਤੇ ਹਾਜ਼ਰ ਸਨ।

## ਗੁਰੂ ਨਾਨਕ ਨੈਸ਼ਨਲ ਕਾਲਜ ਦੇ ਵਿਦਿਆਰਥੀ ਨੇ ਭਾਸ਼ਣ ਮੁਕਾਬਲੇ 'ਚ ਮਾਰੀਆਂ ਮੱਲਾਂ



**ਦੋਰਾਹਾ (ਹਰਮਿੰਦਰ ਸਿੰਘ ਸੇਠ)**-ਬੀਤੇ ਦਿਨੀਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੁਆਰਾ ਕਰਵਾਏ ਗਏ ਯੁਵਕ ਮੇਲੇ ਵਿੱਚ ਸਥਾਨਕ ਗੁਰੂ ਨਾਨਕ ਨੈਸ਼ਨਲ ਕਾਲਜ ਦੇ ਦੋ ਵਿਦਿਆਰਥੀਆਂ ਨੇ ਭਾਸ਼ਣ ਮੁਕਾਬਲੇ ਤੇ ਕਵਿਤਾ ਗਾਉਣ ਮੁਕਾਬਲੇ ਵਿੱਚ ਭਾਗ ਲਿਆ। ਵਿਦਿਆਰਥੀਆਂ ਦੁਆਰਾ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦਿਆਂ ਇਸ ਮੁਕਾਬਲੇ ਦੌਰਾਨ 11 ਟੀਮਾਂ ਵਿੱਚੋਂ ਆਪਣੇ ਵਿਚਾਰ ਪੇਸ਼ ਕਰਦਿਆਂ ਕਰਮਜੀਤ ਸਿੰਘ ਬੀ.ਸੀ.ਏ.-ਭਾਗ ਦੂਜਾ ਦੇ ਵਿਦਿਆਰਥੀ ਨੇ ਵਿਸ਼ੇਸ਼ ਸਨਮਾਨ ਹਾਸਲ ਕਰਕੇ ਕਾਲਜ ਦਾ ਮਾਣ ਵਧਾਇਆ। ਸਾਹਿਤਕ ਗਤੀਵਿਧੀਆਂ ਦੇ ਮੁਖੀ ਡਾ. ਲਵਲੀਨ ਬੈਂਸ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਨਸ਼ੇ ਤੇ ਨੌਜਵਾਨ ਵਿਸ਼ੇ ਨੂੰ ਅਧਾਰ ਬਣਾ ਕੇ ਨਸ਼ੇ ਦੇ ਵਿਸ਼ੇ ਨੂੰ ਤੰਗ ਘੇਰੇ ਵਿੱਚੋਂ ਕੱਢ ਕੇ ਵਿਸ਼ਾਲ ਘੇਰੇ ਵਿੱਚ ਦੱਸਣ ਦੀ ਘੋਖਣ ਦੀ ਕੋਸ਼ਿਸ਼ ਕੀਤੀ। ਇਸ ਦੇ ਨਾਲ ਹੀ ਕਵਿਤਾ ਉਚਾਰਣ ਮੁਕਾਬਲੇ ਵਿੱਚ ਜ਼ਿੰਦਗੀ ਵਿਚਰਨ ਦੇ ਤਰੀਕੇ ਤੇ ਔਖੇ ਸੌਖੇ ਹਾਲਤਾਂ 'ਚੋਂ ਲੰਘਣ ਦੀ ਹੌਸਲਾ ਬਣਾਈ ਰੱਖਣ ਦੀ ਗੱਲ ਕੀਤੀ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਅਧਿਆਪਕ ਸਾਹਿਬਾਨ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਅੱਗੇ ਤੋਂ ਵੀ ਅਜਿਹੇ ਮੌਕਿਆਂ ਵਿੱਚ ਤੱਤਪਰ ਹੋ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ।

# ਤਰਕਸ਼ੀਲ ਸੁਸਾਇਟੀ ਜ਼ੋਨ ਬਠਿੰਡਾ ਦਾ ਚੋਣ ਅਜਲਾਸ




**ਤਲਵੰਡੀ ਸਾਬੋ/ਬਠਿੰਡਾ (ਜਗਦੀਪ ਗਿੱਲ)**-ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਬਠਿੰਡਾ ਦਾ ਚੋਣ ਡੈਲੀਗੇਟ ਅਜਲਾਸ ਪੈਨਸ਼ਨਰ ਭਵਨ ਬਠਿੰਡਾ ਵਿਖੇ ਹੋਇਆ। ਸੂਬਾ ਜਥੇਬੰਦਕ ਮੁਖੀ ਹੇਮਰਾਜ ਸਟੈਨੋ ਤੇ ਸੂਬਾ ਆਗੂ ਰਾਜਪਾਲ ਦੀ ਦੇਖ-ਰੇਖ 'ਚ ਸੰਪੰਨ ਹੋਏ ਅਜਲਾਸ ਵਿੱਚ ਜ਼ੋਨ ਬਠਿੰਡਾ ਦੇ ਜਥੇਬੰਦਕ ਮੁਖੀ ਬਲਰਾਜ ਮੌੜ, ਵਿੱਤ ਮੁਖੀ ਜੰਟਾ ਸਿੰਘ ਰਾਮਪੁਰਾ, ਮੀਡੀਆ ਮੁਖੀ ਗਗਨ ਰਾਮਪੁਰਾ, ਮਾਨਸਿਕ ਸਿਹਤ ਮਸ਼ਵਰਾ ਵਿਭਾਗ ਮੁਖੀ ਰਾਮ ਸਿੰਘ ਨਿਰਮਾਣ ਚੁੱਘੇ ਕਲਾਂ, ਸੱਭਿਆਚਾਰ ਵਿਭਾਗ ਮੁਖੀ ਅਜਾਇਬ ਜਲਾਲਆਣਾ ਸਰਬਸੰਮਤੀ ਨਾਲ ਚੁਣੇ ਗਏ।

ਇਸ ਦੌਰਾਨ ਪਿਛਲੇ ਸੈਸ਼ਨ ਦੀਆਂ ਦੋ ਸਾਲਾਂ ਦੀਆਂ ਗਤੀਵਿਧੀਆਂ ਸਬੰਧੀ ਵੱਖ ਵੱਖ ਵਿਭਾਗ ਮੁਖੀਆਂ ਨੇ ਆਪੋ ਆਪਣੇ ਕੰਮਾਂ ਦੀਆਂ ਰਿਪੋਰਟਾਂ ਪੇਸ਼ ਕੀਤੀਆਂ। ਹੇਮਰਾਜ ਸਟੈਨੋ ਨੇ ਕਿਹਾ ਕਿ ਸਾਨੂੰ ਕਿਸੇ ਵੀ ਗੈਰ-ਵਿਗਿਆਨਕ, ਪੁਰਾਤਨ ਇਤਿਹਾਸ, ਮਿਥਿਹਾਸ ਦਾ ਖੰਡਨ ਉਸ ਦੇ ਪਿਛੋਕੜ ਦੇ ਗਹਿਨ ਅਧਿਐਨ ਕਰਨ ਤੋਂ ਬਾਅਦ ਹੀ ਕੋਈ ਟਿੱਪਣੀ ਕਰਨੀ ਚਾਹਦੀ ਹੈ। ਇਸ ਲਈ ਸਾਨੂੰ ਲਗਾਤਾਰ ਕਿਤਾਬਾਂ ਪੜ੍ਹਨ ਦੀ ਆਦਤ ਬਣਾਉਣੀ ਚਾਹਦੀ ਹੈ। ਰਾਜਪਾਲ ਸਿੰਘ ਨੇ ਕਿਹਾ ਕਿ ਜੇਕਰ ਯੂਰਪ, ਅਮਰੀਕਾ ਦੇ ਸਮਾਜ ਨੇ ਤਰੱਕੀ ਕੀਤੀ ਹੈ ਤਾਂ ਉਹ ਲੋਕਾਂ ਦੇ ਵਿਗਿਆਨਕ ਨਜ਼ਰੀਏ ਦੀ ਪਹੁੰਚ ਅਪਣਾਉਣ ਕਰਕੇ ਹੋਈ। ਬਲਦੇਵ ਸਿੰਘ ਨੇ ਕਿਹਾ ਕਿ ਤਰਕਸ਼ੀਲਾਂ ਦਾ ਕੰਮ ਕਿਸੇ ਵੀ ਗੈਰ-ਵਿਗਿਆਨਕ, ਅੰਧਵਿਸ਼ਵਾਸੀ ਵਰਤਾਰੇ ਦੀ ਵਿਗਿਆਨਕ ਵਿਆਖਿਆ ਕਰਨੀ, ਉਸ ਦਾ ਪਰਦਾਫਾਸ਼ ਕਰਨਾ ਤੇ ਉਸ ਦੀ ਜਾਂਚ ਪੜਤਾਲ ਕਰਕੇ ਲੋਕਾਂ ਸਾਹਮਣੇ ਸੱਚ ਪੇਸ਼ ਕਰਨਾ ਲੋਕਾਂ ਦਾ ਨਜ਼ਰੀਆ ਵਿਗਿਆਨ ਅਧਾਰਤ ਬਣਾਉਣਾ ਹੈ। ਇਸ ਚੋਣ ਅਜਲਾਸ ਵਿੱਚ ਬਠਿੰਡੇ ਦੀਆਂ ਸਾਰੀਆਂ ਇਕਾਈਆਂ ਦੇ ਡੈਲੀਗੇਟਾਂ ਨੇ ਹਿੱਸਾ ਲਿਆ।

## ਵਨ ਰੈਂਕ ਵਨ ਪੈਨਸ਼ਨ ਨੂੰ ਲਾਗੂ ਨਾ ਕਰਨ 'ਤੇ ਕੇਂਦਰ ਸਰਕਾਰ ਖਿਲਾਫ ਰੋਸ ਪ੍ਰਗਟ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ )**- ਸਾਬਕਾ ਸੈਨਿਕਾਂ ਲਈ ਕਾਰਜਸ਼ੀਲ ਸੰਸਥਾ ਐਕਸ ਸਰਵਿਸਮੈਨ ਵੈੱਲਫੇਅਰ ਸੁਸਾਇਟੀ ਖੁਣਖੁਣ ਕਲਾਂ ਦੀ ਮਹੀਨਾਵਾਰ ਵਿਸ਼ੇਸ਼ ਮੀਟਿੰਗ ਹੋਈ ਜਿਸ ਦੌਰਾਨ ਸਾਬਕਾ ਫੌਜੀਆਂ ਨੇ ਆਪਣੀਆਂ ਮੰਗਾਂ ਪ੍ਰਤੀ ਅਵਾਜ਼ ਬੁਲੰਦ ਕੀਤੀ। ਸੰਸਥਾ ਦੇ ਪ੍ਰਧਾਨ ਸੂਬੇਦਾਰ ਸਵਰਨ ਸਿੰਘ ਦੀ ਅਗਵਾਈ ਵਿਚ ਹੋਈ ਇਸ ਮੀਟਿੰਗ ਦੌਰਾਨ ਸ਼ਾਮਲ ਹੋਏ ਸਾਬਕਾ ਸੈਨਿਕਾਂ ਨੇ ਵਨ ਰੈਂਕ ਵਨ ਪੈਨਸ਼ਨ ਨੂੰ ਲਾਗੂ ਨਾ ਕਰਨ ਦੇ ਰੋਸ ਵਜੋਂ ਕੇਂਦਰ ਦੀ ਮੋਦੀ ਸਰਕਾਰ ਖਿਲਾਫ ਰੋਸ ਪ੍ਰਗਟ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਪ੍ਰਧਾਨ ਸੂਬੇਦਾਰ ਸਵਰਨ ਸਿੰਘ ਨੇ ਕਿਹਾ ਕਿ ਵਨ ਰੈਂਕ ਵਨ ਪੈਨਸ਼ਨ ਦੇ ਮੁੱਦੇ 'ਤੇ ਕੇਂਦਰ ਸਰਕਾਰ ਨੇ ਹੁਣ ਤੱਕ ਸਾਬਕਾ ਸੈਨਿਕਾਂ ਨੂੰ ਲਾਰੇ ਲਾ ਕੇ ਡੰਗ-ਟਪਾਊ ਵਾਲੀ ਰਾਜਨੀਤੀ ਕੀਤੀ ਹੈ, ਜਿਸ ਕਾਰਨ ਸਾਬਕਾ ਸੈਨਿਕਾਂ ਅੰਦਰ ਕੇਂਦਰ ਸਰਕਾਰ ਖਿਲਾਫ ਪ੍ਰਤੀ ਬਹੁਤ ਜ਼ਿਆਦਾ ਰੋਸ ਹੈ। ਇਸ ਮੌਕੇ ਉਨ੍ਹਾਂ ਕੇਂਦਰ ਸਰਕਾਰ ਤੋਂ ਵਨ ਰੈਂਕ ਵਨ ਪੈਨਸ਼ਨ ਨੂੰ ਜਲਦ ਤੋਂ ਜਲਦ ਲਾਗੂ ਕਰਨ ਦੀ ਮੰਗ ਕੀਤੀ। ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਸੁਸਾਇਟੀ ਦੇ ਮੀਤ ਪ੍ਰਧਾਨ ਸੂਬੇਦਾਰ ਕੁਲਵਿੰਦਰ ਸਿੰਘ ਨੇ ਸਾਬਕਾ ਸੈਨਿਕਾਂ ਨੂੰ ਦਰਪੇਸ਼ ਮੁਸ਼ਕਲਾਂ ਦਾ ਜ਼ਿਕਰ ਕੀਤਾ ਤੇ ਸਰਕਾਰ ਨੂੰ ਇਨ੍ਹਾਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਕਿਹਾ। ਇਸ ਮੌਕੇ ਸਮੂਹ ਸੈਨਿਕਾਂ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਤੋਂ ਮੰਗ ਕੀਤੀ ਕਿ ਜਲੰਧਰ-ਪਠਾਨਕੋਟ ਨੈਸ਼ਨਲ ਹਾਈਵੇ ਨਾਲ ਜੋੜਦੀ ਖੁਣਖੁਣ ਕਲਾਂ ਸੰਪਰਕ ਸੜਕ ਦੀ ਹਾਲਤ ਜੋ ਕਿ ਸਰਕਾਰਾਂ ਦੀ ਅਣਦੇਖੀ ਅਤੇ ਲਾਪਰਵਾਹੀ ਕਾਰਨ ਬਦਤਰ ਹੋ ਚੁੱਕੀ ਹੈ ਇਸ ਵਿੱਚ ਸੁਧਾਰ ਕੀਤਾ ਜਾਵੇ ਕਿਉਂਕਿ ਇਸ ਸੜਕ 'ਤੇ ਪਏ ਹੋਏ ਵੱਡੇ-ਵੱਡੇ ਟੋਏ ਰਾਹਗੀਰਾਂ ਲਈ ਵੱਡੀ ਮੁਸ਼ਕਲ ਪੈਦਾ ਕਰ ਰਹੇ ਹਨ। ਮੀਟਿੰਗ ਦੌਰਾਨ ਸੁਸਾਇਟੀ ਵੱਲੋਂ ਕੀਤੇ ਜਾਣ ਵਾਲੇ ਹੋਰਨਾਂ ਸਮਾਜ ਸੇਵੀ ਕਾਰਜਾਂ ਸੰਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੌਰਾਨ ਸੂਬੇਦਾਰ ਨਿਰਮਲ ਸਿੰਘ, ਸੂਬੇਦਾਰ ਸੁਭਾਸ਼ ਕੁਮਾਰ, ਨਰਵਿੰਦਰ ਸਿੰਘ, ਬਹਾਦਰ ਸਿੰਘ, ਜਸਪਾਲ ਸਿੰਘ, ਸੱਤਿਆਪਾਲ ਸਿੰਘ, ਰਣਜੋਧ ਸਿੰਘ, ਸੁਖਵਿੰਦਰ ਸਿੰਘ ਆਦਿ ਵੀ ਮੌਜੂਦ ਸਨ।

## ਪ੍ਰਾਈਵੇਟ ਸਕੂਲਾਂ ਨੂੰ ਵਿਰੋਧੀ ਪਾਰਟੀਆਂ ਵਾਂਗ ਨਾ ਦੇਖਣ ਸਰਕਾਰਾਂ : ਸੁਖਵਿੰਦਰ ਅਰੋੜਾ



**ਟਾਂਡਾ ਉੜਮੁੜ ( ਓਂਕਾਰ ਸਿੰਘ, ਜਸਵਿੰਦਰ ਸੰਧੂ )**- ਬੀਤੇ ਸਮੇਂ ਦੌਰਾਨ ਪ੍ਰਾਈਵੇਟ ਸਕੂਲਾਂ ਨੇ ਪੰਜਾਬ ਦੇ ਵਿੱਦਿਅਕ ਖੇਤਰ ਵਿੱਚ ਆਪਣਾ ਵੱਡਾ ਯੋਗਦਾਨ ਪਾਉਂਦੇ ਹੋਏ ਪੰਜਾਬ ਦੀ ਅਜੋਕੀ ਪੀੜ੍ਹੀ ਨੂੰ ਆਪਣੇ ਪੈਰਾਂ 'ਤੇ ਹੀ ਨਹੀਂ ਖੜ੍ਹਾ ਕੀਤਾ ਸਗੋਂ ਦੇਸ਼ ਅਤੇ ਵਿਦੇਸ਼ ਵਿੱਚ ਇਸ ਪੀੜ੍ਹੀ ਨੇ ਵੱਡੀਆਂ ਮੱਲਾਂ ਮਾਰ ਕੇ ਪ੍ਰਾਈਵੇਟ ਵਿੱਦਿਅਕ ਅਦਾਰਿਆਂ ਦੀ ਦੇਣ ਨੂੰ ਜੱਗ ਜ਼ਾਹਰ ਕੀਤਾ ਹੈ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੁਖਵਿੰਦਰ ਸਿੰਘ ਅਰੋੜਾ ਜ਼ਿਲ੍ਹਾ ਪ੍ਰਧਾਨ ਪ੍ਰਾਈਵੇਟ ਸਕੂਲ ਫੈਡਰੇਸ਼ਨ ਹੁਸ਼ਿਆਰਪੁਰ ਨੇ ਅੱਜ ਇੱਥੇ ਸਕੂਲਾਂ ਦੀ ਹੋਈ ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਕੀਤਾ। ਉਨ੍ਹਾ ਕਿਹਾ ਕਿ ਸਰਕਾਰ ਪ੍ਰਾਈਵੇਟ ਸਕੂਲਾਂ ਖਿਲਾਫ ਮੁਹਿੰਮ ਸ਼ੁਰੂ ਕਰਨ ਦੀ ਥਾਂ ਉਨ੍ਹਾਂ ਨੂੰ ਨਾਲ ਲੈ ਕੇ ਚੱਲੇ ਤਾਂ ਜੋ ਗਲਤ ਫਹਿਮੀ ਵਿੱਚ ਬਣੇ ਮਤਭੇਦ ਦੂਰ ਹੋ ਸਕਣ। ਮੀਟਿੰਗ ਦੌਰਾਨ ਸਰਪ੍ਰਸਤ ਚੌਧਰੀ ਬਲਵੀਰ ਸਿੰਘ ਮਿਆਣੀ ਨੇ ਕਿਹਾ ਕਿ ਪ੍ਰਾਈਵੇਟ ਸਕੂਲਾਂ ਨੇ ਸਰਕਾਰ ਦਾ ਵੱਡਾ ਭਾਰ ਆਪਣੇ ਸਿਰ 'ਤੇ ਚੁੱਕਿਆ ਹੋਇਆ ਹੈ। ਪੰਜਾਬ ਵਿੱਚ 65 ਲੱਖ ਦੇ ਕਰੀਬ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕਰ ਰਹੇ ਹਨ। ਇਸ ਮੌਕੇ ਅਗਜ਼ੈਕਟਿਵ ਮੈਂਬਰ ਤਰਲੋਚਨ ਸਿੰਘ ਬਿੱਟੂ ਅਤੇ ਰਜਿੰਦਰ ਸਿੰਘ ਮਾਰਸ਼ਲ ਨੇ ਸਕੂਲਾਂ ਦੀਆਂ ਸਮੱਸਿਆਵਾਂ ਪ੍ਰਤੀ ਵਿਚਾਰ ਚਰਚਾ ਕੀਤੀ ਅਤੇ ਵੱਖ ਵੱਖ ਮੈਂਬਰਾਂ ਵੱਲੋਂ ਜਥੇਬੰਦਕ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਸੰਬੰਧੀ ਸਲਾਹ ਦਿੱਤੀ। ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਜ਼ਿਲ੍ਹੇ ਭਰ ਤੋਂ ਵੱਡੀ ਗਿਣਤੀ ਵਿੱਚ ਸ਼ਾਮਲ ਵੱਖ-ਵੱਖ ਸਕੂਲ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਅਤੇ ਹਰ ਸਮੱਸਿਆ ਵਿੱਚ ਉਨ੍ਹਾਂ ਨਾਲ ਖੜ੍ਹੇ ਹੋਣ ਦਾ ਭਰੋਸਾ ਦਿੱਤਾ।

ਇਸ ਮੌਕੇ ਹਾਜ਼ਰ ਸਕੂਲ ਪ੍ਰਬੰਧਕਾਂ ਵਿੱਚ ਸਤਵਿੰਦਰ ਸਿੰਘ ਮੁਕੇਰੀਆਂ, ਅਨਿਲ ਮਹਿਤਾ, ਧਰਮਪਾਲ ,ਚੇਅਰਮੈਨ ਗੁਰਦੀਪ ਸਿੰਘ , ਪ੍ਰਿੰਸੀਪਲ ਪ੍ਰਭਜੋਤ ਕੌਰ, ਸਨੇਹ ਲਤਾ, ਭੁਪਿੰਦਰ ਸਿੰਘ , ਪ੍ਰਭਾਕਰ , ਦਵਿੰਦਰ ਸਿੰਘ ਦੇ ਨਾਂਅ ਵਰਨਣਯੋਗ ਹਨ।

## ਮੁੱਖ ਸਕੱਤਰ ਵਿਰੁੱਧ ਮੀਟਿੰਗ 'ਚ ਕੀਤਾ ਸੰਘਰਸ਼ ਦਾ ਐਲਾਨ

**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)**- ਪੀ ਡਬਲਿਊ ਡੀ ਫੀਲਡ ਅਤੇ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਜ਼ੋਨ ਹੁਸ਼ਿਆਰਪੁਰ ਦੀ ਮੀਟਿੰਗ ਜ਼ੋਨ ਪ੍ਰਧਾਨ ਅਮਰਜੀਤ ਕੁਮਾਰ ਨੰਗਲ ਖਿਲਾੜੀਆਂ ਦੀ ਪ੍ਰਧਾਨਗੀ ਹੇਠ ਮੁਲਾਜ਼ਮ ਭਵਨ ਹੁਸ਼ਿਆਰਪੁਰ ਵਿਖੇ ਹੋਈ ਜਿਸ ਵਿੱਚ ਜਲ ਸਰੋਤ (ਸਿੰਚਾਈ) ਵਿਭਾਗ ਅੰਦਰ ਪੁਨਰਗਠਨ ਦੇ ਨਾਂਅ 'ਤੇ ਖਤਮ ਕੀਤੀਆਂ ਜਾ ਰਹੀਆਂ ਹਜ਼ਾਰਾਂ ਅਸਾਮੀਆਂ ਦੇ ਫੈਸਲੇ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ। ਜ਼ੋਨ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਜਾਜਾ ਕਿਹਾ ਕਿ ਜਦੋਂ ਤੋਂ ਕ੍ਰਿਸ਼ਨ ਕੁਮਾਰ ਨੂੰ ਵਿਭਾਗ ਦਾ ਮੁੱਖ ਸਕੱਤਰ ਲਗਾਇਆ ਗਿਆ ਹੈ ਉਦੋਂ ਤੋਂ ਵਿਭਾਗ ਦੇ ਮੁਲਾਜ਼ਮ ਦਹਿਸ਼ਤ ਵਿੱਚ ਕੰਮ ਕਰ ਰਹੇ ਹਨ। ਪੁਨਰਗਠਨ ਦੇ ਨਾਂਅ 'ਤੇ ਵਿਭਾਗ ਅੰਦਰ ਹਜ਼ਾਰਾਂ ਅਸਾਮੀਆਂ ਖਤਮ ਕਰ ਦਿੱਤੀਆਂ ਗਈਆਂ ਹਨ, ਮੁਲਾਜ਼ਮਾਂ ਦੀਆਂ ਬਦਲੀਆਂ ਦੂਰ ਦੁਰਾਡੇ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਮੁਲਾਜ਼ਮਾਂ ਦੀ ਸੇਵਾ-ਮੁਕਤੀ ਵੀ ਲਾਗੇ ਹੈ। ਜਲ ਸਰੋਤ ਵਿਭਾਗ ਜਿਥੇ ਸਿੰਚਾਈ ਦਾ ਮੁੱਖ ਸਾਧਨ ਹੈ ਉਥੇ ਪੀਣ ਵਾਲੇ ਪਾਣੀ ਲਈ ਵੀ ਵੱਡੇ ਪੱਧਰ 'ਤੇ ਵਰਤੋਂ ਕੀਤੀ ਜਾਂਦੀ ਹੈ, ਪੰਜਾਬ ਅੰਦਰ ਪਾਣੀ ਦਾ ਜ਼ਮੀਨੀ ਪੱਧਰ ਲਗਾਤਾਰ ਨੀਵਾਂ ਜਾਣ ਕਰਕੇ ਜ਼ਿਆਦਾਤਰ ਬਲਾਕ ਡਾਰਕ ਜ਼ੋਨ ਐਲਾਨੇ ਗਏ ਹਨ, ਇਸ ਲਈ ਆਉਣ ਵਾਲੇ ਸਮੇਂ ਵਿੱਚ ਲੋਕਾਂ ਦੀ ਆਪਣੀ ਪਾਣੀ ਦੀ ਲੋੜ ਭਾਵੇਂ ਉਹ ਸਿੰਚਾਈ ਲਈ ਹੋਵੇ ਜਾਂ ਪੀਣ ਵਾਸਤੇ ਸਿੰਚਾਈ ਵਿਭਾਗ 'ਤੇ ਨਿਰਭਰਤਾ ਵਧੇਗੀ ਜਿਸ ਨੂੰ ਦੇਖਦੇ ਹੋਏ ਸਰਕਾਰ ਇਸ ਵਿਭਾਗ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀਆਂ ਕੋਸ਼ਿਸ਼ਾਂ ਚਾਲਾਂ ਚੱਲ ਰਹੀ ਹੈ, ਜਿਸ ਨੂੰ ਸਿੰਚਾਈ ਵਿਭਾਗ ਦਾ ਕਾਮਾ ਅਤੇ ਪੰਜਾਬ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਜਥੇਬੰਦੀ ਦੇ ਸੂਬਾਈ ਫੈਸਲੇ ਅਨੁਸਾਰ ਜ਼ੋਨ ਹੁਸ਼ਿਆਰਪੁਰ ਦੀਆਂ ਸਾਰੀਆਂ ਜਲ ਸਰੋਤ ਸਬ ਡਵੀਜ਼ਨਾਂ ਅੱਗੇ ਰੋਸ ਰੈਲੀਆਂ ਕੀਤੀਆਂ ਜਾਣਗੀਆਂ ਜਿਸ ਤਹਿਤ ਜਲ ਸਰੋਤ ਸਬ ਡਵੀਜ਼ਨ ਦਸੂਹਾ ਅੱਗੇ ਮਿਤੀ ਅਪ੍ਰੈਲ, ਗੜ੍ਹਸ਼ੰਕਰ 21 ਅਪ੍ਰੈਲ ਅਤੇ ਹੁਸ਼ਿਆਰਪੁਰ ਢੋਲਵਾਹਾ ਸਰਕਲ ਅੱਗੇ 26 ਅਪ੍ਰੈਲ ਨੂੰ ਭਰਵੀਆਂ ਰੈਲੀਆਂ ਕੀਤੀਆਂ ਜਾਣਗੀਆਂ, ਜਿਸ ਵਿੱਚ ਜ਼ੋਨ ਹੁਸ਼ਿਆਰਪੁਰ ਦੇ ਸੈਂਕੜੇ ਮੁਲਾਜ਼ਮ ਸ਼ਮੂਲੀਅਤ ਕਰਨਗੇ। ਅੱਜ ਦੀ ਮੀਟਿੰਗ ਸਮੇਂ ਪੰਜਾਬ-ਯੂ ਟੀ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਜਲੰਧਰ ਜ਼ਿਮਨੀ ਚੋਣ ਸਮੇਂ ਕੀਤੇ ਜਾਣ ਵਾਲੇ 23 ਅਪ੍ਰੈਲ ਆਦਮਪੁਰ, 30 ਅਪ੍ਰੈਲ ਨਕੋਦਰ ਅਤੇ 7 ਮਈ ਨੂੰ ਜਲੰਧਰ ਵਿਖੇ ਕੀਤੇ ਜਾਣ ਵਾਲੇ ਝੰਡਾ ਮਾਰਚ ਵਿੱਚ ਵੀ ਵੱਡੇ ਪੱਧਰ 'ਤੇ ਸ਼ਮੂਲੀਅਤ ਕੀਤੀ ਜਾਵੇਗੀ। ਅੱਜ ਦੀ ਮੀਟਿੰਗ ਵਿੱਚ ਰਾਜੀਵ ਸ਼ਰਮਾ, ਸ਼ਾਮ ਲਾਲ, ਕੁਲਦੀਪ ਸਿੰਘ, ਤਰਸੇਮ ਲਾਲ, ਰਕੇਸ਼ ਕੁਮਾਰ ਮਹਿਲਾਂਵਾਲੀ, ਬਲਵੰਤ ਸਿੰਘ, ਗੁਰਨਾਮ ਚੰਦ ਲਕਸੀਹ, ਟੇਕ ਚੰਦ ਈਸਾਪੁਰ, ਸੁਰਿੰਦਰ ਸਿੰਘ ਮੁੰਨਾ, ਜਗਦੀਸ਼ ਚੰਦ, ਗੁਰਨਾਮ ਸਿੰਘ ਹਾਜੀਪੁਰ, ਸਤੀਸ਼ ਕੁਮਾਰ, ਵਿਪਨ ਕੁਮਾਰ, ਭਾਗ ਮੱਲ ਸ਼ਾਮਲ ਸਨ।



## ਪੰਜਾਬ ਪੈਨਸ਼ਨਰਜ਼ ਮਹਾਂਸੰਘ ਚਮਕੌਰ ਸਾਹਿਬ ਦੀ ਮੀਟਿੰਗ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਪੰਜਾਬ ਪੈਨਸ਼ਨਰਜ਼ ਮਹਾਂਸੰਘ ਸ੍ਰੀ ਚਮਕੌਰ ਸਾਹਿਬ ਦੀ ਮੀਟਿੰਗ ਪ੍ਰਧਾਨ ਧਰਮਪਾਲ ਸੋਖਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਪ੍ਰਿੰਸੀਪਲ ਜਸਵੰਤ ਸਿੰਘ, ਭਾਗ ਸਿੰਘ ਮਕੜੌਨਾ, ਪ੍ਰਿੰਸੀਪਲ ਮੋਹਣ ਸਿੰਘ ਅਤੇ ਜਗਦੇਵ ਸਿੰਘ ਆਦਿ ਬੁਲਾਰਿਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਸਾਡੀਆਂ ਮੰਗਾਂ ਜਿਸ ਵਿੱਚ 2.59 ਦੇ ਗੁਣਾਂਕ ਦਾ ਫੈਕਟ 1 ਜਨਵਰੀ 2016 ਤੋਂ 30 ਜੂਨ 2021 ਤੱਕ ਦਾ ਬਕਾਇਆ, ਬੱਝਵਾਂ ਮੈਡੀਕਲ ਭੱਤਾ 3000 ਰੁਪਏ ਪ੍ਰਤੀ ਮਹੀਨਾ, 65 ਸਾਲ ਦੀ ਉਮਰ ਤੋਂ ਉਪਰ ਤੱਕ ਦੇ ਪੈਨਸ਼ਨਰਾਂ ਦਾ ਬਕਾਇਆ ਇੱਕੋ ਵਾਰ ਦੇਣਾ, ਕੈਸ਼ਲੈੱਸ ਮੈਡੀਕਲ ਸਕੀਮ ਲਾਗੂ ਕਰਨਾ 1 ਜਨਵਰੀ 2023 ਤੋਂ ਕੇਂਦਰ ਦੀ ਤਰਜ਼ 'ਤੇ ਡੀ ਏ ਦੇਣਾ, 1 ਜੁਲਾਈ 2015 ਤੋਂ ਡੀ ਏ 119 ਫੀਸਦੀ ਕਰਨਾ। 194 ਮਹੀਨੇ ਦਾ ਬਕਾਇਆ ਦੇਣ, ਮਾਣਯੋਗ ਹਾਈਕੋਰਟ ਅਤੇ ਮਾਣਯੋਗ ਸੁਪਰੀਮ ਕੋਰਟ ਦਾ ਫੈਸਲਾ ਲਾਗੂ ਕਰਨਾ ਅਤੇ 1 ਜਨਵਰੀ 2016 ਤੋਂ ਬਾਅਦ ਰਿਟਾਇਰ ਹੋਏ ਮੁਲਾਜ਼ਮ/ਪੈਨਸ਼ਨਰਾਂ ਨੂੰ ਸੋਧੀ ਤਨਖਾਹ ਅਨੁਸਾਰ ਬਕਾਇਆ ਦੇਣਾ ਆਦਿ ਮੰਗਾਂ ਹਨ, ਦਾ ਜਲਦੀ ਨਿਪਟਾਰਾ ਕੀਤਾ ਜਾਵੇਂ, ਪੈਨਸ਼ਨਰਜ਼ ਨੇ ਕਿਹਾ ਕਿ ਜੇਕਰ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ ਜਲੰਧਰ ਦੀ ਉਪ ਚੋਣ ਸਮੇਂ ਝੰਡਾ ਮਾਰਚ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾ ਮੰਗ ਕੀਤੀ ਕਿ ਨੁਕਸਾਨੀਆਂ ਫਸਲਾਂ ਦਾ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਅਪ੍ਰੈਲ ਮਹੀਨੇ ਵਿੱਚ ਜਨਮੇ ਸੰਸਥਾ ਦੇ ਮੈਂਬਰਾਂ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਗਈਆਂ ਅਤੇ ਹਾਰ ਪਾ ਕੇ ਸਨਮਾਨ ਚਿੰਨ੍ਹ ਵੀ ਦਿੱਤੇ ਗਏ। ਮੀਟਿੰਗ ਦੌਰਾਨ ਪਵਨ ਕੁਮਾਰ, ਡਾ: ਬੁੱਧ ਸਿੰਘ, ਨੌਹਰੀਆ ਸਿੰਘ, ਬਾਰਾ ਸਿੰਘ ਕੰਗ, ਪ੍ਰਗਟ ਸਿੰਘ ਰੌਲੂਮਾਜਰਾ, ਲਛਮਣ ਸਿੰਘ, ਮਾਸਟਰ ਬਲਦੇਵ ਸਿੰਘ, ਗੁਰਦਿਆਲ ਸਿੰਘ, ਜੋਗਿੰਦਰ ਸਿੰਘ, ਮਾਸਟਰ ਪ੍ਰਕਾਸ਼ ਸਿੰਘ, ਸੁਰਿੰਦਰਪਾਲ ਸਿੰਘ, ਰਾਮ ਸਿੰਘ, ਰਣਜੀਤ ਸਿੰਘ ਹਵਾਰਾ, ਹਰਚੰਦ ਸਿੰਘ ਜਗਤਪੁਰ, ਕ੍ਰਿਸ਼ਨ ਲਾਲ ਅਤੇ ਸੁਰਜੀਤ ਸਿੰਘ ਆਦਿ ਹਾਜ਼ਰ ਸਨ।

## ਪੀ ਐੱਮ ਟੀ ਐੱਸ ਦੇ ਡਿਪਟੀ ਡਾਇਰੈਕਟਰ ਦਾ ਜੀ ਆਰ ਡੀ ਕਾਲਜ ਟਾਂਡਾ 'ਚ ਸਨਮਾਨ



**ਟਾਂਡਾ ਉੜਮੁੜ, (ਓਂਕਾਰ ਸਿੰਘ, ਜਸਵਿੰਦਰ ਸੰਧੂ )**-ਸ੍ਰੀ ਗੁਰੂ ਰਾਮਦਾਸ ਜੀ ਸੇਵਾ-ਸਿਮਰਨ ਸੁਸਾਇਟੀ ਟਾਂਡਾ ਵੱਲੋਂ ਚਲਾਏ ਜਾ ਰਹੇ ਜੀ ਆਰ ਦੇ ਇੰਸਟੀਚਿਊਟ ਆਫ ਪੈਰਾ-ਮੈਡੀਕਲ ਸਾਇੰਸਜ਼ ਟਾਂਡਾ ਵਿਖੇ ਪੈਰਾਮੈਡੀਕਲ ਟੈਕਨਾਲੋਜੀ ਆਫ ਇੰਡੀਆ ਦੇ (ਪੀ ਐਮ ਟੀ ਐਸ) ਦੇ ਚੇਅਰਮੈਨ ਵਿਨੋਦ ਵਿੜਚੀ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਸੁਸਾਇਟੀ ਦੇ ਡਿਪਟੀ ਡਾਇਰੈਕਟਰ ਰਾਜੀਵ ਬਾਹਰੀ ਵੱਲੋਂ ਅਚਨਚੇਤ ਨਿਰੀਖਣ ਕੀਤਾ ਗਿਆ। ਇਸ ਮੌਕੇ ਰਾਜੀਵ ਵੱਲੋਂ ਜੀ ਆਰ ਡੀ ਦੇ ਵੱਖ-ਵੱਖ ਭਾਗਾਂ ਦਾ ਦੌਰਾ ਕਰਦੇ ਹੋਏ ਸਿਖਿਆਰਥੀਆਂ ਨੂੰ ਪੂਰੀ ਮਿਹਨਤ ਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ ਅਤੇ ਵੱਖ ਵੱਖ ਕੋਰਸਾਂ ਸੰਬੰਧੀ ਜਾਣਕਾਰੀ ਵੀ ਹਾਸਲ ਕੀਤੀ। ਇਸ ਮੌਕੇ ਇਸ ਸੰਸਥਾ ਦੀ ਚੇਅਰਪਰਸਨ ਪਰਦੀਪ ਕੌਰ ਵੱਲੋਂ ਡਿਪਟੀ ਡਰੈਕਟਰ ਰਾਜੀਵ ਬਾਹਰੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਮੈਨੇਜਰ ਸਰਬਜੀਤ ਸਿੰਘ ਮੋਮੀ, ਮੈਡਮ ਦਲਜਿੰਦਰ ਕੌਰ, ਲਵਲੀ ਸੈਣੀ, ਮੋਨਿਕਾ ਜਾਜਾ, ਸਿਮਰਨਜੀਤ ਕੌਰ, ਮਨਦੀਪ ਕੌਰ ਤੇ ਜੀ ਆਰ ਡੀ ਨਰਸਿੰਗ ਕਾਲਜ ਦਾ ਸਟਾਫ ਵੀ ਮੌਜੂਦ ਸੀ।

## ਬਿਸਕੁਟ ਵੇਚਣ ਵਾਲੇ ਤੋਂ ਲੁਟੇਰੇ ਦੋ ਹਜ਼ਾਰ ਰੁਪਏ ਖੋਹ ਕੇ ਫਰਾਰ

**ਫਿਲੌਰ (ਨਿਰਮਲ)**-ਫਿਲੌਰ ਦੇ ਨਜ਼ਦੀਕੀ ਪਿੰਡ ਖਹਿਰਾ ਵਿਖੇ ਦਿਨ ਦਿਹਾੜੇ ਇੱਕ ਵਿਅਕਤੀ ਤੋਂ ਲੁਟੇਰੇ ਦੋ ਹਜ਼ਾਰ ਰੁਪਏ ਖੋਹ ਕੇ ਫਰਾਰ ਹੋ ਗਏ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਈਸਤਖਾਰ ਅਹਿਮਦ ਨੇ ਕਿਹਾ ਕਿ ਉਹ ਆਪਣੇ ਸਾਈਕਲ 'ਤੇ ਰੋਜ਼ਾਨਾ ਢਾਬਿਆਂ 'ਤੇ ਬਿਸਕੁਟ, ਮੱਠੀਆਂ ਅਤੇ ਹੋਰ ਸਮਾਨ ਵੇਚਣ ਦਾ ਕੰਮ ਕਰਕੇ ਆਪਣੇ ਘਰ ਦਾ ਗੁਜ਼ਾਰਾ ਚਲਾਉਂਦਾ ਹੈ।

ਅੱਜ ਰੋਜ਼ਾਨਾ ਦੀ ਤਰ੍ਹਾਂ ਉਹ ਢਾਬਿਆਂ 'ਤੇ ਸਮਾਨ ਵੇਚਣ ਕੇ ਆ ਰਿਹਾ ਸੀ ਕਿ ਦੁਪਹਿਰ 12:30 ਵਜੇ ਦੇ ਕਰੀਬ ਪਿੰਡ ਖਹਿਰਾ ਪੁਲ ਨਜ਼ਦੀਕ ਦੋ ਲੁਟੇਰੇ ਜੋ ਮੋਟਰਸਾਈਕਲ 'ਤੇ ਸਵਾਰ ਸਨ ਉਸ ਕੋਲੋਂ ਦੋ ਰੁਪਏ ਖੋਹ ਕੇ ਫਰਾਰ ਹੋ ਗਏ। ਉਸ ਨੇ ਦੱਸਿਆ ਕਿ ਉਹ ਰੋਜ਼ਾਨਾ ਜੋ ਕਮਾਉਂਦਾ ਸੀ ਉਸ ਨਾਲ ਉਹ ਆਪਣਾ ਗੁਜ਼ਾਰਾ ਕਰਦਾ ਸੀ ਪਰ ਹੁਣ ਤਾਂ ਲੁਟੇਰੇ ਮੇਰੀ ਸਮਾਨ ਲਿਆਉਣ ਵਾਲੀ ਪੂੰਜੀ ਵੀ ਲਏ ਗਏ। ਉਸ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਲੁਟੇਰਿਆਂ 'ਤੇ ਕਾਬੂ ਪਾਇਆ ਜਾਵੇ ਤਾਂ ਜੋ ਹੋਰ ਕੋਈ ਗਰੀਬ ਲੁੱਟ ਦਾ ਸ਼ਿਕਾਰ ਨਾ ਹੋਵੇ।

## ਸੰਤ ਸਤਨਾਮ ਦਾਸ ਦੀ ਦੂਜੀ ਬਰਸੀ 'ਤੇ ਡੇਰਾ ਸੰਤ ਸਾਗਰ ਵਿਖੇ ਧਾਰਮਕ ਸਮਾਗਮ

**ਮਾਹਿਲਪੁਰ (ਨਿਰਮਲ ਸਿੰਘ ਮੁੱਗੋਵਾਲ)**-ਸ਼ਿਵਾਲਿਕ ਪਹਾੜੀਆਂ ਦੀ ਗੋਦ ਅਤੇ ਹਿਮਾਚਲ ਪ੍ਰਦੇਸ਼ ਦੀ ਸੀਮਾ ਨਾਲ ਲਗਦੇ ਪਿੰਡ ਖੰਨੀ ਵਿਖੇ ਸਥਿਤ ਡੇਰਾ ਸੰਤ ਸਾਗਰ ਵਿਖੇ ਸੰਤ ਬਾਬਾ ਸਤਨਾਮ ਦਾਸ ਦੀ ਦੂਜੀ ਬਰਸੀ ਦੇ ਸੰਬੰਧ 'ਚ ਸਾਲਾਨਾ ਧਾਰਮਕ ਸਮਾਗਮ ਡੇਰੇ ਦੇ ਮੌਜੂਦਾ ਗੱਦੀਨਸ਼ੀਨ ਸੰਤ ਬਾਬਾ ਬਲਬੀਰ ਦਾਸ ਭਾਰਟਾ ਵੱਲੋਂ ਪਿੰਡ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ, ਉਪਰੰਤ ਸਮਾਗਮ ਵਿੱਚ ਸ਼ਾਮਲ ਸੰਤਾਂ-ਮਹਾਂਪੁਰਸ਼ਾਂ ਨੇ ਸੰਗਤਾਂ ਨਾਲ ਧਾਰਮਕ ਪ੍ਰਵਚਨ ਕੀਤੇ। ਇਸ ਮੌਕੇ ਸੰਤ ਸਤਨਾਮ ਦਾਸ ਮਹਿਦੂਦ, ਸੰਤ ਬੀਬੀ ਮੀਨਾ ਦੇਵੀ ਡੇਰਾ ਰਤਨਪੁਰੀ ਜੇਜੋ ਦੁਆਬਾ, ਸੰਤ ਓਮ ਪ੍ਰਕਾਸ਼, ਸੰਤ ਰਾਮ ਸਰੂਪ ਗਿਆਨੀ, ਸੰਤ ਮੇਜਰ ਦਾਸ, ਸੰਤ ਜਗਦੀਸ਼ਵਰਾ ਨੰਦ, ਸੰਤ ਜਗੀਰ ਦਾਸ, ਸੰਤ ਮਹਿੰਦਰ ਦਾਸ ਵੀਰਮਪੁਰ, ਸੰਤ ਗੁਰਮੀਤ ਦਾਸ, ਸੰਤ ਮਹਾਂਵੀਰ ਦਾਸ ਢਾਡਾ, ਸੰਤ ਜੋਗਾ ਸਿੰਘ, ਬਾਬਾ ਘੁੱਦਾ ਦਾਸ ਭਾਰਟਾ ਸਮੇਤ ਹੋਰ ਸੰਤ-ਮਹਾਂਪੁਰਸ਼ ਵੀ ਹਾਜ਼ਰ ਸਨ। ਇਸ ਮੌਕੇ ਸੰਤ ਬਾਬਾ ਬਲਵੀਰ ਦਾਸ ਭਾਰਟਾ ਨੇ ਸੰਤ ਬਾਬਾ ਸਤਨਾਮ ਦਾਸ ਦੀ ਜ਼ਿੰਦਗੀ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਹੀ ਸੰਗਤਾਂ ਨੂੰ ਸਚਿਆਈ ਦੇ ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੱਤਾ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਚੱਲਿਆ। ਇਸ ਮੌਕੇ ਪਿੰਡ ਭਾਰਟਾ ਗਣੇਸ਼ਪੁਰ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਸਮਾਗਮ ਦੇ ਅਖੀਰ ਵਿਚ ਸੰਤਾਂ-ਮਹਾਂਪੁਰਸ਼ਾਂ ਅਤੇ ਸਮਾਗਮ ਦੀਆਂ ਸਹਿਯੋਗੀ ਸੰਗਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।



## ਨੰਬਰਦਾਰਾਂ ਨੂੰ ਬੈਠਣ ਲਈ ਤਹਿਸੀਲ ਕੰਪਲੈਕਸ 'ਚ ਕਮਰਾ ਮੁਹੱਈਆ ਕਰਵਾਇਆ ਜਾਵੇ : ਯੂਨੀਅਨ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਸਥਾਨਕ ਬਾਬਾ ਸੰਗਤ ਸਿੰਘ ਦੀਵਾਨ ਹਾਲ ਵਿੱਚ ਨੰਬਰਦਾਰ ਯੂਨੀਅਨ ਤਹਿਸੀਲ ਸ੍ਰੀ ਚਮਕੌਰ ਸਾਹਿਬ ਦੀ ਮੀਟਿੰਗ ਪ੍ਰਧਾਨ ਬਲਵੀਰ ਸਿੰਘ ਬੇਲਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਮੰਗ ਕੀਤੀ ਗਈ ਕਿ ਨੰਬਰਦਾਰਾਂ ਦੀ ਜੱਦੀ ਪੁਸ਼ਤੀ ਨੰਬਰਦਾਰੀ ਦੀ ਮੰਗ ਨੂੰ ਪੂਰਾ ਕਰਕੇ ਜਲਦੀ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ। ਨੰਬਰਦਾਰਾਂ ਨੂੰ ਬੈਠਣ ਲਈ ਸਥਾਨਕ ਤਹਿਸੀਲ ਕੰਪਲੈਕਸ ਵਿੱਚ ਕਮਰਾ ਮੁਹੱਈਆ ਕਰਵਾਇਆ ਜਾਵੇ। ਫਸਲਾਂ ਦੀ ਬਰਬਾਦੀ ਅਤੇ ਹਾਦਸਿਆਂ ਦਾ ਕਾਰਨ ਬਣ ਰਹੇ ਅਵਾਰਾ ਪਸ਼ੂਆਂ ਦੇ ਯੋਗ ਹੱਲ ਕੀਤੇ ਜਾਣ, ਮਾਣਭੱਤੇ ਵਿੱਚ ਵਾਧਾ ਕਰਨ ਅਤੇ ਇਲਾਕੇ ਅੰਦਰ ਬੇਮੌਸਮੀ ਬਰਸਾਤ ਨਾਲ ਫਸਲਾਂ ਦੇ ਹੋਏ ਨੁਕਸਾਨ ਦਾ ਪ੍ਰਤੀ ਏਕੜ 50 ਹਜ਼ਾਰ ਰੁਪਏ ਮੁਆਵਜ਼ਾ ਦੇਣ ਦੀ ਮੰਗ ਕੀਤੀ ਗਈ। ਇਸ ਮੌਕੇ ਰਣਧੀਰ ਸਿੰਘ ਮੁੰਡੀਆਂ, ਮੇਵਾ ਸਿੰਘ ਰੌਲੂਮਾਜਰਾ, ਸਤਨਾਮ ਸਿੰਘ ਡਹਿਰ, ਹਰਦਰਸ਼ਨ ਸਿੰਘ ਮਕੜੌਨਾ, ਚਰਨ ਸਿੰਘ ਰੌਲੂਮਾਜਰਾ, ਜਸਵੀਰ ਸਿੰਘ ਬਜੀਦਪੁਰ, ਬਲਵਿੰਦਰ ਸਿੰਘ ਕੀੜੀ ਅਫਗਾਨਾ, ਨਿਰਮਲ ਸਿੰਘ ਮੱਕੋਵਾਲ, ਭੁਪਿੰਦਰ ਸਿੰਘ ਫਰੀਦ, ਅਜੈਬ ਸਿੰਘ ਸ੍ਰੀ ਚਮਕੌਰ ਸਾਹਿਬ, ਅਮਰੀਕ ਸਿੰਘ ਬਜੀਦਪੁਰ, ਜਸਵੀਰ ਸਿੰਘ ਜਟਾਣਾ ਸੀਨੀਅਰ ਮੀਤ ਪ੍ਰਧਾਨ ਪੰਜਾਬ, ਕੁਲਦੀਪ ਸਿੰਘ ਦੁੱਗਰੀ, ਨੌਹਰੀਆਂ ਸਿੰਘ ਭੂਰੜੇ, ਜਰਨੈਲ ਸਿੰਘ ਬਜੀਦਪੁਰ, ਸੁਰਿੰਦਰ ਸਿੰਘ ਕੰਧੋਲਾ, ਗੁਰਮੀਤ ਸਿੰਘ ਸਿਲੋਮਾਸਕੋ, ਕੈਪਟਨ ਗੁਰਦੇਵ ਸਿੰਘ ਮਕੜੌਨਾ ਖੁਰਦ, ਜਸਵੀਰ ਸਿੰਘ ਦੁੱਗਰੀ, ਜਸਵਿੰਦਰ ਸਿੰਘ ਸੈਦਪੁਰ ਆਦਿ ਹਾਜ਼ਰ ਸਨ।

## ਅਜੀਤ ਸਿੰਘ ਮਾਨ ਯਾਦਗਾਰੀ 7ਵਾਂ ਅਥਲੈਟਿਕ ਟੂਰਨਾਮੈਂਟ ਸ਼ੁਰੂ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਸਿਗਜ ਕਲੱਬ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਸਵਰਗੀ ਅਜੀਤ ਸਿੰਘ ਮਾਨ 7 ਵੇਂ ਯਾਦਗਾਰੀ ਅਥਲੈਟਿਕ ਟੂਰਨਾਮੈਂਟ ਦੀ ਸ਼ੁਰੂਆਤ ਸ਼ਾਨੋ ਸ਼ੌਕਤ ਹੋ ਗਈ, ਜਿਸ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ, ਰਾਜਸਥਾਨ, ਦਿੱਲੀ, ਉੱਤਰ ਪ੍ਰਦੇਸ ਤੇ ਮੇਰਠ ਦੇ ਖਿਡਾਰੀ ਪੁੱਜੇ। ਖੇਡ ਮੇਲੇ ਦੀ ਸ਼ੁਰੂਆਤ ਬਾਬਾ ਧੰਨਾ ਸਿੰਘ ਮੋਇਆਂ ਦੀ ਮੰਡੀ ਵਾਲਿਆਂ ਵੱਲੋਂ ਅਰਦਾਸ ਕਰ ਕੇ ਕੀਤੀ ਗਈ। ਅੱਜ ਹੋਏ ਅਥਲੈਟਿਕ ਈਵੈਂਟਸ ਬਾਰੇ ਜਾਣਕਾਰੀ ਦਿੰਦਿਆਂ ਕੋਚ ਪ੍ਰਦੀਪ ਸਿੰਘ ਮਾਨ , ਕੁਲਵਿੰਦਰ ਸਿੰਘ ਮੱਲ੍ਹੀ ਅਤੇ ਬਲਵਿੰਦਰ ਸਿੰਘ ਲੋਦੀਪੁਰ ਨੇ ਦੱਸਿਆ ਕਿ 5 000 ਮੀਟਰ ਲੜਕੀਆਂ ਵਿੱਚ ਸੰਦੀਪ ਪਹਿਲੇ, ਨਾਨੀਆ ਵਰਮਾ ਦੂਸਰੇ ਜਦ ਕਿ ਵਿਪਨ ਕੁਮਾਰ ਤੀਸਰੇ ਸਥਾਨ 'ਤੇ ਰਹੇ, 1500 ਮੀਟਰ ਲੜਕੇ ਵਿੱਚ ਸ਼ਿਵਮ ਪਹਿਲੇ, ਨਵੀਨ ਦੂਸਰੇ ਜਦ ਕਿ ਪ੍ਰਭਜੋਤ ਸਿੰਘ ਤੀਸਰੇ ਸਥਾਨ 'ਤੇ ਰਿਹਾ। ਅੱਜ ਸਮਾਜ ਸੇਵੀ ਕਰਨੈਲ ਸਿੰਘ ਰੱਕੜ, ਅਮਰਜੀਤ ਸਿੰਘ ਮਾਲਿਕ ਸਤਪਾਲ ਜਿਊਲਰ ਤੇ ਪ੍ਰੈਸ ਕਲੱਬ ਪ੍ਰਧਾਨ ਦਲਜੀਤ ਸਿੰਘ ਅਰੋੜਾ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਖੇਡ ਮੇਲੇ ਵਿੱਚ ਭਾਈ ਸੁਖਵਿੰਦਰ ਸਿੰਘ ਵੀਰ ਇਟਰਪਰਾਈਜ਼ ਵੱਲੋਂ ਕਰਵਾਏ ਦਸਤਾਰ ਮੁਕਾਬਲਿਆਂ ਵਿੱਚ ਇੰਦਰਜੀਤ ਸਿੰਘ ਪਹਿਲੇ , ਗਗਨਦੀਪ ਸਿੰਘ ਦੂਸਰੇ, ਮਨਦੀਪ ਸਿੰਘ ਤੀਸਰੇ ਜਦ ਹਰਮਨਜੀਤ ਸਿੰਘ ਚੌਥੇ ਸਥਾਨ 'ਤੇ ਰਹੇ। ਇਨ੍ਹਾਂ ਨੂੰ ਭਾਈ ਸੁਖਵਿੰਦਰ ਸਿੰਘ ਵੱਲੋਂ 3500, 2500, 2100 ਦੇ ਕ੍ਰਮਵਾਰ ਪਹਿਲੇ , ਦੂਸਰੇ ਤੇ ਤੀਸਰੇ ਸਥਾਨ ਪ੍ਰਾਪਤ ਕਰਨ ਵਾਲਿਆਂ ਨੂੰ ਦਿੱਤੇ। ਸਟੇਜ ਦੀ ਭੂਮਿਕਾ ਭਗਵੰਤ ਸਿੰਘ ਮਟੌਰ ਤੇ ਮਨਜੋਤ ਮਝੇੜ ਨੇ ਬਾਖੂਬੀ ਨਿਭਾਈ । ਇਸ ਮੌਕੇ ਇਸ ਮੌਕੇ ਪੱਤਰਕਾਰ ਅਮਰੀਕ ਸਿੰਘ ਪੰਮੀ, ਹਰਦੀਪ ਸਿੰਘ ਬਬਲੀ, ਗਗਨ ਰਾਣਾ , ਓਮ ਪ੍ਰਕਾਸ਼, ਕੋਚ ਕ੍ਰਾਂਤੀਪਾਲ, ਡਾਕਟਰ ਵੀਰਪਾਲ ਸਿੰਘ , ਕੋਚ ਸੰਜੀਵ ਕੁਮਾਰ, ਇਕਬਾਲ ਸਿੰਘ, ਸਰਦੂਲ ਸਿੰਘ ,ਪਰਮਿੰਦਰ ਸਿੰਘ, ਵਿਨੋਦ ਕੁਮਾਰ, ਹਰਮਨ, ਜੁਗੇਸ਼, ਪਰਮ, ਹਰਵਿੰਦਰ ਸਿੰਘ, ਅਮ੍ਰਿਤ ਕੌਰ, ਰੀਨਾ ਰਾਣੀ, ਸਰਬ ਰਾਣਾ, ਮਨਜੋਤ ਸਿੰਘ, ਸੁਖਵਿੰਦਰ ਸਿੰਘ, ਨਰਿੰਦਰ ਸਿੰਘ, ਅੰਕੂ ਅਤੇ ਅਜੀਤਪਾਲ ਸਿੰਘ ਆਦਿ ਮੌਜੂਦ ਸਨ।

## ਪੀ ਡਬਲਿਊ ਡੀ ਫੀਲਡ ਤੇ ਵਰਕਸ਼ਾਪ ਵਰਕਰਜ਼ ਯੂਨੀਅਨ ਹੁਸ਼ਿਆਰਪੁਰ ਦੀ ਮੀਟਿੰਗ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਪੀ ਡਬਲਿਊ ਡੀ ਫੀਲਡ ਅਤੇ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਜੋਨ ਹੁਸ਼ਿਆਰਪੁਰ ਦੀ ਮੀਟਿੰਗ ਜੋਨ ਪ੍ਰਧਾਨ ਅਮਰਜੀਤ ਕੁਮਾਰ ਨੰਗਲ ਖਿਲਾੜੀਆਂ ਦੀ ਪ੍ਰਧਾਨਗੀ ਹੇਠ ਮੁਲਾਜ਼ਮ ਭਵਨ ਹੁਸ਼ਿਆਰਪੁਰ ਵਿਖੇ ਹੋਈ ਜਿਸ 'ਚ ਜਲ ਸਰੋਤ (ਸਿੰਚਾਈ) ਵਿਭਾਗ ਅੰਦਰ ਪੁਨਰਗਠਨ ਦੇ ਨਾਂਅ 'ਤੇ ਖ਼ਤਮ ਕੀਤੀਆਂ ਜਾ ਰਹੀਆਂ ਹਜ਼ਾਰਾਂ ਅਸਾਮੀਆਂ ਦੇ ਫੈਸਲੇ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ। ਜੋਨ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਜਾਜਾ ਕਿਹਾ ਕਿ ਜਦੋਂ ਤੋਂ ਕ੍ਰਿਸ਼ਨ ਕੁਮਾਰ ਨੂੰ ਵਿਭਾਗ ਦਾ ਮੁਖ ਸਕੱਤਰ ਲਗਾਇਆ ਗਿਆ ਹੈ ਉਦੋਂ ਤੋਂ ਵਿਭਾਗ ਦੇ ਮੁਲਾਜ਼ਮ ਦਹਿਸ਼ਤ 'ਚ ਕੰਮ ਕਰ ਰਹੇ ਹਨ ਪੁਨਰਗਠਨ ਦੇ ਨਾਂਅ 'ਤੇ ਵਿਭਾਗ ਅੰਦਰ ਹਜ਼ਾਰਾਂ ਅਸਾਮੀਆਂ ਖ਼ਤਮ ਕਰ ਦਿੱਤੀਆਂ ਗਈਆਂ ਹਨ, ਮੁਲਾਜ਼ਮਾਂ ਦੀਆਂ ਬਦਲੀਆਂ ਦੂਰ ਦੁਰਾਡੇ ਕੀਤੀਆਂ ਜਾ ਰਹੀਆਂ ਹਨ, ਜਿਹਨਾਂ 'ਚੋਂ ਬਹੁਤ ਸਾਰੇ ਮੁਲਾਜ਼ਮਾਂ ਦੀ ਸੇਵਾ-ਮੁਕਤੀ ਵੀ ਲਾਗੇ ਹੈ। ਜਲ ਸਰੋਤ ਵਿਭਾਗ ਜਿਥੇ ਸਿੰਚਾਈ ਦਾ ਮੁੱਖ ਸਾਧਨ ਹੈ ਉਥੇ ਪੀਣ ਵਾਲੇ ਪਾਣੀ ਲਈ ਵੀ ਵੱਡੇ ਪੱਧਰ 'ਤੇ ਵਰਤੋਂ ਕੀਤੀ ਜਾਂਦੀ ਹੈ, ਪੰਜਾਬ ਅੰਦਰ ਪਾਣੀ ਦਾ ਜ਼ਮੀਨੀ ਪੱਧਰ ਲਗਾਤਾਰ ਨੀਵਾਂ ਜਾਣ ਕਰਕੇ ਜ਼ਿਆਦਾ ਤਰ ਬਲਾਕ ਡਾਰਕ ਜੋਨ ਐਲਾਨੇ ਗਏ ਹਨ, ਇਸ ਲਈ ਆਉਣ ਵਾਲੇ ਸਮੇਂ ਵਿੱਚ ਲੋਕਾਂ ਦੀ ਆਪਣੀ ਪਾਣੀ ਦੀ ਲੋੜ ਭਾਵੇਂ ਉਹ ਸਿੰਚਾਈ ਲਈ ਹੋਵੇ ਜਾਂ ਪੀਣ ਵਾਸਤੇ ਸਿੰਚਾਈ ਵਿਭਾਗ ਤੇ ਨਿਰਭਰਤਾ ਵੱਧੇਗੀ ਜਿਸ ਨੂੰ ਦੇਖਦੇ ਹੋਏ ਸਰਕਾਰ ਇਸ ਵਿਭਾਗ ਨੂੰ ਨਿਜੀ ਹੱਥਾਂ ਵਿੱਚ ਦੇਣ ਦੀਆਂ ਕੋਸ਼ੀਆਂ ਚਾਲਾਂ ਚੱਲ ਰਹੀ ਹੈ, ਜਿਸ ਨੂੰ ਸਿੰਚਾਈ ਵਿਭਾਗ ਦਾ ਕਾਮਾ ਅਤੇ ਪੰਜਾਬ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ ਜਥੇਬੰਦੀ ਦੇ ਸੂਬਾਈ ਫੈਸਲੇ ਅਨੁਸਾਰ ਜੋਨ ਹੁਸ਼ਿਆਰਪੁਰ ਦੀਆਂ ਸਾਰੀਆਂ ਜਲ ਸਰੋਤ ਸਬ ਡਵੀਜ਼ਨਾ, ਡਵੀਜ਼ਨਾ ਅੱਗੇ ਰੋਸ ਰੈਲੀਆਂ ਕੀਤੀਆਂ ਜਾਣਗੀਆਂ। ਗੜ੍ਹਸ਼ੰਕਰ 21 ਅਪ੍ਰੈਲ ਅਤੇ ਹੁਸ਼ਿਆਰਪੁਰ ਢੋਲਵਾਹਾ ਸਰਕਲ ਅੱਗੇ 26 ਅਪ੍ਰੈਲ ਨੂੰ ਭਰਵੀਆਂ ਰੈਲੀਆਂ ਕੀਤੀਆਂ ਜਾਣਗੀਆਂ। ਮੀਟਿੰਗ ਸਮੇਂ ਪੰਜਾਬ-ਯ.ਟੀ. ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਜਲੰਧਰ ਜ਼ਿਮਨੀ ਚੋਣ ਸਮੇਂ ਕੀਤੇ ਜਾਣ ਵਾਲੇ 23 ਅਪ੍ਰੈਲ ਆਦਮਪੁਰ, 30 ਅਪ੍ਰੈਲ ਨਕੋਦਰ ਅਤੇ 7 ਮਈ ਨੂੰ ਜਲੰਧਰ ਵਿਖੇ ਕੀਤੇ ਜਾਣ ਵਾਲੇ ਝੰਡਾ ਮਾਰਚ ਵਿੱਚ ਵੀ ਵੱਡੇ ਪੱਧਰ 'ਤੇ ਸ਼ਮੂਲੀਅਤ ਕੀਤੀ ਜਾਵੇਗੀ। ਰਾਜੀਵ ਸ਼ਰਮਾ, ਸ਼ਾਮ ਲਾਲ, ਕੁਲਦੀਪ ਸਿੰਘ, ਤਰਸੇਮ ਲਾਲ, ਰਕੇਸ਼ ਕੁਮਾਰ ਮਹਿਲਾਂਵਾਲੀ, ਬਲਵੰਤ ਸਿੰਘ, ਗੁਰਨਾਮ ਚੰਦ ਲਕਸੀਹ, ਟੇਕ ਚੰਦ ਈਸਾਪੁਰ, ਸੁਰਿੰਦਰ ਸਿੰਘ ਮੁੰਨਾ, ਜਗਦੀਸ਼ ਚੰਦ, ਗੁਰਨਾਮ ਸਿੰਘ ਹਾਜੀਪੁਰ, ਸਤੀਸ਼ ਕੁਮਾਰ, ਵਿਪਨ ਕੁਮਾਰ, ਭਾਗ ਮੱਲ ਸ਼ਾਮਲ ਸਨ।

## ਚਿੰਤਪੁਰਨੀ ਮੰਦਰ ਮੁਰਾਰ 'ਚ ਅੱਖਾਂ ਦਾ ਫ੍ਰੀ ਚੈੱਕਅੱਪ ਕੈਂਪ



**ਕਰਤਾਰਪੁਰ (ਹਰਮੇਸ਼ ਦੱਤ)**-ਚਿੰਤਪੂਰਨੀ ਮੰਦਰ ਮੁਰਾਰ (ਜ਼ਿਲਾ ਕਪੂਰਥਲਾ) ਵਿੱਚ ਨੈਸ਼ਨਲ ਆਈ ਕੇਅਰ ਹਸਪਤਾਲ ਜਲੰਧਰ ਵੱਲੋਂ ਅੱਖਾਂ ਦਾ ਚੈਕਅੱਪ ਕੈਂਪ ਲਗਾਇਆ ਗਿਆ ਜਿਸ ਵਿੱਚ ਹਸਪਤਾਲ ਦੇ ਮਾਹਰ ਡਾਕਟਰ ਵੱਲੋਂ ਅਤੇ ਉਨਾਂ ਦੀ ਟੀਮ ਵੱਲੋਂ ਸੁਚੱਜੇ ਢੰਗ ਨਾਲ ਚੈਕਅਪ ਕੀਤਾ ਗਿਆ। ਇਸ ਵਿੱਚ 130 ਦੇ ਕਰੀਬ ਮਰੀਜ਼ਾਂ ਦੀ ਓ ਪੀ ਡੀ ਕੀਤੀ ਗਈ, ਫ੍ਰੀ ਦਵਾਈਆਂ ਦਿੱਤੀਆਂ ਗਈਆਂ ਅਤੇ ਨਾਲ ਹੀ ਨਜ਼ਦੀਕ ਦੀ ਨਜ਼ਰ ਦੇ ਚਸ਼ਮੇ ਵੀ ਦਿੱਤੇ ਗਏ। ਓਪਰੇਸ਼ਨ ਵਾਲਿਆਂ ਲਈ ਅੱਧੇ ਰੇਟ 'ਤੇ ਓਪਰੇਸ਼ਨ ਦਾ ਪ੍ਰਬੰਧ ਵੀ ਕੀਤਾ ਗਿਆ। ਇਸ ਕੈਂਪ ਨੂੰ ਲਗਵਾਉਣ ਲਈ ਵਿਸ਼ੇਸ਼ ਤੌਰ 'ਤੇ ਪਰਮਜੀਤ ਕਾਲੀਆ ਚੇਅਰਮੈਨ ਇੰਟਕ ਯੂਨੀਅਨ, ਜਨਰਲ ਸਕੱਤਰ ਜੀਵਨ ਕੁਮਾਰ ਇੰਟਕ ਯੂਨੀਅਨ, ਸੰਦੀਪ ਦੇਵਗਨ ਜਨਰਲ ਸਕੱਤਰ ਬੀ ਐਮ ਐਸ ਯੂਨੀਅਨ, ਮੰਦਰ ਪ੍ਰਧਾਨ ਮੋਹਣ ਲਾਲ ਕਾਲੀਆ, ਸੁਭਾਸ਼ ਚੰਦਰ, ਭੂਸ਼ਣ ਕਾਲੀਆ, ਅਸ਼ੋਕ ਕਾਲੀਆ, ਰਾਜ ਕੁਮਾਰ, ਮਾਲਕ ਰਾਮ, ਵਿਪਨ ਕੁਮਾਰ, ਸਵਦੀਸ਼ ਕਾਲੀਆ, ਬ੍ਰਿਜੇਸ਼ ਕਾਲੀਆ, ਪ੍ਰਦੀਪ ਕੁਮਾਰ, ਰਜਤ ਕਾਲੀਆ, ਅੰਕਿਤ ਕਾਲੀਆ, ਜਤਿੰਦਰ ਕੁਮਾਰ ਆਸ਼ੂ, ਰਾਹੁਲ, ਸੰਦੀਪ ਕੁਮਾਰ ਆਦਿ ਨੇ ਸਹਿਯੋਗ ਕੀਤਾ ਅਤੇ ਸਮਾਜ ਹਿੱਤ ਵਿੱਚ ਲੋਕਾਂ ਨੂੰ ਸਿਹਤ ਸੇਵਾਵਾਂ ਪ੍ਰਤੀ ਜਾਗਰੂਕ ਕੀਤਾ ਅਤੇ ਆਈ ਹੋਈ ਟੀਮ ਦਾ ਨਗਰ ਵੱਲੋਂ ਧੰਨਵਾਦ ਕੀਤਾ।

## ਖਰਾਬੇ ਦੀ ਗਿਰਦਾਵਰੀ ਨਾ ਹੋਣ 'ਤੇ ਕਿਸਾਨ ਜਥੇਬੰਦੀਆਂ 'ਚ ਰੋਸ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਅੱਜ ਇਥੇ ਵੱਖ ਵੱਖ ਕਿਸਾਨ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਸਥਾਨਕ ਬੱਸ ਸਟੈਂਡ ਦੇ ਨੇੜੇ ਹੋਈ। ਜਿਸ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਆਗੂਆਂ ਕਾਮਰੇਡ ਸੁਰਜੀਤ ਸਿੰਘ ਢੇਰ, ਦਵਿੰਦਰ ਨੰਗਲੀ ਅਤੇ ਜੈਮਲ ਸਿੰਘ ਭੜੀ ਨੇ ਕਿਹਾ ਕਿ ਬੇਮੌਸਮੇ ਮੀਂਹ, ਝੱਖੜ ਹਨੇਰੀ ਅਤੇ ਗੜੇਮਾਰੀ ਕਾਰਨ ਕਣਕ, ਸਰ੍ਹੋਂ ਅਤੇ ਹੋਰ ਫਸਲਾਂ ਦਾ ਵੱਡਾ ਨੁਕਸਾਨ ਹੋਇਆ ਹੈ। ਭਾਵੇਂ ਪੰਜਾਬ ਸਰਕਾਰ ਵੱਲੋਂ ਗਿਰਦਾਵਰੀਆਂ ਕਰਨ ਦੇ ਹੁਕਮ ਜਾਰੀ ਕੀਤੇ ਹਨ ਪਰ ਪਟਵਾਰੀਆਂ ਦੀ ਘਾਟ ਕਾਰਨ ਗਿਰਦਾਵਰੀਆਂ ਦਾ ਕੰਮ ਸਿਰੇ ਨਹੀਂ ਚੜ੍ਹ ਰਿਹਾ। ਕਿਸਾਨ ਆਗੂਆਂ ਨੇ ਦੱਸਿਆ ਕਿ ਕਣਕ ਦੀ ਵਢਾਈ ਵੱਡੇ ਪੱਧਰ 'ਤੇ ਸ਼ੁਰੂ ਹੋ ਗਈ ਹੈ, ਜਿਸ ਕਾਰਨ ਇਲਾਕੇ ਦੇ ਕਿਸਾਨਾਂ ਨੂੰ ਸਰਕਾਰ ਵੱਲੋਂ ਜਾਰੀ ਕੀਤੇ ਮੁਆਵਜ਼ੇ ਤੋਂ ਵਾਂਝੇ ਰਹਿਣਾ ਪਵੇਗਾ। ਕਿਸਾਨ ਆਗੂਆਂ ਨੇ ਮੰਗ ਕੀਤੀ ਹੈ ਕਿ ਸੇਵਾ ਮੁਕਤ ਪਟਵਾਰੀਆਂ ਦੀ ਭਰਤੀ ਫੌਰੀ ਤੌਰ 'ਤੇ ਕਰਕੇ ਗਿਰਦਾਵਰੀਆਂ ਕੀਤੀਆਂ ਜਾਣ। ਕਿਸਾਨ ਆਗੂਆਂ ਨੇ ਦੱਸਿਆ ਕਿ ਜੰਗਰ ਇਲਾਕੇ ਵਿੱਚ ਇਸ ਵਾਰ ਪਏ ਸੋਕੇ ਕਾਰਨ ਕਿਸਾਨਾਂ ਦੀ ਕੋਈ ਵੀ ਫਸਲ ਨਹੀਂ ਹੋਵੇਗੀ। ਜੰਗਰ ਦੇ ਲੋਕਾਂ ਨੂੰ ਬਹੁਤ ਵੱਡੀ ਆਰਥਕ ਮਾਰ ਪੈ ਗਈ ਹੈ। ਪੰਜਾਬ ਸਰਕਾਰ ਇਨ੍ਹਾਂ ਇਲਾਕੇ ਦੇ ਲੋਕਾਂ ਨੂੰ ਵਿਸ਼ੇਸ਼ ਪੈਕੇਜ ਦਾ ਐਲਾਨ ਕਰੇ। ਕਿਸਾਨ ਆਗੂਆਂ ਨੇ ਦੱਸਿਆ ਕਿ ਪਿਛਲੇ ਸਾਲ ਸੁੰਡੀ ਪੈਣ ਕਰਕੇ ਮੱਕੀ ਦੀ ਫਸਲ ਬਰਬਾਦ ਹੋ ਗਈ ਸੀ। ਜਿਸ ਦਾ ਮੁਆਵਜ਼ਾ ਵੀ ਸਰਕਾਰ ਵੱਲੋਂ ਪਾਸ ਕਰ ਦਿੱਤਾ ਗਿਆ ਸੀ ਪਰ ਇਹ ਮੁਆਵਜ਼ਾ ਕਿਸਾਨਾਂ ਦੇ ਖਾਤਿਆਂ ਵਿੱਚ ਨਹੀਂ ਪਿਆ। ਇਸ ਮੁਆਵਜ਼ੇ ਨੂੰ ਤੁਰੰਤ ਕਿਸਾਨਾਂ ਦੇ ਖਾਤਿਆਂ ਵਿੱਚ ਪਾਇਆ ਜਾਵੇ। ਕਿਸਾਨ ਆਗੂਆਂ ਨੇ ਇਲਾਕੇ ਦੇ ਕਿਸਾਨਾਂ ਮਜ਼ਦੂਰਾਂ ਨੂੰ ਸੱਦਾ ਦਿੱਤਾ ਕਿ ਉਹ 12 ਅਪ੍ਰੈਲ ਨੂੰ 10 ਵਜੇ ਸਵੇਰੇ ਉਪ ਮੰਡਲ ਮੈਜਿਸਟਰੇਟ ਦੇ ਦਫਤਰ ਦੇ ਘਿਰਾਓ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ। ਇਸ ਮੌਕੇ ਜਸਵੰਤ ਸਿੰਘ ਜੱਸੂ, ਤਹਿਸੀਲ ਪ੍ਰਧਾਨ ਇੰਦਰਜੀਤ ਸਿੰਘ ਫੌਜੀ, ਰਾਮ ਪਾਲ ਤਾਰਾਪੁਰ, ਸੋਹਣ ਸਿੰਘ ਬੰਗਾ, ਕਸਤੂਰ ਸਿੰਘ ਮਹੈਣ, ਨਰਿੰਦਰ ਸਿੰਘ ਮਾਵੀ, ਗੁਰਚਰਨ ਸਿੰਘ ਕੂਨਰ ਵੀ ਹਾਜ਼ਰ ਹੋਏ। ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਇਲਾਕੇ ਦੇ ਕਿਸਾਨਾਂ ਨੂੰ ਅਨਾਜ ਮੰਡੀਆਂ ਵਿੱਚ ਕੋਈ ਵੀ ਮੁਸ਼ਕਲ ਆਵੇ ਤਾਂ ਉਹ ਕਿਸਾਨ ਆਗੂਆਂ ਨਾਲ ਤਾਲਮੇਲ ਕਰਨ।

## ਮੱਝਾਂ ਚੋਰੀ ਕਰਨ ਵਾਲੇ 2 ਮੁਲਜ਼ਮ ਗ੍ਰਿਫਤਾਰ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ )**-ਪਿੰਡ ਘੋੜੇਵਾਹਾ ਚੋਂ ਇੱਕ ਕਿਸਾਨ ਦੀਆਂ ਮੱਝਾਂ ਚੋਰੀ ਕਰਨ ਦੇ ਮਾਮਲੇ ਵਿੱਚ ਨਾਮਜ਼ਦ ਦੋਸ਼ੀਆਂ ਨੂੰ ਟਾਂਡਾ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਟਾਂਡਾ ਦੇ ਮੁਖੀ ਸਬ ਇੰਸਪੈਕਟਰ ਮਲਕੀਅਤ ਸਿੰਘ ਨੇ ਦੱਸਿਆ ਕਿ ਡੀ.ਐਸ.ਪੀ ਟਾਂਡਾ ਕੁਲਵੰਤ ਸਿੰਘ ਦੀ ਅਗਵਾਈ ਵਿੱਚ ਟਾਂਡਾ ਪੁਲਸ ਦੇ ਏ.ਐਸ.ਆਈ ਰਾਜੇਸ਼ ਕੁਮਾਰ ਚੌਕੀ ਇੰਚਾਰਜ ਅੱਡਾ ਸਰਾਂ ਦੀ ਟੀਮ ਵੱਲੋਂ ਗ੍ਰਿਫਤਾਰ ਕੀਤੇ ਗਏ ਦੋਸ਼ੀਆਂ ਦੀ ਪਹਿਚਾਨ ਸੈਮੂਓਲ ਉਰਫ ਸੰਭੂ ਤੇ ਦਾਨੀਅਲ ਉਰਫ਼ ਦਾਨੀ ਦੋਨੋਂ ਹੀ ਪੁੱਤਰਾਨ ਜਸਵੀਰ ਵਾਸੀ ਬਘਿਆੜੀ ਵਜੋਂ ਹੋਈ ਹੈ ਤੇ ਪੁਲਸ ਨੇ ਉਨ੍ਹਾਂ ਕੋਲੋਂ 3000 ਰੁਪਏ ਦੀ ਨਕਦੀ ਅਤੇ ਲੋਹੇ ਦਾ ਸੰਗਲ ਬਰਾਮਦ ਕੀਤਾ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਮੁਲਜਮ ਕੋਲੋਂ ਹੋਰ ਵੀ ਚੋਰੀ ਦੀਆਂ ਵਾਰਦਾਤਾਂ ਸੰਬੰਧੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

## ਅਕਾਲੀ ਦਲ ਦੀ ਨਕੋਦਰ ਵਿਖੇ ਚੋਣ ਸੰਬੰਧੀ ਮੀਟਿੰਗ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**- ਅੱਜ ਸ਼੍ਰੋਮਣੀ ਅਕਾਲੀ ਦਲ ਦੀ ਵਿਧਾਨ ਸਭਾ ਹਲਕਾ ਨਕੋਦਰ ਵਿਖੇ ਇਲੈਕਸ਼ਨ ਸੰਬੰਧੀ ਇੱਕ ਭਰਵੀਂ ਮੀਟਿੰਗ ਗੁਰਪ੍ਰਤਾਪ ਸਿੰਘ ਵਡਾਲਾ (ਐਕਸ ਐਮ ਐਲਏ), ਜ਼ਿਲ੍ਹਾ ਪ੍ਰਧਾਨ ਜਲੰਧਰ ਦਿਹਾਤੀ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਪੰਜਾਬ ਦੇ ਵੱਖ-ਵੱਖ ਹਲਕਿਆਂ ਤੋਂ ਆਏ ਹੋਏ ਐਮ ਐਲ ਏ ਸਹਿਬਾਨ ਅਤੇ ਹਲਕਾ ਇੰਚਾਰਜ ਵੀ ਆਏ ਅਤੇ ਇਸ ਮੀਟਿੰਗ ਵਿਚ ਵੱਖ-ਵੱਖ ਅਹੁਦੇਦਾਰਾਂ ਅਤੇ ਵਰਕਰਾਂ ਦੀਆਂ ਵੱਖ-ਵੱਖ ਪਿੰਡਾਂ ਵਿੱਚ ਡਿਊਟੀਆਂ ਲਗਾਈਆਂ ਗਈਆਂ ਅਤੇ ਵੱਖ-ਵੱਖ ਬੁਲਾਰਿਆਂ ਵੱਲੋਂ ਇਹ ਵਿਚਾਰ ਦਿੱਤੇ ਗਏ ਕਿ ਮੌਜੂਦਾ ਪੰਜਾਬ ਸਰਕਾਰ ਆਮ ਆਦਮੀ ਪਾਰਟੀ ਲੋਕ ਹਿੱਤਾਂ ਦੇ ਕੰਮ ਕਰਨ ਤੋ ਮੁਨਕਰ ਰਹੀ ਹੈ। ਪੰਜਾਬ ਦੇ ਲੋਕਾਂ ਵਿੱਚ ਮਾਯੂਸੀ ਹੈ ਕੇ ਉਨ੍ਹਾਂ ਕੋਲੋਂ ਬਹੁਤ ਵੱਡੀ ਗਲਤੀ ਹੋਈ ਹੈ ਕਿ ਉਨ੍ਹਾਂ ਨੇ ਆਮ ਆਦਮੀ ਪਾਰਟੀ ਨੂੰ ਵੋਟਾਂ ਪਾ ਕੇ ਸਰਕਾਰ ਬਣਾਈ ਸੀ। ਪਰ ਹੁਣ ਲੋਕ ਆਮ ਆਦਮੀ ਪਾਰਟੀ ਨੂੰ ਸਬਕ ਸਿਖਾਉਣ ਲਈ ਤਿਆਰ ਬੈਠੇ ਹਨ। ਇਸ ਮੀਟਿੰਗ ਵਿੱਚ ਵਿਸ਼ੇਸ਼ ਕਰਕੇ ਸਰਦਾਰ ਇਕਬਾਲ ਸਿੰਘ ਝੂੰਦਾ (ਐਕਸ ਐਮ ਐਲ ਏ), ਸਿਕੰਦਰ ਸਿੰਘ ਮਲੂਕਾ (ਸਾਬਕਾ ਮੰਤਰੀ), ਗੋਬਿੰਦ ਸਿੰਘ ਲੌਂਗੋਵਾਲ (ਸਾਬਕਾ ਪ੍ਰਧਾਨ ਸ਼੍ਰੋਮਣੀ ਪ੍ਰਬੰਧਕ ਕਮੇਟੀ) ਅਤੇ ਵੱਖ ਵੱਖ ਵਿਧਾਨ ਸਭਾ ਹਲਕਿਆਂ ਤੋਂ ਆਏ ਹੋਏ ਅਹੁਦੇਦਾਰਾਂ ਨੇ ਸ਼ਿਰਕਤ ਕੀਤੀ ਜਿਨ੍ਹਾਂ ਵਿਚ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ, ਭੁੱਚੋ ਮੰਡੀ, ਰਾਮਪੁਰਾ ਫੂਲ, ਸੰਗਰੂਰ, ਮੌੜ ਮੰਡੀ, ਰਾਏਕੋਟ, ਬਠਿੰਡਾ ਸ਼ਹਿਰੀ, ਬਰਨਾਲਾ, ਲਹਿਰਾ, ਧੂਰੀ, ਦਿੜਬਾ, ਸਰਦੂਲਗੜ੍ਹ, ਮਹਿਲ ਕਲਾਂ, ਮਲੇਰਕੋਟਲਾ, ਸੁਨਾਮ, ਬੁਢਲਾਡਾ ਅਤੇ ਹੋਰ ਵੀ ਹਲਕਿਆਂ ਤੋਂ ਲੀਡਰ ਸਹਿਬਾਨ ਹਾਜ਼ਰ ਸਨ।

## ਸੰਘਾ ਪਰਵਾਰ ਵੱਲੋਂ ਰਾਜਪੁਰ ਭਾਈਆਂ ਸਕੂਲ ਨੂੰ ਵਿੱਦਿਅਕ ਸਮੱਗਰੀ ਭੇਟ



**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)**-ਪਿੰਡ ਰਾਜਪੁਰ ਭਾਈਆਂ ਦੇ ਪ੍ਰਵਾਸੀ ਭਾਰਤੀ ਹਰਦੇਵ ਸਿੰਘ ਸੰਘਾ ਯੂ ਐਸ ਏ ਅਤੇ ਉਨ੍ਹਾਂ ਦੀ ਪਤਨੀ ਗੁਰਕ੍ਰਿਪਾਲ ਕੌਰ ਸੰਘਾ ਵੱਲੋਂ ਵਿਦਿਆਰਥੀਆਂ ਅਤੇ ਸਕੂਲ ਦੀ ਬਿਹਤਰੀ ਵਾਸਤੇ ਲੋੜਵੰਦ ਵਿਦਿਆਰਥੀਆਂ ਦੀ ਮਦਦ ਕਰਨ ਦੇ ਉਦੇਸ਼ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਜਪੁਰ ਭਾਈਆਂ ਨੂੰ 100 ਪੈੱਨ, 400 ਕਾਪੀਆਂ ਅਤੇ 60 ਸਕੂਲ ਬੈਗ ਆਦਿ ਵਿੱਦਿਅਕ ਸਮੱਗਰੀ ਦਾਨ ਵਜੋਂ ਦਿੱਤੇ ਗਏ ਅਤੇ ਹਰਦੇਵ ਸਿੰਘ ਸੰਘਾ ਦੇ ਪਰਵਾਰ ਨੇ ਸਕੂਲ ਅਤੇ ਵਿਦਿਆਰਥੀਆਂ ਦੀ ਭਲਾਈ ਵਾਸਤੇ ਆਉਣ ਵਾਲੇ ਸਮੇਂ ਵਿੱਚ ਵੀ ਇਸੇ ਤਰ੍ਹਾਂ ਹੋਰ ਵੀ ਮਦਦ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਸਕੂਲ ਇੰਚਾਰਜ ਗੁਲਸ਼ਨ ਸਿੰਘ ਨੇ ਹਰਦੇਵ ਸਿੰਘ ਸੰਘਾ ਅਤੇ ਗੁਰਕਿਰਪਾਲ ਕੌਰ ਸੰਘਾ ਦੇ ਪਰਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਘਾ ਪਰਵਾਰ ਵੱਲੋਂ ਕੀਤੇ ਗਏ ਇਸ ਪਰਉਪਕਾਰੀ ਉਪਰਾਲੇ ਨਾਲ ਲੋੜਵੰਦ ਵਿਦਿਆਰਥੀਆਂ ਨੂੰ ਵੱਡੀ ਮਦਦ ਮਿਲੇਗੀ ਅਤੇ ਉਨ੍ਹਾਂ ਨੂੰ ਆਪਣੀ ਪੜ੍ਹਾਈ ਜਾਰੀ ਰੱਖਣ ਵਾਸਤੇ ਵੱਡਾ ਉਤਸ਼ਾਹ ਮਿਲੇਗਾ। ਇਸ ਮੌਕੇ ਸਕੂਲ ਇੰਚਾਰਜ ਲੈਕਚਰਾਰ ਗੁਲਸ਼ਨ ਸਿੰਘ , ਚਰਨਜੀਤ ਸਿੰਘ, ਕੈਰੀਅਰ ਗਾਈਡੈਂਸ ਅਧਿਆਪਕ ਰਾਜਾ ਸਿੰਘ, ਭੁਪਿੰਦਰਪਾਲ ਸਿੰਘ, ਜਤਿੰਦਰ ਕੁਮਾਰ , ਅਭਿਨਵ ਕੁਮਾਰ, ਰਵਿੰਦਰ ਸਿੰਘ, ਗੁਰਦੀਪ ਸਿੰਘ, ਸੁਦੇਸ ਕੁਮਾਰੀ, ਦਲਜੀਤ ਕੌਰ ਸਮੇਤ ਸਮੂਹ ਅਧਿਆਪਕ ਅਤੇ ਵਿਦਿਆਰਥੀ ਵੀ ਹਾਜ਼ਰ ਸਨ।

## ਸੜਕ 'ਤੇ ਡਿੱਗੀਆਂ ਨੰਗੇ ਜੋੜਾਂ ਵਾਲੀਆਂ ਬਿਜਲੀ ਦੀਆਂ ਤਾਰਾਂ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**-ਹਲਕਾ ਗੜ੍ਹਸ਼ੰਕਰ ਦੇ ਨਗਰ ਕੌਂਸਲ ਦੀ ਗੱਲ ਕੀਤੀ ਜਾਵੇ ਤਾਂ ਸ਼ਹਿਰ ਅੰਦਰ ਲੱਗੀਆਂ ਕਈ ਸਟਰੀਟ ਲਾਈਟਾਂ ਰਾਤ ਦੇ ਸਮੇਂ ਤਾਂ ਜਗਦੀਆਂ ਹੀ ਨਹੀਂ ਅਤੇ ਇਨ੍ਹਾਂ ਦੀਆ ਬਿਜਲੀ ਤਾਰਾਂ (ਕੇਬਲਾਂ) ਵੀ ਸੜਕ 'ਤੇ ਹੀ ਡਿੱਗੀਆਂ ਹੋਈਆਂ ਹਨ ਜਿਸ ਨਾਲ ਕਿਸੇ ਸਮੇਂ ਜਾਨਲੇਵਾ ਹਾਦਸਾ ਵਾਪਰ ਸਕਦਾ ਹੈ ਕਿਉਂਕਿ ਇਨ੍ਹਾਂ ਬਿਜਲੀ ਦੀਆਂ ਤਾਰਾਂ ਦੇ ਜੋੜ ਵੀ ਕਈ ਥਾਵਾਂ ਤੋਂ ਨੰਗੇ ਹਨ। ਸਥਾਨਕ ਲੋਕਾਂ ਨੇ ਨਗਰ ਕੌਂਸਲ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਸ਼ਹਿਰ ਅੰਦਰ ਬੰਦ ਪਈਆਂ ਸਟਰੀਟ ਲਾਈਟਾਂ ਠੀਕ ਕੀਤੀਆਂ ਜਾਣ ਅਤੇ ਬਿਜਲੀ ਦੀਆਂ ਤਾਰਾਂ ਉੱਚੀਆਂ ਕੀਤੀਆਂ ਜਾਣ ਤੇ ਤਾਰਾਂ ਦੇ ਜੋੜ ਕਵਰ ਵੀ ਕੀਤੇ ਜਾਣ ਤਾਂ ਜੋ ਕਿਸੇ ਵੀ ਤਰ੍ਹਾ ਦਾ ਹਾਦਸਾ ਨਾ ਵਾਪਰੇ।

## ਨਮੋਸ਼ੀ ਕਾਰਨ ਪੱਤਰਕਾਰਾਂ ਦੀ ਸੰਘੀ ਘੁੱਟਣ ਦੇ ਰਾਹ ਤੁਰੀ ਪੰਜਾਬ ਸਰਕਾਰ : ਮਸੌਣ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਲੋਕਾਂ ਨਾਲ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਪੁਗਾਉਣ ਤੋਂ ਮੁੱਕਰੀ ਭਗਵੰਤ ਮਾਨ ਸਰਕਾਰ ਹੁਣ ਮੀਡੀਆ ਦੀ ਸੰਘੀ ਘੁੱਟਣ ਦੇ ਰਾਹ ਤੁਰ ਪਈ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼ਹੀਦ ਭਗਤ ਸਿੰਘ ਜਰਨਲਿਸਟ ਐਸੋਸੀਏਸ਼ਨ ਦੇ ਪ੍ਰਧਾਨ ਰਣਜੀਤ ਸਿੰਘ ਮਸੌਣ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਆਖਿਆ ਕਿ ਭਾਈ ਅੰਮ੍ਰਿਤਪਾਲ ਸਿੰਘ ਦੇ ਮਸਲੇ ਨੂੰ ਲੈ ਕੇ ਨਮੋਸ਼ੀ ਹੋਣ ਅਤੇ ਵਿਰੋਧੀਆਂ ਦੇ ਤਿੱਖੇ ਨਿਸ਼ਾਨਿਆਂ 'ਤੇ ਆਈ ਪਿਛਲੇ ਕੁਝ ਦਿਨਾਂ ਤੋਂ ਬੁਖਲਾਹਟ ਵਿੱਚ ਪੰਜਾਬ ਦੀ ਆਪ ਸਰਕਾਰ ਨੇ ਹੋਛੇ ਹੱਥਕੰਡੇ ਅਪਣਾਉਂਦਿਆਂ ਪੰਜਾਬ ਪੁਲਸ ਰਾਹੀਂ ਪੱਤਰਕਾਰਾਂ ਨੂੰ ਖ਼ਬਰਾਂ ਲਾਉਣ ਤੋਂ ਤਫਤੀਸ਼ ਦੇ ਨਾਂਅ ਉੱਤੇ ਕਈ ਪੱਤਰਕਾਰਾਂ ਦੇ ਘਰਾਂ ਉੱਤੇ ਅੱਧੀ ਰਾਤ ਨੂੰ ਛਾਪੇਮਾਰੀ ਕਰਕੇ ਡਰਾਉਣ ਦੀ ਕੋਸ਼ਿਸ਼ ਕੀਤੀ ਗਈ। ਕੁਝ ਪੱਤਰਕਾਰਾਂ ਨੂੰ ਥਾਣੇ ਤਲਬ ਕਰਕੇ ਹਰਾਸਮੈਂਟ ਕੀਤਾ ਗਿਆ ਤੇ ਕੁਝ ਪੱਤਰਕਾਰਾਂ 'ਤੇ ਨਜਾਇਜ਼ ਧਾਰਾ 107/151 ਅਧੀਨ ਪਰਚਾ ਦਰਜ ਕਰਕੇ ਪੱਤਰਕਾਰਾਂ ਨੂੰ ਜੇਲ੍ਹ ਭੇਜਿਆ ਗਿਆ। ਬੁਖਲਾਹਟ ਵਿੱਚ ਆਈ ਪੰਜਾਬ ਦੀ ਆਪ ਸਰਕਾਰ ਨੇ ਕਈ ਪੱਤਰਕਾਰਾਂ ਦੇ ਸੋਸ਼ਲ ਮੀਡੀਆ ਖਾਤਿਆਂ ਨੂੰ ਵੀ ਬੰਦ ਕਰ ਦਿੱਤਾ । ਉਨ੍ਹਾ ਆਖਿਆ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਸੋਸ਼ਲ ਮੀਡੀਆ ਦੇ ਪੱਤਰਕਾਰਾਂ ਰਾਹੀਂ ਹੀ ਪੰਜਾਬ ਦੀ ਸੱਤਾ ਵਿੱਚ ਆਈ ਹੈ। ਪੰਜਾਬ ਵਿੱਚ ਆਪ ਸਰਕਾਰ ਬਣਾਉਣ ਵਿੱਚ ਸਭ ਤੋਂ ਵੱਧ ਸੋਸ਼ਲ ਮੀਡੀਆ ਦੇ ਪੱਤਰਕਾਰਾਂ ਦਾ ਹੀ ਹੱਥ ਹੈ। ਪੱਤਰਕਾਰਾਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਪੰਜਾਬ ਪੁਲਸ ਕੋਲੋਂ ਜ਼ਲੀਲ ਕਰਵਾਇਆ ਗਿਆ। ਇਸ ਤਰ੍ਹਾਂ ਕਰਨ ਨਾਲ ਪੰਜਾਬ ਸਰਕਾਰ ਲੋਕਤੰਤਰ ਦੇ ਚੌਥੇ ਥੰਮ੍ਹ ਨੂੰ ਨਾ ਦਬਾ ਨਹੀਂ ਸਕਦੀ ਹੈ ਤੇ ਨਾ ਡਰਾ ਸਕਦੀ ਹੈ। ਪੱਤਰਕਾਰ ਹੀ ਬੰਦੇ ਨੂੰ ਅਸਮਾਨ 'ਤੇ ਖੜਦੇ ਹਨ ਤੇ ਪੱਤਰਕਾਰ ਹੀ ਅਸਮਾਨ ਤੋਂ ਥੱਲੇ ਜ਼ਮੀਨ 'ਤੇ ਲਿਆਉਂਦੇ ਹਨ। ਪਿਛਲੀਆਂ ਸਰਕਾਰਾਂ ਵਾਲੀ ਗਲਤੀ ਮੁੱਖ ਮੰਤਰੀ ਭਗਵੰਤ ਮਾਨ ਨੇ ਦਰਹਾਉਣੀ ਸ਼ੁਰੂ ਕਰ ਦਿੱਤੀ ਹੈ ਤੇ ਆਪਣੇ ਵਿਰੋਧੀਆਂ ਦੀ ਜ਼ਬਾਨਬੰਦੀ ਦਾ ਜਿਹੜਾ ਕੰਮ ਸੈਂਟਰ ਦੀ ਮੋਦੀ ਹਕੂਮਤ ਕਰ ਰਹੀ ਹੈ, ਉਹੀ ਰਾਹ ਹੁਣ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਫੜ ਲਿਆ ਹੈ। ਪੰਜਾਬ ਸਰਕਾਰ ਦੇ ਇਹ ਕੋਝੇ ਹੱਥਕੰਡੇ ਸਰਾਸਰ ਪ੍ਰੈਸ ਦੀ ਅਜ਼ਾਦੀ ਅਤੇ ਵਿਚਾਰ ਪ੍ਰਗਟਾਵੇ ਦੀ ਅਜ਼ਾਦੀ ਉੱਪਰ ਸਿੱਧਾ ਹਮਲਾ ਹਨ ਪਰ ਅਜਿਹੇ ਹੱਥਕੰਡੇ ਅਪਣਾ ਕੇ ਆਪ ਸਰਕਾਰ ਆਪਣੀ ਨਾਕਾਮੀ ਤੋਂ ਪੱਤਰਕਾਰ ਵਿਰੋਧੀ ਚਿਹਰੇ ਨੂੰ ਹੁਣ ਲੁਕੋ ਨਹੀਂ ਸਕਦੀ। ਇਸ ਤੋਂ ਪਹਿਲਾਂ ਮਾਨ ਸਰਕਾਰ ਵੱਲੋਂ ਨਿੱਜੀ ਅਖਬਾਰ ਅਤੇ ਨਿਊਜ਼ ਚੈਨਲ ਦੇ ਪੱਤਰਕਾਰਾਂ ਨੂੰ ਵਿਧਾਨ ਸਭਾ ਵਿੱਚ ਅੰਦਰ ਜਾ ਕੇ ਕਵਰੇਜ ਨਾ ਕਰਨ ਦੇਣਾ ਇਹ ਵੀ ਲੋਕਤੰਤਰ ਦੇ ਚੌਥੇ ਥੰਮ੍ਹ 'ਤੇ ਸਿੱਧਾ ਹਮਲਾ ਸੀ।

## ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਮਿਲ ਰਿਹਾ ਵੱਡਾ ਹੁੰਗਾਰਾ : ਬਰਾੜ

**ਆਦਮਪੁਰ (ਪਰਮਜੀਤ ਸਿੰਘ)**- ਭਾਰਤੀ ਜਨਤਾ ਪਾਰਟੀ ਸਰਕਲ ਅਲਾਵਲਪੁਰ ਦੀ ਵਿਸ਼ੇਸ਼ ਮੀਟਿੰਗ ਬਲਰਾਜ ਸੇਠੀ ਦੇ ਗ੍ਰਹਿ ਵਿਖੇ ਸਰਕਲ ਪ੍ਰਧਾਨ ਅਨਿਲ ਚੋਡਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਪਰਮਿੰਦਰ ਸਿੰਘ ਬਰਾੜ (ਆਦਮਪੁਰ ਹਲਕਾ ਇਲੈਕਸ਼ਨ ਇੰਚਾਰਜ), ਬੀਬਾ ਜੈ ਇੰਦਰ ਕੌਰ (ਮੀਤ ਪ੍ਰਧਾਨ ਭਾਜਪਾ ਪੰਜਾਬ ਪ੍ਰਦੇਸ਼), ਦੀਦਾਰ ਸਿੰਘ ਭੱਟੀ, ਡਾਕਟਰ ਹਰਬੰਸ ਲਾਲ ਸਾਬਕਾ ਮੰਤਰੀ, ਸੰਜੀਵ ਮਿਨਹਾਸ (ਜ਼ਿਲ੍ਹਾ ਭਾਜਪਾ ਇੰਚਾਰਜ), ਅਜੈਬ ਸਿੰਘ, ਕੁਲਦੀਪ ਸਹੋਤਾ ਹਾਜ਼ਰ ਹੋਏ। ਰਾਜੀਵ ਪਾਂਜਾ ਨੇ ਆਈ ਹੋਈ ਲੀਡਰਸ਼ਿਪ ਨੂੰ ਜੀ ਆਇਆਂ ਕਿਹਾ ਅਤੇ ਪਰਮਿੰਦਰ ਸਿੰਘ ਬਰਾੜ ਨੇ ਪਾਰਟੀ ਦੇ ਐਕਟਿਵ ਮੈਂਬਰ ਦੀਆਂ ਪਿੰਡਾਂ ਵਿੱਚ ਜ਼ਿੰਮੇਵਰੀਆਂ ਵੀ ਲਗਵਾਈਆਂ। ਸ਼ਕਤੀ ਕੇਂਦਰ ਇੰਚਾਰਜ ਨੂੰ ਪਿੰਡਾਂ ਵਿੱਚ ਕੰਮ ਕਰਨ ਲਈ ਕਿਹਾ। ਅਨਿਲ ਨੇ ਸਾਰਿਆਂ ਦਾ ਧੰਨਵਾਦ ਕੀਤਾ।

ਮੀਟਿੰਗ ਵਿੱਚ ਰਾਜੀਵ ਪਾਂਜਾ (ਸੂਬਾ ਕਾਰਜਕਰਨੀ ਮੈਂਬਰ ਪੰਜਾਬ), ਸਵਤੰਤਰ ਜੁਲਕਾ, ਪੰਕਜ ਸ਼ਰਮਾ ਕੌਂਸਲਰ, ਬਲਵਿੰਦਰ ਸਿੰਘ ਕੰਗ, ਪ੍ਰੇਮ ਬੇਰੀ, ਪ੍ਰਾਣ ਨਾਥ ਭੰਡਾਰੀ, ਯਸ਼ ਚੌਧਰੀ, ਨਰਿੰਦਰ ਸ਼ਰਮਾ, ਜੰਗ ਬਹਾਦਰ, ਅੰਜਲੀ ਵਰਮਾ (ਜ਼ਿਲ੍ਹਾ ਭਾਜਪਾ ਸੱਕਤਰ), ਨੀਸ਼ਾ ਬੇਰੀ, ਅਮਨਜਯੋਤੀ, ਦਿਗਵਿਜੈ ਸਿੰਘ, ਦਾਨਿਸ਼ ਹਾਂਡਾ, ਹਰਸਿਤ ਪਾਂਜਾ, ਨਰਿੰਦਰ ਸ਼ਰਮਾ, ਜੋਗੀ ਬੰਗਾ, ਕਮਲ ਚੋਡਾ ਲੇਸਡੀਵਾਲ, ਬੂਟਾ ਸਿੰਘ, ਅਜੈ ਜੋਸ਼ੀ, ਰੌਸ਼ਨ ਲਾਲ ਭੰਡਾਰੀ, ਰਾਜਿੰਦਰ ਕੁਮਾਰ, ਰਵਿੰਦਰ ਪੁਰੀ ਰੰਮੀ ਹਾਜ਼ਰ ਹੋਏ।



11-April-PAGE-9.qxd 4/10/2023 11:00 PM Page 1



# ਟਰੱਕਾਂ ਦੀ ਟੱਕਰ ਦੌਰਾਨ ਇਕ ਦੀ ਮੌਤ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**-ਪਿੰਡ ਸੈਦਪੁਰ ਲਾਗੇ ਗੁਜ਼ਰਦੇ ਸਤਲੁੱਜ ਦਰਿਆ 'ਤੇ ਪੈਂਦੇ ਪੁੱਲ 'ਤੇ 2 ਟਰੱਕਾਂ ਦੀ ਆਹਮਣੋ-ਸਾਹਮਣੇ ਹੋਈ ਟੱਕਰ 'ਚ ਇਕ ਟਰੱਕ ਚਾਲਕ ਦੀ ਮੌਤ ਹੋ ਗਈ। ਜਦਕਿ ਦੂਜਾ ਟਰੱਕ ਚਾਲਕ ਗੰਭੀਰ ਜਖਮੀਂ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਰਾਤ ਕਰੀਬ ਸਾਢੇ 12 ਕੁ ਵਜੇ ਟਰੱਕ ਨੰਬਰ ਐਚ.ਪੀ.-72-5277 ਦਾ ਚਾਲਕ ਅਸ਼ੋਕ ਕੁਮਾਰ ਪ੍ਰਮਾਣੂ ਵਿਖੇ ਆਪਣੀ ਗੱਡੀ ਖਾਲੀ ਕਰਕੇ ਘਰ ਪਰਤ ਰਿਹਾ ਸੀ।

ਮਗਰ ਜਦੋਂ ਉਹ ਉਕਤ ਵੱਡੇ ਪੁੱਲ 'ਤੇ ਪਹੁੰਚਿਆ ਤਾਂ ਸਾਹਮਣੇ ਤੋਂ ਆ ਰਹੇ ਟਰੱਕ ਨੰਬਰ ਐਚ.ਪੀ.-12ਬੀ 8581 ਦੇ ਚਾਲਕ ਨੇ ਕਿਸੀ ਵਹੀਕਲ ਨੂੰ ਕਰਾਸ ਕਰਦੇ ਸਮੇਂ ਆਪਣਾ ਟਰੱਕ ਗਲਤ ਸਾਈਡ ਲਿਜਾ ਕੇ ਦੂਸਰੇ ਟਰੱਕ ਨੂੰ ਸਾਹਮਣੇ ਤੋਂ ਟੱਕਰ ਮਾਰ ਦਿੱਤੀ। ਇਸ ਹਾਦਸੇ 'ਚ ਦੋਵੇਂ ਟਰੱਕਾਂ ਦੇ ਚਾਲਕ ਗੰਭੀਰ ਰੂਪ 'ਚ ਜਖਮੀ ਹੋ ਗਏ ਜਿਨਾਂ ਨੂੰ ਰਾਹਗੀਰਾਂ ਵੱਲੋਂ ਇਲਾਜ ਲਈ ਸਰਕਾਰੀ ਹਸਪਤਾਲ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਲਿਜਾਇਆ ਗਿਆ। ਹਾਦਸੇ ਦੌਰਾਨ ਚਾਲਕ ਅਸ਼ੋਕ ਕੁਮਾਰ (47) ਪੁੱਤਰ ਮਨਸਾ ਰਾਮ ਨਿਵਾਸੀ ਪਿੰਡ ਸਿੰਗਾ, ਥਾਨਾ ਹਰੋਲੀ, ਜ਼ਿਲਾ ਊਨਾ ਦੀ ਮੌਤ ਹੋ ਗਈ। ਜਦਕਿ ਦੂਸਰੇ ਟਰੱਕ ਚਾਲਕ ਜਿਸਦੀ ਜਸਵੀਰ ਸਿੰਘ ਪੁੱਤਰ ਰਾਮ ਸਿੰਘ ਨਿਵਾਸੀ ਪਿੰਡ ਰਾਮਪੁਰ ਸੋਲਾ (ਹਿਮਾਚਲ ਪ੍ਰਦੇਸ਼) ਵਜੋਂ ਪਛਾਣ ਹੋਈ ਹੈ ਦੀ ਹਾਲਤ ਨੂੰ ਗੰਭੀਰ ਦੇਖਦਿਆਂ ਪੀ.ਜੀ.ਆਈ. ਵਿਖੇ ਰੈਫਰ ਕਰ ਦਿੱਤਾ ਗਿਆ ਹੈ। ਚੌਕੀ ਕਲਵਾਂ ਦੇ ਇੰਚਾਰਜ ਹਰਮੇਸ਼ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਦੇ ਭਰਾ ਸ਼ਮਸ਼ੇਰ ਸਿੰਘ ਦੇ ਬਿਆਨਾਂ 'ਤੇ ਦੂਸਰੇ ਟਰੱਕ ਚਾਲਕ ਜਸਵੀਰ ਸਿੰਘ ਦੇ ਖਿਲਾਫ ਮਾਮਲਾ ਦਰਜ ਕਰਕੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

## ਸਰਕਾਰੀ ਪ੍ਰਾਇਮਰੀ ਸਕੂਲ ਫਿਲੌਰ ਦਾ 5ਵੀਂ ਜਮਾਤ ਦਾ ਨਤੀਜਾ ਸ਼ਾਨਦਾਰ

**ਫਿਲੌਰ, (ਨਿਰਮਲ)** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ 5ਵੀਂ ਜਮਾਤ ਦੇ ਨਤੀਜਿਆਂ ਦੌਰਾਨ ਸਰਕਾਰੀ ਪ੍ਰਾਇਮਰੀ ਸਕੂਲ ਫਿਲੌਰ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਮੁਖੀ ਨੇ ਦੱਸਿਆ ਕਿ 5ਵੀਂ ਜਮਾਤ ਦੀ ਦੇਵਿਕਾ ਨੇ 500 ਵਿੱਚੋਂ 492 ਅੰਕ ਪ੍ਰਾਪਤ ਕਰਕੇ ਪਹਿਲਾਂ ਸਥਾਨ, ਸਲੋਨੀ ਨੇ 500 'ਚੋਂ 486 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਭਾਵਨਾ ਨੇ 500 ਵਿੱਚੋਂ 468 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕਰਕੇ ਸਕੂਲ ਅਤੇ ਆਪਣੇ ਮਾਤਾ ਪਿਤਾ ਦਾ ਨਾਂਅ ਰੋਸ਼ਨ ਕੀਤਾ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਬਾਕੀ ਵਿਦਿਆਰਥੀਆਂ ਨੇ ਵੀ ਵਧੀਆ ਅੰਕ ਪ੍ਰਾਪਤ ਕੀਤੇ। ਉਨ੍ਹਾਂ ਸ਼ਾਨਦਾਰ ਨਤੀਜੇ ਲਈ ਸਕੂਲ ਅਧਿਆਪਕਾਂ ਦੀ ਮਿਹਨਤ ਅਤੇ ਲਗਨ ਦੱਸਿਆ, ਜਿਸ ਲਈ ਉਨ੍ਹਾਂ ਸਮੂਹ ਅਧਿਆਪਕਾ ਦਾ ਧੰਨਵਾਦ ਕੀਤਾ।



## ਭਵਨ ਦੀ ਜਾਇਦਾਦ 'ਤੇ ਕੀਤੇ ਗਏ ਨਜਾਇਜ਼ ਕਬਜ਼ੇ ਹਟਾਓ ਸਰਕਾਰ ਜੀ!

**ਖਰੜ (ਹਰਨਾਮ ਸਿੰਘ ਡੱਲਾ)** ਸਰਕਾਰ ਵੱਲੋਂ ਸੰਨ 2012 'ਚ ਖਰੜ ਸ਼ਹਿਰ ਵਿੱਚ ਸ੍ਰੀ ਗੁਰੂ ਰਵਿਦਾਸ ਭਵਨ ਦੀ ਉਸਾਰੀ ਉੱਤੇ 54 ਲੱਖ ਰੁਪਏ ਖਰਚ ਕੇ ਸ਼ਾਨਦਾਰ ਭਵਨ ਦੀ ਉਸਾਰੀ ਕਰਵਾਈ ਗਈ ਸੀ। ਇਹ ਭਵਨ ਦੀ ਸਾਂਭ ਸੰਭਾਲ ਖਰੜ ਦੀ ਸਮਾਜਿਕ ਜਥੇਬੰਦੀ ਸ੍ਰੀ ਗੁਰੂ ਰਵਿਦਾਸ ਸਭਾ ਰਜਿ ਖਰੜ ਵਲੋਂ ਕੀਤੀ ਜਾਂਦੀ ਹੈ। ਇਸ ਭਵਨ 'ਚ ਇੱਕ ਸਰਕਾਰੀ ਟਿਊਬੈੱਲ ਵੀ ਲੱਗਾ ਹੋਇਆ ਹੈ। ਹੈਰਾਨੀ ਦੀ ਗੱਲ ਹੈ ਕਿ ਲੱਖਾਂ ਰੁਪਏ ਖਰਚ ਕੇ ਬਣਾਏ ਗਏ ਇਸ ਭਵਨ ਨੂੰ ਕੋਈ ਰਸਤਾ ਹੀ ਨਹੀਂ ਲੱਗਦਾ। 7 ਬਿੱਘੇ 4 ਮਰਲੇ ਜ਼ਮੀਨ ਉੱਤੇ ਉਸਾਰੇ ਗਏ ਇਸ ਭਵਨ ਦੇ ਇਰਦ ਗਿਰਦ ਲਗ ਭਗ 3 ਬਿੱਘੇ ਤੋਂ ਵੀ ਜਿਆਦਾ ਰਕਬੇ ਉੱਤੇ ਨਜਾਇਜ ਕਬਜੇ ਕੀਤੇ ਹੋਏ ਹਨ। ਇਹ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਹਰਕਾਦਾਸ ਧਾਲੀਵਾਲ, ਸੀਨੀਅਰ ਮੀਤ ਪ੍ਰਧਾਨ ਮਦਨ ਲਾਲ ਜਨਾਗਲ, ਮੀਤ ਪ੍ਰਧਾਨ ਹਰਬੰਸ ਸਿੰਘ ਭੱਟੀ, ਸਕੱਤਰ ਸ੍ਰੀ ਚਰਨ ਸਿੰਘ ਕੰਗ, ਖਜਾਨਚੀ ਮਹਿੰਦਰ ਰਾਮ ਪਾਲ, ਮੇਵਾ ਸਿੰਘ ਪੁਰਖਾਲੀ, ਸੱਜਨ ਸਿੰਘ, ਜਗਪਾਲ ਸਿੰਘ,ਸਵਰਨ ਸਿੰਘ ਸਾਨ, ਜਸਪਾਲ ਸਿੰਘ ਘੋਗਾ, ਗੁਰਮੇਲ ਸਿੰਘ ਧਾਲੀਵਾਲ ਅਤੇ ਕਸ਼ਮੀਰ ਸਿੰਘ ਨੇ ਦੱਸਿਆ ਕਿ ਇਸ ਭਵਨ ਦੀ ਉਸਾਰੀ ਤੋਂ ਪਹਿਲਾਂ ਸੰਨ 2012 'ਚ ਪਹਿਲੀ ਵਾਰ ਨਿਸ਼ਾਨਦੇਹੀ ਕੀਤੀ ਗਈ ਸੀ। ਨਿਸ਼ਾਨਦੇਹੀ ਹੋਣ ਤੋਂ ਬਾਅਦ ਭਵਨ ਤਾਂ ਉਸਾਰ ਦਿੱਤਾ ਗਿਆ ਪਰ ਕਬਜੇ ਜਿਉਂ ਦੇ ਤਿਉਂ ਰਹੇ, ਸਗੋਂ ਨਗਰ ਕੌਂਸਲ ਦੇ ਅਧਿਕਾਰੀਆਂ ਦੀ ਮਿਲੀਭੁਗਤ ਕਰਕੇ ਕੁਝ ਹੋਰ ਲੋਕਾਂ ਨੇ ਵੀ ਸਰਕਾਰੀ ਜਾਇਦਾਦ ਉੱਤੇ ਕਬਜੇ ਕਰ ਲਏ ਗਏ। ਸਭਾ ਵਲੋਂ ਵਾਰ ਵਾਰ ਕਹਿਣ ਤੋਂ ਬਾਅਦ ਸੰਨ 2017 ਵਿੱਚ ਨਗਰ ਕੌਂਸਲ ਖਰੜ ਨੇ ਪ੍ਰਾਈਵੇਟ ਕੰਪਨੀ ਪਾਸੋਂ 19000 ਸਰਕਾਰੀ ਖਜਾਨੇ 'ਚੋਂ ਜਮ੍ਹਾ ਕਰਵਾ ਕੇ ਨਿਸ਼ਾਨਦੇਹੀ ਕਰਵਾਈ ਸੀ, ਪਰ ਕਬਜੇ ਫਿਰ ਵੀ ਜਿਉਂ ਦੇ ਤਿਉਂ ਰਹੇ। ਅਤੇ ਨਿਸਾਨਦੇਹੀ ਅਨੁਸਾਰ ਨਗਰ ਕੌਂਸਲ ਇਸ ਜਮੀਨ ਉੱਤੇ ਕਾਬਜ ਹੀ ਨਹੀਂ ਹੋਈ, ਸਗੋਂ ਨਿਸਾਨ ਲਗਾ ਕੇ ਛੱਡ ਦਿੱਤੇ ਗਏ। ਇਸ ਤੋਂ ਬਾਅਦ ਜਨਵਰੀ 2023 ਵਿੱਚ ਨਿਸਾਨਦੇਹੀ ਮੁੜ ਕਰਵਾਈ ਗਈ, ਜਿਸ ਲਈ ਐਸ ਡੀ ਐਮ ਖਰੜ, ਤਹਿਸੀਲਦਾਰ ਅਤੇ ਕਾਰਜ ਸਾਧਕ ਅਫਸਰ ਨਗਰ ਕੌਂਸਲ ਖਰੜ ਦੇ ਅਧਿਕਾਰੀਆਂ ਦੇ ਦਫਤਰਾਂ ਵਿੱਚ ਸਭਾ ਦੇ ਕਾਰਕੁਨਾਂ ਨੂੰ ਦਰਜਨਾਂ ਚੱਕਰ ਮਾਰਨੇ ਪਏ। ਅਤੇ ਮਹਿਕਮਾਂ ਮਾਲ ਦੇ ਅਧਿਕਾਰੀਆਂ ਨੂੰ ਸਭਾ ਵਲੋਂ 20000 ਰੁਪਏ ਦੀ ਰਾਸੀ ਵੀ ਨਿਸਾਨਦੇਹੀ ਦੀ ਫੀਸ ਲਈ ਮੁੜ ਅਦਾ ਕਰਨੀ ਪਈ। ਇਸ ਵਾਰ ਵੀ ਨਿਸਾਨਦੇਹੀ ਤਾਂ ਹੋ ਚੁੱਕੀ ਹੈ ਪਰ ਕੋਈ ਨਤੀਜਾ ਸਾਹਮਣੇ ਨਹੀਂ ਆ ਰਿਹਾ। ਨਿਸਾਨਦੇਹੀ ਅਨੁਸਾਰ ਨਗਰ ਕੌਂਸਲ ਖਰੜ ਭਵਨ ਦੀ ਜਗ੍ਹਾ ਉੱਤ ਕਾਬਜ ਨਹੀਂ ਹੋ ਰਹੀ। ਲੱਗਦਾ ਹੈ ਕਿ ਇਸ ਵਾਰ ਵੀ ਕਰਵਾਈ ਗਈ ਨਿਸਾਨਦੇਹੀ ਨਗਰ ਕੌਂਸਲ ਦੇ ਅਧਿਕਾਰੀਆਂ ਅਤੇ ਕਬਜਾਧਾਰੀਆਂ ਦੀ ਭੇਟ ਚੜ੍ਹ ਜਾਵੇਗੀ। ਦੂਜੇ ਪਾਸੇ ਵਰਤਮਾਨ ਸਰਕਾਰ ਵੱਲੋਂ ਦਾਅਵੇ ਕੀਤੇ ਜਾ ਰਹੇ ਹਨ ਕਿ ਉਹ ਸਰਕਾਰੀ ਜਾਇਦਾਦਾਂ ਤੋਂ ਨਜਾਇਜ ਕਬਜੇ ਹਟਾਉਣ ਲਈ ਬੜੇ ਪਾਰਦਰਸ਼ੀ ਢੰਗ ਨਾਲ ਪੰਜਾਬ 'ਚ ਕੰਮ ਕਰ ਰਹੀ ਹੈ। ਸਭਾ ਦੇ ਪ੍ਰਧਾਨ ਸ੍ਰੀ ਹਰਕਾਦਾਸ ਧਾਲੀਵਾਲ ਵਲੋਂ ਦੱਸਿਆ ਗਿਆ ਹੈ ਕਿ ਉਹ ਖਰੜ ਦੀ ਐਮ ਐਲ ਏ ਅਤੇ ਕੈਬਨਿਟ ਮੰਤਰੀ ਬੀਬਾ ਅਨਮੋਲ ਗਗਨ ਮਾਨ ਨੂੰ ਵੀ ਨਜਾਇਜ ਕਬਜੇ ਹਟਾਉਣ ਲਈ ਬੇਨਤੀ ਕਰ ਚੁੱਕੇ ਹਨ। ਸ੍ਰੀ ਗੁਰੂ ਰਵਿਦਾਸ ਸਭਾ ਰਜਿ: ਖਰੜ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਹੈ 7 ਬਿੱਘੇ 4 ਬਿਸਵੇ ਬੇਸ ਕੀਮਤੀ ਜਗ੍ਹਾ 'ਤੇ ਉਸਾਰੇ ਗਏ ਭਵਨ ਦੀ ਸਰਕਾਰੀ ਜਾਇਦਾਦ ਉੱਤੋਂ ਨਜਾਇਜ ਕਬਜੇ ਹਟਾਏ ਜਾਣ।

# ਪੰਜਵੀਂ ਜਮਾਤ ਦਾ ਨਤੀਜਾ 100 ਫੀਸਦੀ

**ਨੂਰਮਹਿਲ (ਬਾਲ ਕ੍ਰਿਸਨ ਬਾਲੀ)** ਸਰਕਾਰੀ ਪ੍ਰਾਇਮਰੀ ਸਕੂਲ ਖਾਨਪੁਰ ਢੱਡਾ ਦਾ ਪੰਜਵੀਂ ਜਮਾਤ ਦਾ ਨਤੀਜਾ 100 % ਰਿਹਾ। ਹਰਮੀਤ ਕੌਰ ਪੁੱਤਰੀ ਨਿਰਮਲ ਸਿੰਘ ਗਿੱਲ ਨੇ 482/500 ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਗੁਰਨੂਰ ਕੌਰ ਪੁੱਤਰੀ ਹਰਮੇਲ ਸਿੰਘ ਨੇ 478/500 ਅੰਕ ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਅਹਿਲਿਆ ਪੁੱਤਰੀ ਮਹੇਸ਼ ਨੇ 474/500 ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ।

ਇਸ ਮੌਕੇ ਲਖਵਿੰਦਰ ਸਿੰਘ ਸਟੇਟ ਐਵਾਰਡੀ ਹੈੱਡ ਟੀਚਰ ਸਪਸ ਖਾਨਪੁਰ ਢੱਡਾ ਸ੍ਰੀ ਪਰਮਿੰਦਰ ਈ ਟੀ ਟੀ ਟੀਚਰ ਅਤੇ ਸ੍ਰੀਮਤੀ ਬਲਜੀਤ ਕੌਰ ਈ ਟੀ ਟੀ ਟੀਚਰ ਨੇ ਬੱਚਿਆਂ ਅਤੇ ਉਹਨਾ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਹੋਰ ਤਰੱਕੀਆਂ ਕਰਨ ਦੀ ਕਾਮਨਾ ਕੀਤੀ। ਇਸ ਪ੍ਰੀਖਿਆ ਵਿਚ ਕੁਲ 15 ਬੱਚਿਆਂ ਨੇ ਭਾਗ ਲਿਆ ਅਤੇ ਸਾਰੇ ਬੱਚੇ ਵਧੀਆ ਅੰਕ ਲੈ ਕੇ ਪਾਸ ਹੋਏ ਹਨ।

ਇਸ ਮੌਕੇ ਨਿਰਮਲ ਸਿੰਘ ਗਿੱਲ ਨੇ ਇਸ ਸ਼ਾਨਦਾਰ ਨਤੀਜੇ ਤੇ ਖੁਸ਼ੀ ਜ਼ਾਹਿਰ ਕਰਦਿਆਂ ਸਮੂਹ ਸਟਾਫ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਮੁਬਾਰਕਬਾਦ ਦਿੱਤੀ ਅਤੇ ਵਿਦਿਆਰਥੀਆਂ ਨੂੰ ਹੋਰ ਸਖ਼ਤ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਹੋਰ ਸਖ਼ਤ ਮਿਹਨਤ ਕਰਕੇ ਆਪਣੇ ਜੀਵਨ ਵਿੱਚ ਸਫਲਤਾ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੱਤੀ।

ਇਸ ਮੌਕੇ ਹੈੱਡ ਟੀਚਰ ਮੁਕੇਸ਼ ਅਤੇ ਸਮੂਹ ਸਟਾਫ ਕਮੇਟੀ ਮੈਂਬਰ ਅਤੇ ਚੇਅਰਮੈਨ ਸ੍ਰ ਨਿਰਮਲ ਸਿੰਘ ਗਿੱਲ ਅਤੇ ਪਿੰਡ ਵਾਸੀ ਮੌਕੇ ਹਾਜ਼ਰ ਸਨ।

## ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਵੋਟਰਾਂ ਨੂੰ ਜਾਗਰੂਕ ਕਰਨ ਲਈ ਕਰਵਾਈ ਵਾਕਾਥੋਨ

**ਜਲੰਧਰ, (ਸੁਰਿੰਦਰ ਕੁਮਾਰ)** ਲੋਕ ਸਭਾ ਦੀ ਜਿਮਨੀ ਚੋਣ ਦੇ ਮੱਦੇਨਜ਼ਰ ਵੋਟਰਾਂ ਖਾਸ ਕਰਕੇ ਨੌਜਵਾਨਾਂ ਨੂੰ ਆਪਣੇ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਦੀ ਅਗਵਾਈ ਹੇਠ ਐਨ.ਜੀ.ਓ. ਫੁਲਕਾਰੀ ਦੇ ਸਹਿਯੋਗ ਨਾਲ ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਵਾਕਾਥੋਨ ਕਰਵਾਈ ਗਈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵੋਟਰਾਂ ਨੂੰ ਆਪਣੇ ਦੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਜਾਗਰੂਕ ਕਰਨ ਵਾਸਤੇ ਸਵੀਪ ਪ੍ਰੋਗਰਾਮ ਤਹਿਤ ਜ਼ਿਲ੍ਹੇ ਵਿੱਚ ਅਜਿਹੀਆਂ ਹੋਰ ਗਤੀਵਿਧੀਆਂ ਕਰਵਾਈਆਂ ਜਾਣਗੀਆਂ।

ਉਨ੍ਹਾਂ ਨੌਜਵਾਨਾਂ ਨੂੰ ਵੋਟਰ ਵਜੋਂ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਅਤੇ ਚੋਣਾਂ ਦੌਰਾਨ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ ਲਈ ਅੱਗੇ ਆਉਣ ਦੀ ਅਪੀਲ ਕੀਤੀ। ਵਧੀਕ ਡਿਪਟੀ ਕਮਿਸਨਰ (ਵਿਕਾਸ) ਵਰਿੰਦਰਪਾਲ ਸਿੰਘ ਬਾਜਵਾ ਨੇ ਵਾਕਾਥੋਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨ ਮੌਕੇ ਦੱਸਿਆ ਕਿ ਵੋਟਰਾਂ ਵਿੱਚ ਜਾਗਰੂਕਤਾ ਫੈਲਾਉਣ ਤੋਂ ਇਲਾਵਾ ਇਸ ਵਾਕਾਥੋਨ ਦਾ ਉਦੇਸ਼ ਸਰਵਾਈਕਲ ਕੈਂਸਰ ਤੋਂ ਬਚਾਅ ਸਬੰਧੀ ਜਾਗਰੂਕਤਾ ਸੰਦੇਸ਼ ਦੇਣਾ ਵੀ ਹੈ। ਉਨ੍ਹਾਂ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਨੌਜਵਾਨ ਵੋਟਰਾਂ ਨੂੰ ਚੋਣ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਲੋਕਤੰਤਰ ਦੀ ਮਜਬੂਤੀ ਲਈ ਹਰੇਕ ਵੋਟਰ ਨੂੰ ਆਪਣੀ ਵੋਟ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਚੋਣਾਂ ਦੌਰਾਨ ਨੈਤਿਕ ਵੋਟਿੰਗ ਦੇ ਸੰਦੇਸ ਨੂੰ ਫੈਲਾਉਣ ਲਈ ਇਸ 5 ਕਿਲੋਮੀਟਰ ਲੰਬੀ ਵਾਕਾਥੋਨ ਵਿੱਚ ਹਰ ਉਮਰ ਵਰਗ ਦੇ ਵਲੰਟੀਅਰਾਂ ਨੇ ਭਾਗ ਲਿਆ। ਉਨ੍ਹਾਂ ਦੱਸਿਆ ਕਿ ਯੋਗ ਨੌਜਵਾਨ ਆਪਣੀ ਵੋਟ ਬਣਾਉਣ ਲਈ ਐਨਵੀਐਸਪੀ ਪੋਰਟਲ 'ਤੇ ਆਨਲਾਈਨ ਰਜਿਸਟਰ ਕਰ ਸਕਦੇ ਹਨ। ਇਸ ਦੌਰਾਨ ਵੋਟਰ ਰਜਿਸਟ੍ਰੇਸ਼ਨ, ਟੋਲ ਫ੍ਰੀ ਨੰਬਰ-1950, ਸਰੀਰਕ ਤੌਰ 'ਤੇ ਦਿਵਿਆਂਗ ਵੋਟਰਾਂ ਲਈ ਐਪਸ ਅਤੇ ਨੈਤਿਕ ਵੋਟਿੰਗ ਦੀ ਮਹੱਤਤਾ ਬਾਰੇ ਵੱਖ-ਵੱਖ ਵੀਡੀਓਜ ਅਤੇ ਪ੍ਰੈਜ਼ੈਨਟੇਸ਼ਨਾਂ ਦੀ ਸਕ੍ਰੀਨਿੰਗ ਕੀਤੀ ਗਈ ਤਾਂ ਜੋ ਵੋਟਰ ਜਾਗਰੂਕਤਾ ਰਾਹੀਂ ਚੋਣ ਪ੍ਰਕਿਰਿਆ ਵਿੱਚ ਵੱਧ ਤੋਂ ਵੱਧ ਵੋਟਰਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾ ਸਕੇ। ਇਹ ਸਮੁੱਚੀ ਗਤੀਵਿਧੀ ਸਵੀਪ ਪ੍ਰੋਗਰਾਮ ਤਹਿਤ ਕਰਵਾਈ ਗਈ, ਜਿਸਦਾ ਉਦੇਸ਼ ਨਾਗਰਿਕਾਂ ਨੂੰ 10 ਮਈ 2023 ਨੂੰ ਹੋਣ ਵਾਲੀਆਂ ਜਲੰਧਰ ਲੋਕ ਸਭਾ ਹਲਕੇ ਦੀਆਂ ਉਪ ਚੋਣਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕਰਨਾ ਸੀ। ਇਸ ਮੌਕੇ ਸਹਾਇਕ ਕਮਿਸ਼ਨਰ (ਜਨਰਲ) ਗੁਰਸਿਮਰਨਜੀਤ ਕੌਰ, ਸਹਾਇਕ ਕਮਿਸਨਰ (ਯੂ.ਟੀ.) ਮੇਜਰ (ਡਾ.) ਇਰਵਿਨ ਕੌਰ, ਫੁਲਕਾਰੀ ਐਨ.ਜੀ.ਓ. ਦੇ ਪ੍ਰਧਾਨ ਨੀਰਜਾ ਮਹਾਜਨ, ਲੈਕਚਰਾਰ ਸੁਰਜੀਤ ਲਾਲ, ਚੋਣ ਤਹਿਸੀਲਦਾਰ ਸੁਖਦੇਵ ਸਿੰਘ, ਚੋਣ ਕਾਨੂੰਨਗੋ ਰਾਕੇਸ ਕੁਮਾਰ ਆਦਿ ਵੀ ਮੌਜੂਦ ਸਨ।

## ਭਾਈ ਬਖਸ਼ੀਸ਼ ਸਿੰਘ ਦੀ ਯਾਦ 'ਚ ਹੋਇਆ ਗੁਰਮਤਿ ਸਮਾਗਮ

**ਸ੍ਰੀ ਅਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)** ਪਿਛਲੇ ਲੰਮੇ ਸਮੇ ਤੋਂ ਦੇਸ਼ ਵਿਦੇਸ਼ 'ਚ ਧਰਮ ਪ੍ਰਚਾਰ ਦੀ ਸੇਵਾ ਨਿਭਾ ਰਹੇ ਪ੍ਰਿੰ: ਧਰਮ ਸਿੰਘ ਦੇ ਸਤਿਕਾਰ ਯੋਗ ਪਿਤਾ ਭਾਈ ਬਖਸ਼ੀਸ਼ ਸਿੰਘ ਦੀ ਯਾਦ 'ਚ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਇਆ ਗਿਆ ਜਿਸ ਵਿਚ ਵੱਡੀ ਗਿਣਤੀ ਸੰਗਤਾਂ ਨੇ ਸ਼ਮੂਲੀਅਤ ਕੀਤੀ।

ਸ੍ਰੀ ਸਹਿਜ ਪਾਠ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਇਆ ਗਿਆ ਜਿਸ ਵਿਚ ਭਾਈ ਬਲਵਿੰਦਰ ਸਿੰਘ ਦੇ ਰਾਗੀ ਜੱਥੇ ਨੇ ਵੈਰਾਗਮਈ ਕੀਰਤਨ ਕੀਤਾ। ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰ:ਭਾਈ ਚਰਨਜੀਤ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਿੰ:ਧਰਮ ਸਿੰਘ ਨੇ ਜੋ ਪ੍ਰਚਾਰ ਕੀਤਾ ਉਹ ਅੱਜ ਪ੍ਰਤੱਖ ਰੂਪ ਵਿਚ ਦਿਖਾਈ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਈ ਬਖਸ਼ੀਸ਼ ਸਿੰਘ ਦੇ ਅੰਤਿਮ ਸੰਸਕਾਰ ਮੌਕੇ ਸਾਰੇ ਕਾਰਜ ਗੁਰਮਤਿ ਅਨੁਸਾਰੀ ਕਰਕੇ ਆਮ ਲੋਕਾਂ ਲਈ ਪ੍ਰੇਰਨਾਸਰੋਤ ਬਣੇ ਹਨ। ਉਨ੍ਹਾਂ ਕਿਹਾ ਕਿ ਸਿੱਖ ਰਹਿਤ ਮਰਯਾਦਾ ਵਿਚ ਦਰਜ ਹੁਕਮ ਦੇ ਮੁਤਾਬਿਕ ਨਾ ਤਾਂ ਘਰ ਵਿਚ ਰੋਣਾ ਧੋਣਾ ਹੋਇਆ, ਨਾ ਫੁੱਲ ਚੁਗੇ ਗਏ ਤੇ ਨਾ ਹੀ ਪਤਾਲਪੁਰੀ ਜਾ ਕੇ ਅਸਤ ਤਾਰੇ ਗਏ, ਨਾ ਹੀ ਸ਼ਰਧਾਂਜਲੀਆਂ ਭੇਟ ਕਰਨ ਦਾ ਪਖੰਡ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅਜਿਹੇ ਕਾਰਜ ਪ੍ਰਚਾਰਕ ਜੀਵਨ ਵਿਚ ਨਜ਼ਰ ਆਉਣੇ ਚਾਹੀਦੇ ਹਨ ਤਾਂ ਜੋ ਧਰਮ ਪ੍ਰਚਾਰ ਕਰਨ ਵਾਲੇ ਕਹਿਣੀ ਤੇ ਕਰਨੀ ਦੇ ਪੂਰੇ ਹੋਣ ਤੇ ਇਹ ਬਹੁਤ ਚੰਗੀ ਗੱਲ ਹੈ ਕਿ ਪ੍ਰਿੰ:ਧਰਮ ਸਿੰਘ ਆਪਣੇ ਜੀਵਨ ਵਿਚ ਇਸ ਗੱਲ ਤੇ ਪੂਰੇ ਉਤਰੇ ਹਨ। ਸਿੱਖ ਮਿਸ਼ਨਰੀ ਕਾਲਜ ਚੌਤਾ ਦੇ ਪ੍ਰਿੰਸੀਪਲ ਭਾਈ ਬਲਜੀਤ ਸਿੰਘ ਨੇ ਕਿਹਾ ਕਿ ਭਾਈ ਬਖਸ਼ੀਸ਼ ਸਿੰਘ ਦੇ ਜੀਵਨ ਚੌਂ ਗੁਰਮਤਿ ਗਾਡੀ ਰਾਹ ਦੀ ਖੁਸ਼ਬੂ ਆਉਂਦੀ ਰਹੀ ਜਿਸ ਤੋਂ ਸੇਧ ਲੈਣ ਦੀ ਜਰੂਰਤ ਹੈ। ਪ੍ਰਿੰ:ਧਰਮ ਸਿੰਘ ਨੇ ਇਸ ਮੌਕੇ ਕਿਹਾ ਕਿ ਮੇਰੇ ਪਿਤਾ ਭਾਈ ਬਖਸ਼ੀਸ਼ ਸਿੰਘ ਮੇਰੇ ਪਿਤਾ ਦੇ ਨਾਲ ਨਾਲ ਮੇਰੇ ਉਸਤਾਦ ਵੀ ਸਨ। ਮੈਨੂੰ ਗੁਰਮਤਿ ਦੇ ਰਾਹ ਚਲਾਉਣ ਵਿਚ ਉਨ੍ਹਾਂ ਦਾ ਵੱਡਾ ਸਾਥ ਰਿਹਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਈ ਗੁਰਪ੍ਰੀਤ ਸਿੰਘ ਮੁਕਤਸਰ, ਹਰਪਿੰਦਰ ਕੌਰ, ਨਵਦੀਪ ਸਿੰਘ ਖਾਲਸਾ, ਹਰਜੋਤ ਕੌਰ, ਦਰਸ਼ਨ ਸਿੰਘ, ਸਵਰਨ ਸਿੰਘ, ਹਰਚਰਨ ਕੌਰ, ਤਲਵਿੰਦਰ ਸਿੰਘ ਲਾਡੀ, ਜਥੇਦਾਰ ਸੰਤੋਖ ਸਿੰਘ, ਮਨਜੀਤ ਕੌਰ, ਪ੍ਰਿਤਪਾਲ ਸਿੰਘ ਗੰਡਾ, ਤਰਨਜੀਤ ਕੌਰ, ਗੁਰਚਰਨ ਸਿੰਘ ਸਮੇਤ ਸੰਗਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।

## 53 ਪ੍ਰਾਣੀਆਂ ਨੇ ਕੀਤਾ ਅੰਮ੍ਰਿਤਪਾਨ

**ਮੋਹਾਲੀ (ਗੁਰਜੀਤ ਬਿੱਲਾ)** ਅੰਮ੍ਰਿਤ ਛਕੋ ਸਿੰਘ ਸਜੋ ਲਹਿਰ ਦੇ ਤਹਿਤ ਮੋਹਾਲੀ ਦੇ ਪਿੰਡ ਗੁਡਾਣਾ ਵਿਖੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ 53 ਪ੍ਰਾਣੀਆਂ ਨੂੰ ਅੰਮ੍ਰਿਤ ਸੰਚਾਰ ਕਰਵਾਇਆ ਗਿਆ। ਮੁਹਾਲੀ ਤੋਂ ਸ੍ਰੋਮਣੀ ਕਮੇਟੀ ਮੈਂਬਰ ਪਰਮਜੀਤ ਕੌਰ ਲਾਂਡਰਾਂ, ਹਲਕਾ ਮੋਹਾਲੀ ਦੇ ਮੁੱਖ ਸੇਵਾਦਾਰ ਪਰਵਿੰਦਰ ਸਿੰਘ ਸੋਹਾਣਾ ਤੇ ਪਿੰਡ ਗੁਡਾਣਾ ਦੇ ਪ੍ਰਧਾਨ ਬੰਤ ਸਿੰਘ ਦੀ ਅਗਵਾਈ ਹੇਠ ਚਲਾਈ ਗਈ ਇਹ ਮੁਹਿੰਮ ਹਲਕੇ ਦੇ ਸਾਰੇ ਪਿੰਡਾਂ ਤੇ ਸਹਿਰ 'ਚ ਚਲਾਈ ਜਾ ਰਹੀ ਹੈ ਤਾਂ ਜੋ ਵੱਧ ਤੋਂ ਵੱਧ ਸੰਗਤ ਨੂੰ ਬਾਣੀ ਤੇ ਬਾਣੇ ਦਾ ਧਾਰਨੀ ਬਣਾਇਆ ਜਾ ਸਕੇ। ਇਸ ਮੌਕੇ ਭਾਈ ਜਤਿੰਦਰ ਸਿੰਘ ਪ੍ਰਚਾਰਕ ਮੁਹਾਲੀ ਅਤੇ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਵੱਲੋਂ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਤੇ ਕਥਾ ਕੀਤੀ ਗਈ। ਮੁੱਖ ਸੇਵਾਦਾਰ ਹਲਕਾ ਮੋਹਾਲੀ ਪਰਵਿੰਦਰ ਸਿੰਘ ਸੋਹਾਣਾ ਤੇ ਬੀਬੀ ਲਾਂਡਰਾਂ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਅਤੇ ਸ਼ਬਦ ਗੁਰੂ ਨਾਲ ਜੋੜਨ ਲਈ ਇਹ ਉਪਰਾਲਾ ਕੀਤਾ ਜਾ ਰਿਹਾ ਹੈ ਅਤੇ ਇਹ ਮੁਹਿੰਮ ਲਗਾਤਾਰ ਇਸੇ ਤਰ੍ਹਾਂ ਜਾਰੀ ਰਹੇਗੀ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਅਮ੍ਰਿਤ ਸੰਚਾਰ ਕਰਵਾ ਕੇ ਗੁਰੂ ਦੇ ਲੜ ਲਾਇਆ ਜਾਵੇ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਰਜਿੰਦਰ ਸਿੰਘ ਮੈਨੇਜਰ ਗੁਰਦੁਆਰਾ ਅੰਬ ਸਾਹਿਬ ਮੋਹਾਲੀ, ਹਰਦੀਪ ਸਿੰਘ ਬਠਲਾਣਾ, ਪ੍ਰਧਾਨ ਗੋਬਿੰਦਗੜ੍ਹ, ਪ੍ਰਧਾਨ ਸੇਖਣ ਮਾਜਰਾ, ਪ੍ਰਧਾਨ ਭਾਰਤਪੁਰ ਹਾਜ਼ਰ ਰਹੇ।

## ਬਾਬਾ ਕਾਲੂ ਮਹਾਰਾਜ ਦੇ ਅਸਥਾਨ 'ਤੇ ਵਿਸਾਖੀ ਜੋੜ ਮੇਲਾ 13 ਨੂੰ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਪਾਸਟਾਂ ਵਿਖੇ ਬਾਬਾ ਕਾਲੂ ਮਹਾਰਾਜ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆ ਅਤੇ ਇਲਾਕੇ ਦੇ ਸਹਿਯੋਗ ਸਤਿ ਬਾਬਾ ਕਾਲੂ ਜੀ ਪ੍ਰਬੰਧਕ ਕਮੇਟੀ ਪਾਸਟਾਂ ਵੱਲੋਂ 13 ਅਪ੍ਰੈਲ ਨੂੰ ਸਾਲਾਨਾ ਵਿਸਾਖੀ ਜੋੜ ਮੇਲਾ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਨੇ ਦੱਸਿਆ ਕਿ 11ਅਪ੍ਰੈਲ ਨੂੰ ਸ੍ਰੀ ਰਾਮਇਣ ਦੇ ਪਾਠ ਆਰੰਭ ਕੀਤੇ ਜਾਣਗੇ। ਉਨਾਂ ਦੱਸਿਆ ਕਿ 13 ਅਪ੍ਰੈਲ ਨੂੰ ਸ੍ਰੀ ਰਾਮਇਣ ਦੇ ਪਾਠ ਦੇ ਭੋਗ ਪਾਏ ਜਾਣਗੇ। ਉਨ੍ਹਾਂ ਦੱਸਿਆ ਕਿ 13 ਅਪ੍ਰੈਲ ਨੂੰ ਵਿਸਾਖੀ ਦੇ ਸਾਲਾਨਾ ਜੋੜ ਮੇਲੇ ਮੌਕੇ ਸਵੇਰੇ 09 ਝੰਡੇ ਦੀ ਰਸਮ ਸੰਗਤਾਂ ਵੱਲੋਂ ਅਦਾ ਕੀਤੀ ਜਾਵੇਗੀ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ 13 ਅਪ੍ਰੈਲ ਨੂੰ ਵਿਸਾਖੀ ਦੇ ਸਾਲਾਨਾ ਜੋੜ ਮੇਲੇ ਮੌਕੇ ਮਾਸਟਰ ਸਲੀਮ ਇੰਟਰਨੈਂਟ ਕਲਾਕਾਰ, ਰੋਕੀ ਸਿੰਘ, ਰਾਕੇਸ ਬੁਲੇਵਾਲੀਆ ਬਾਬਾ ਜੀ ਦੇ ਗੁਣਗਾਨ ਕਰਨਗੇ। ਇਸ ਮੌਕੇ ਕੇਮਟੀ ਪ੍ਰਧਾਨ ਜਗਦੀਸ ਸਿੰਘ, ਅਸੋਕ ਕੁਮਾਰ ਪਰਮਾਰ ਪਾਸਟਾ ਸਕੱਤਰ, ਰਾਜੂ ਖਜਾਨਚੀ, ਹਰਭਜਨ ਸਿੰਘ, ਪੰਡਤ ਉਮੇਸ ਕੁਮਾਰ, ਮਹੰਤ ਮਦਨ ਲਾਲ,ਭਪਿੰਦਰ ਸਿੰਘ, ਰਣਵੀਰ ਸਿੰਘ, ਬਿੰਦਰ, ਪਵਨੀ, ਅਜੀਤ ਸਿੰਘ, ਵਿਜੈ ਕੁਮਾਰ, ਨੀਰੂ ਬਾਲਾ, ਬਲਦੀਪ ਕੌਰ, ਮੀਨਾ ਕਸੀ, ਸੰਤੋਸ ਕੌਰ ਆਦਿ ਹਾਜ਼ਰ ਸਨ।

## ਬਰਸਟ ਨੇ ਈਸਟਰ ਸਮਾਗਮ 'ਚ ਕੀਤੀ ਸ਼ਿਰਕਤ



**ਜਲੰਧਰ (ਨਜ਼ਸ)**-ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਪਿੰਡ ਤਾਜਪੁਰ ਦੇ ਚਰਚ ਵਿਖੇ ਕਰਵਾਏ ਈਸਟਰ ਸਮਾਗਮ ਵਿੱਚ ਭਾਗ ਲਿਆ ਅਤੇ ਕਿਹਾ ਕਿ ਬਹੁਤ ਹੀ ਖੁਸ਼ੀ ਦਾ ਦਿਨ ਹੈ ਕਿ ਅਸੀਂ ਸਾਰੇ ਇੱਥੇ ਪ੍ਰਭੂ ਯਿਸੂ ਮਸੀਹ ਦੇ ਪੁਨਰ ਜਨਮ ਨੂੰ ਮਨਾਉਣ ਲਈ ਇਕੱਠੇ ਹੋਏ ਹਾਂ। ਮੈਂ ਬਹੁਤ ਭਾਗਾਂ ਵਾਲਾ ਹਾਂ ਕਿ ਮੈਨੂੰ ਇੱਥੇ ਸਾਰੀ ਸੰਗਤ ਦੇ ਦਰਸ਼ਨ ਹੋਏ। ਉਨ੍ਹਾਂ ਦੱਸਿਆ ਕਿ ਉਹ ਸੰਸਥਾ ਦੇ ਮੁਖੀ ਅਵਤਾਰ ਸਿੰਘ ਦੇ ਸੱਦੇ 'ਤੇ ਇੱਥੇ ਆਏ ਹਨ। ਜਦੋਂ ਪ੍ਰਭੂ ਦੀ ਇੱਛਾ ਹੁੰਦੀ ਹੈ, ਉਦੋਂ ਹੀ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਇਸ ਮੌਕੇ ਉਨ੍ਹਾਂ ਨਾਲ ਪਾਰਟੀ ਦੇ ਕਈ ਅਹੁਦੇਦਾਰ ਅਤੇ ਵਰਕਰ ਵੀ ਹਾਜਰ ਸਨ।

## ਦਾਦਰਾ ਗੋਤ ਦੇ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ 13 ਨੂੰ

**ਬਹਿਰਾਮ (ਅਵਤਾਰ ਕਲੇਰ)** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਾਦਰਾ ਗੋਤ ਦੇ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਬਾਬਾ ਜੋਧ ਜੀ ਦੇ ਦਰਬਾਰ ਪਿੰਡ ਢੱਕ ਪੰਡੋਰੀ ਵਿਖੇ 13 ਅਪ੍ਰੈਲ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਸੇਵਾਦਾਰ ਜੈਲਾ ਰਾਮ ,ਰੂਪ ਲਾਲ ਦਾਦਰ, ਬਿੰਦਰ ਇਟਲੀ ਹਰਮੇਸ਼ ਲਾਲ ਮੇਸ਼ਾ ,ਹੇਮ ਰਾਜ ਨੰਬਰਦਾਰ ਠੇਕੇਦਾਰ ਸੋਹਣ ਲਾਲ ਕੁਤਬੇਵਾਲ,ਧੰਨਪਤ ਰਾਏ,ਸਕੱਤਰ ਤਲਵਣ ਸਾਹਿਬ , ਸੁਰਿੰਦਰ ਪਾਲ ਸ਼ਿੰਦਾ ਫਗਵਾੜਾ ਤੇ ਜਗਦੀਸ਼ ਲਾਲ ਨੇ ਸਾਂਝੇ ਤੌਰ 'ਤੇ ਦੱਸਿਆ 13 ਅਪ੍ਰੈਲ ਸਵੇਰੇ 10 ਵਜੇ ਸ਼੍ਰੀ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਰਸਮ ਉਪਰੰਤ ਪਿੱਤਰਾਂ ਦੀ ਪੂਜਾ ਤੇ ਦਾਦਰਾ ਪਰਵਾਰਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਹੋਵੇਗੀ ਇਸ ਉਪਰੰਤ ਧਾਰਮਿਕ ਸਟੇਜ ਸਜਾਈ ਜਾਵੇ ਜਿਸ ਵਿੱਚ ਇੰਟਰਨੈਸ਼ਨਲ ਗਾਇਕ ਮਨੀ ਮਾਨ ਆਪਣੀ ਗਾਇਕੀ ਨਾਲ ਸੰਗਤਾਂ ਨੂੰ ਨਿਹਾਲ ਕਰਨਗ। ਇਸ ਮੌਕੇ ਚਾਹ ਪਕੌੜੇ ਤੇ ਬਾਬਾ ਜੀ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ ।

## ਇੰਟਰਨੈੱਟ ਉਪਭੋਗਤਾ ਪ੍ਰੇਸ਼ਾਨ, ਬੀ ਐੱਸ ਐੱਨ ਐੱਲ ਵਾਲੇ ਨਹੀਂ ਚੁੱਕਦੇ ਫ਼ੋਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਕੋਈ ਵੀ ਸਰਕਾਰੀ ਅਦਾਰਾ ਚਾਹੇ ਉਹ ਕੇਂਦਰ ਸਰਕਾਰ ਅਧੀਨ ਹੋਵੇ ਤੇ ਭਾਵੇਂ ਉਹ ਪੰਜਾਬ ਸਰਕਾਰ ਦਾ, ਸਥਿਤੀ ਇਸ ਵੇਲੇ ਇਹ ਬਣੀ ਪਈ ਹੈ ਕਿ ਲੋਕ ਜਿੱਡੀ ਮਰਜੀ ਵੱਡੀ ਸਮੱਸਿਆ ਨਾਲ ਘਿਰੇ ਰਹਿਣ, ਵਾਰ-ਵਾਰ ਉਚ ਅਧਿਕਾਰੀਆਂ ਨੂੰ ਸ਼ਿਕਾਇਤਾਂ ਵੀ ਕਰੀ ਜਾਣ, ਪਰ ਇਨ੍ਹਾਂ ਰੱਬ ਦੇ ਬੰਦਿਆਂ ਤੇ ਕੋਈ ਅਸਰ ਨਹੀਂ ਹੁੰਦਾ ਤੇ ਉਲਟਾ ਲੋਕਾਂ ਦਾ ਫ਼ੋਨ ਚੁੱਕਣਾਂ ਹੀ ਬੰਦ ਕਰ ਦਿੰਦੇ ਹਨ। ਕੁਝ ਇਸੇ ਤਰ੍ਹਾਂ ਦੀ ਹਾਲਤ ਹੀ ਬਣੀ ਪਈ ਹੈ ਇਸ ਵੇਲੇ ਬੀ.ਐਸ.ਐਨ.ਐਲ. ਮਹਿਕਮੇ ਦੀ, ਇੰਟਰਨੈਟ ਉਪਭੋਗਤਾ ਪ੍ਰੇਸ਼ਾਨੀ ਤੇ ਆਲਮ ਵਿੱਚ ਹਨ, ਪਰ ਅਧਿਕਾਰੀਆਂ ਦੇ ਕੰਨ ਤੇ ਜੂੰ ਨਹੀਂ ਸਰਕਦੀ। ਹੁਣ ਕੁਝ ਕੁ ਸਮਾਂ ਪਹਿਲੇ ਇਨ੍ਹਾਂ ਨੇ ਪਿੰਡਾਂ ਵਿੱਚ ਆਮ ਚੱਲਦੀ ਪ੍ਰਾਈਵੇਟ ਟੀ.ਵੀ. ਦੀ ਕੇਬਲ ਵਾਲਿਆਂ ਨਾਲ ਹੀ ਸਮਝੌਤਾ ਕਰਕੇ ਵਾਈ ਫ਼ਾਈ ਫ਼ਾਇਬਰ ਤਾਰ ਦੇ ਕੁਨੈਕਸ਼ਨ ਲਾਉਣੇ ਸ਼ੁਰੂ ਕੀਤੇ ਸੀ। ਇਹ ਕੰਮ ਕਮਿਸ਼ਨ ਦੇ ਅਧਾਰ 'ਤੇ ਹੋਣ ਕਰਕੇ ਕੇਬਲ ਵਾਲਿਆਂ ਨੇ ਵੀ ਲੋਕਾਂ ਨੂੰ ਗੁੰਮਰਾਕੁੰਨ ਪ੍ਰਚਾਰ ਕਰਦਿਆਂ 'ਰੇੜੀਆਂ ਵਾਂਗ ਕੁਨੈਕਸ਼ਨ ਵੰਡੇ'। ਲੋਕਾਂ ਦੀ ਵੀ ਜਰੂਰਤ ਸੀ, ਕਿਉਂਕਿ ਇਸ ਵੇਲੇ ਹਰ ਘਰ ਵਿੱਚ ਬੱਚੇ ਇੰਟਰਨੈਟ ਦੁਆਰਾ ਪੜ੍ਹਦੇ ਜਾਂ ਵਿਦੇਸ਼ ਗਏ ਹੋਣ ਕਰਕੇ ਮਾਪਿਆਂ ਨੇ ਆਪੋ ਆਪਣੇ ਘਰਾਂ ਵਿੱਚ ਕੁਨੈਕਸ਼ਨ ਲਗਵਾ ਲਏ ਤੇ ਕੰਮਾਂ ਕਾਰਾਂ ਵਾਲੇ ਲੋਕਾਂ ਨੇ ਵੀ ਇਹ ਸਹੂਲਤ ਨੂੰ ਅਪਣਾਉਣ ਲਈ ਇਸ ਨੂੰ ਚੰਗਾ ਸਾਧਨ ਸਮਝਿਆ। ਪਰ ਹੁਣ ਇਸ ਵੇਲੇ ਹਾਲਾਤ ਇਹ ਬਣੇ ਪਏ ਹਨ ਕਿ ਮੇਘੋਵਾਲ ਗੰਜ਼ਿਆਂ, ਢੋਡੋਮਾਜ਼ਰਾ, ਰਹਿਸੀਵਾਲ, ਮੰਡਿਆਲਾਂ, ਖਾਨਪੁਰ ਥਿਆੜਾ ਆਦਿ ਤਕਰੀਬਨ ਦਰਜ਼ਨ ਦੇ ਕਰੀਬ ਪਿੰਡਾਂ ਵਿੱਚ ਨੈਟਵਰਕ ਦੀ ਸਪੀਡ ਨਾ-ਮਾਤਰ ਹੋਣ ਦੀ ਸਮੱਸਿਆ ਕਾਰਨ ਲੋਕ ਪ੍ਰੇਸ਼ਾਨੀ ਦੇ ਆਲਮ ਵਿੱਚ ਹਨ। ਲੋਕ ਵਾਈ ਫ਼ਾਈ ਕੁਨੈਕਸ਼ਨ ਲਗਵਾ ਕੇ ਆਪਣੇ ਆਪ ਨੂੰ ਫ਼ਸਿਆ ਮਹਿਸੂਸ ਕਰ ਰਹੇ ਹਨ, ਕਿਉਂਕਿ ਨਵਾਂ ਮੌਡਮ, ਸਕਿਊਰਟੀ ਚਾਰਜ਼ ਕੁਨੈਕਸ਼ਨ ਦੇ ਨਾਲ ਆਪਣੇ ਖਰਚੇ ਤੇ ਪਵਾਈਆਂ ਤਾਰਾਂ ਦੇ ਕਾਰਨ ਉਨ੍ਹਾਂ ਦਾ 4-5 ਹਜ਼ਾਰ ਦਾ ਖਰਚਾ ਆ ਚੁੱਕਾ ਹੈ। ਐਨਾ ਖਰਚਾ ਕਰਕੇ ਹੁਣ ਨਾ ਤਾਂ ਕੇਬਲ ਵਾਲਾ ਲੋਕਾਂ ਦੇ ਫ਼ੋਨ ਚੁੱਕਦਾ ਤੇ ਨਾ ਹੀ ਬੀ. ਐਸ. ਐਨ. ਐਨ. ਮਹਿਕਮੇ ਦੇ ਅਧਿਕਾਰੀ ਹੀ ਫ਼ੋਨ ਚੁੱਕਣ ਨੂੰ ਤਿਆਰ ਹਨ। ਲੋਕਾਂ ਨੇ ਕਿਹਾ ਕਿ ਵਿਭਾਗ ਦਾ ਐਕਸੀਅਨ ਤਾਂ ਉੱਕਾ ਹੀ ਕਿਸੇ ਦਾ ਫ਼ੋਨ ਚੁੱਕਣਾਂ ਮੁਨਾਸਫ਼ ਨਹੀਂ ਸਮਝਦਾ ਤੇ ਜੇ ਕੋਈ ਹੋਰ ਅਧਿਕਾਰੀ ਕਿੱਤੇ ਕਤਾਈ ਫ਼ੋਨ ਚੁੱਕਦਾ ਵੀ ਹੈ ਤਾਂ ਉਹ ਐਨਾ ਕਹਿ ਕੇ ਪੱਲਾ ਝਾੜ ਦਿੰਦਾ ਹੈ ਕਿ ਸਮੱਸਿਆ ਪਿੱਛੇ ਤੋਂ ਹੀ ਹੈ। ਲੋਕਾਂ ਨੇ ਕਿਹਾ ਕਿ ਇਸ ਦੇ ਨਾਲ ਜਿਥੇ ਸਾਡੇ ਕੰਮ ਕਾਰਾਂ ਤੇ ਵੱਡਾ ਫ਼ਰਕ ਪਿਆ, ਉਥੇ ਹੀ ਅਸੀਂ ਆਪਣੇ ਵਿਦੇਸ਼ ਬੈਠੇ ਰਿਸ਼ਤੇਦਾਰਾਂ ਨਾਲ ਗੱਲ ਕਰਨ ਤੋਂ ਵੀ ਔਖੇ ਹਾਂ। ਇਲਾਕਾ ਨਿਵਾਸੀ ਲੋਕਾਂ ਨੇ ਕਿਹਾ ਕਿ ਜੇਕਰ ਸਾਡੀ ਸਮੱਸਿਆ ਦਾ ਜਲਦੀ ਹੱਲ ਨਾ ਕੀਤਾ ਗਿਆ ਤਾਂ ਉਹ ਜੀ.ਐਮ. ਹੁਸ਼ਿਆਰਪੁਰ ਦੇ ਦਫ਼ਤਰ ਅੱਗੇ ਧਰਨਾ ਲਾਉਣਗੇ। ਹੋਵੇਗੀ।

## ਸਪੈਸ਼ਲ ਗਿਰਦਾਵਾਰੀਆਂ ਕਾਰਵਾਈਆਂ



**ਮਹਿਤਪੁਰ (ਰਾਜਾ)** ਪੰਜਾਬ ਸਰਕਾਰ ਵਲੋਂ ਕਣਕ ਦੇ ਸੀਜਨ ਮਾਰਚ 2023 ਵਿੱਚ ਭਾਰੀ ਬਾਰਿਸ਼ ਗੜੇਮਾਰੀ ਕਾਰਨ ਫਸਲਾਂ ਦੀ ਹੋਈ ਖਰਾਬੀ ਕਾਰਨ ਸਪੈਸ਼ਲ ਗਿਰਦਾਵਰੀਆਂ ਦੇ ਹੁਕਮਾਂ ਨੂੰ ਲਾਗੂ ਕਰਵਾਉਂਦਿਆਂ ਡਿਪਟੀ ਕਮਿਸ਼ਨਰ ਜਲੰਧਰ ਦੀਆਂ ਹਦਾਇਤਾਂ 'ਤੇ ਸਬ ਤਹਿਸੀਲ ਮਹਿਤਪੁਰ ਦੇ ਨਾਇਬ ਤਹਿਸੀਲਦਾਰ ਕੁਲਵਿੰਦਰ ਸਿੰਘ ਨੇ ਪਟਵਾਰੀ ਵਰਿੰਦਰ ਕੁਮਾਰ ਦੀ ਡਿਊਟੀ ਲਗਾਈ ਜਿਸ 'ਤੇ ਅਮਲ ਕਰਦਿਆਂ ਪਟਵਾਰੀ ਵਰਿੰਦਰ ਕੁਮਾਰ ਨੇ ਪਿੰਡ ਅਵਾਨ ਖਾਲਸਾ, ਉਮਰੇਵਾਲ ਤੇ ਕਾਇਮਵਾਲਾ ਵਿੱਚ ਸਪੈਸ਼ਲ ਗਿਰਦਾਵਾਰੀਆਂ ਕੀਤੀਆਂ। ਇਸ ਮੌਕੇ ਤਰਸੇਮ ਸਿੰਘ ਨੰਬਰਦਾਰ ਅਵਾਨ ਖਾਲਸਾ, ਸਾਬਕਾ ਸਰਪੰਚ ਲਖਵਿੰਦਰ ਸਿੰਘ ਉਮਰੇਵਾਲ, ਸਵਰਨ ਸਿੰਘ ਚੌਂਕੀਦਾਰ, ਮਹਿੰਦਰ ਸਿੰਘ ਸਰਪੰਚ ਬੂਟੇ ਦੀਆਂ ਛੰਨਾ ਅਤੇ ਹੋਰ ਮੋਹਤਬਰ ਵਿਅਕਤੀ ਹਾਜ਼ਰ ਸਨ ।

## ਸਰਕਾਰ ਫਸਲਾਂ ਦੇ ਖਰਾਬੇ ਤੋਂ ਪੀੜਤ ਕਿਸਾਨਾਂ ਦੀ ਜਲਦ ਤੋਂ ਜਲਦ ਸਾਰ ਲਵੇ : ਤਲਵਿੰਦਰ ਹੀਰ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)** ਪਹਿਲਾਂ ਤੋਂ ਹੀ ਕੁਦਰਤੀ ਕਰੋਪੀਆਂ ਤੇ ਸਰਕਾਰਾਂ ਦੀਆਂ ਨੀਤੀਆਂ ਦੀਆਂ ਮਾਰਾਂ ਤੋਂ ਪ੍ਰੇਸ਼ਾਨ ਕਿਸਾਨਾਂ ਨੂੰ ਇਸ ਵਾਰ ਬੇਮੌਸਮੀ ਬਰਸਾਤ ਨੇ ਫਸਲਾਂ ਖਰਾਬ ਕਰਕੇ ਬਹੁਤ ਵੱਡੇ ਘਾਟੇ ਤੇ ਪ੍ਰੇਸ਼ਾਨੀ 'ਚ ਪਾ ਦਿੱਤਾ ਹੈ। ਕਣਕ ਦੀ ਪੱਕੀ ਪਕਾਈ ਫਸਲ ਢਹਿ ਢੇਰੀ ਹੋਣ ਕਾਰਨ ਬਰਬਾਦ ਹੋ ਗਈ ਹੈ। ਫਸਲਾਂ ਦੇ ਖਰਾਬੇ ਤੋਂ ਪੀੜ੍ਹਤ ਕਿਸਾਨਾਂ ਵੱਲੋਂ ਹਰ ਰੋਜ ਆਪੋ ਆਪਣੇ ਪਿੰਡਾਂ 'ਚ ਗਿਰਦਾਵਰੀ ਕਰਨ ਆਉਣ ਵਾਲੇ ਪਟਵਾਰੀਆਂ ਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦਾ ਬੇਸਬਰੀ ਨਾਲ ਇੰਤਜਾਰ ਕੀਤਾ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜਿਲ੍ਹਾ ਪ੍ਰਚਾਰ ਸਕੱਤਰ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਕੀਤਾ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੀਆਂ ਸਮਰੱਥਕ ਯੂਨੀਅਨਾਂ ਵਲੋਂ ਕੁਝ ਦਿਨ ਪਹਿਲਾਂ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੂੰ ਫਸਲਾਂ ਦੇ ਖਰਾਬੇ ਤੋਂ ਪੀੜ੍ਹਤ ਕਿਸਾਨਾਂ ਦੀਆਂ ਮੰਗਾਂ ਬਾਰੇ ਮੰਗ ਪੱਤਰ ਦਿੱਤਾ ਗਿਆ ਸੀ। ਫਿਰ ਵੀ ਅਜੇ ਤੱਕ ਕਿਧਰੇ ਵੀ ਕੋਈ ਭਰੋਸੇਯੋਗ ਕਾਰਵਾਈ ਹੁੰਦੀ ਨਜ਼ਰ ਨਹੀਂ ਆਉਂਦੀ। ਬਲਾਕ ਮਾਹਿਲਪੁਰ ਦੇ ਪਿੰਡ ਸੇਰਪੁਰ ਦੇ ਕਿਸਾਨਾਂ ਸਤਨਾਮ ਸਿੰਘ ਤੇ ਹਰਮਿੰਦਰ ਸਿੰਘ ਅਤੇ ਪਿੰਡ ਭੁੱਲੇਵਾਲ ਗੁੱਜਰਾਂ ਦੇ ਗੁਰਦੀਪ ਸਿੰਘ ਨੇ ਆਪਣੀਆਂ ਖਰਾਬ ਹੋਈਆਂ ਫਸਲਾਂ ਦਾ ਹਾਲ ਦਿਖਾਇਆ ਤੇ ਸਰਕਾਰ ਵਲੋਂ ਸਾਰ ਨਾ ਲੈਣ ਸਬੰਧੀ ਰੋਸ ਪ੍ਰਗਟਾਇਆ ਤੇ ਜਲਦ ਜਲਦ ਤੋਂ ਮੁਆਵਾਜਾ ਦਿਵਾਉਣ ਲਈ ਸੂਬਾ ਪੱਧਰੀ ਸੰਘਰਸ਼ ਦੀ ਅਗਵਾਈ ਕਰਨ ਕਿਸਾਨ ਯੂਨੀਅਨ ਨੂੰ ਅਗਵਾਈ ਕਰਨ ਲਈ ਜੋਰ ਪਾਇਆ। ਇਸ ਮੌਕੇ ਤੇ ਫਸਲਾਂ ਦੇ ਖਰਾਬੇ ਤੋਂ ਪੀੜ੍ਹਤ ਕਿਸਾਨਾਂ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚੇ ਦੇ ਸਮੱਰਥਕਾਂ ਚੋਂ ਗੁਰਮਿੰਦਰ ਕੈਂਡੋਵਾਲ, ਪਰਮਿੰਦਰ ਪਿੰਦਾ, ਜਸਵਿੰਦਰ ਸਿੰਘ ਬੰਗਾ,ਮਨੀ ਬਿਹਾਲਾ,ਜਸਵੀਰ ਸੀਰਾ ਸੋਨਾ, ਜੁਝਾਰ ਸਿੰਘ ਮਹਿਨਾ, ਮਲਕੀਤ ਸਿੰਘ ਬਾਹੋਵਾਲ, ਵਿੱਕੀ ਕਹਾਰਪੁਰ, ਖੁਸਵੰਤ ਬੈਂਸ, ਯੋਧਾ ਬਰਾੜ, ਦੀਪਾ ਮਾਹਿਲਪੁਰ, ਇਕਬਾਲ ਸਿੰਘ ਪਾਲੀ, ਪਵਿੱਤਰ ਸਿੰਘ, ਤਾਰੀ ਬੂੜੋ ਬਾੜੀਆ ਸਮੇਤ ਵੱਡੀ ਗਿਣਤੀ ਵਿੱਚ ਫਸਲਾਂ ਦੇ ਖਰਾਬੇ ਤੋਂ ਪੀੜ੍ਹਤ ਕਿਸਾਨ ਤੇ ਇਲਾਕਾ ਨਿਵਾਸੀ ਹਾਜ਼ਰ ਸਨ।

## ਐੱਸ ਡੀ ਐੱਮ ਨੇ ਲਿਆ ਫਸਲਾਂ ਦੇ ਨੁਕਸਾਨ ਦਾ ਜਾਇਜ਼ਾ



**ਅੱਡਾ ਸਰਾਂ , (ਕਾਜਲ)**-ਐੱਸ. ਡੀ. ਐੱਮ. ਦਸੂਹਾ ਓਜਸਵੀ ਆਈ. ਏ. ਐੱਸ. ਵੱਲੋਂ ਬੇਮੌਸਮੀ ਬਰਸਾਤ ਅਤੇ ਗੜ੍ਹੇਮਾਰੀ ਨਾਲ ਪ੍ਰਭਾਵਿਤ ਹੋਏ ਕਣਕ ਦੀ ਫਸਲ ਦੇ ਨੁਕਸਾਨ ਦਾ ਜਾਇਜਾ ਲੈਣ ਲਈ ਪਿੰਡ ਮਸੀਤਪਲ ਕੋਟ,ਕੰਧਾਲੀ ਨਰੰਗਪੁਰ ਇਲਾਕੇ ਦਾ ਦੌਰਾ ਕੀਤਾ ਤੇ ਢੁੱਕਵੇਂ ਮੁਆਵਜੇ ਲਈ ਮਾਲ ਵਿਭਾਗ ਅਤੇ ਖੇਤੀਬਾੜੀ ਵਿਭਾਗ ਵੱਲੋਂ ਕੀਤੀ ਜਾ ਰਹੀ ਸਪੈਸਲ ਗਿਰਦਾਵਰੀ ਦੇ ਕੰਮ ਦੀ ਮੌਕੇ 'ਤੇ ਜਾ ਕੇ ਪੜਤਾਲ ਕੀਤੀ । ਉਨ੍ਹਾਂ ਇਸ ਦੌਰਾਨ ਪ੍ਰਭਾਵਿਤ ਕਿਸਾਨਾਂ ਕੋਲੋਂ ਨੁਕਸਾਨ ਅਤੇ ਮਹਿਕਮੇ ਦੇ ਕਰਮਚਾਰੀਆਂ ਵੱਲੋਂ ਕੀਤੇ ਜਾ ਰਹੇ ਸਰਵੇ ਦੇ ਕੰਮ ਪ੍ਰਤੀ ਫੀਡ ਬੈਕ ਹਾਸਲ ਕੀਤੀ। ਐੱਸ. ਡੀ. ਐੱਮ. ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਇਸ ਕੁਦਰਤੀ ਆਫਤ ਨਾਲ ਹੋਏ ਨੁਕਸਾਨ ਦਾ ਢੁਕਵਾਂ ਮੁਆਵਜਾ ਜਲਦ ਤੋਂ ਜਲਦ ਦੇਣ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਜਲਦ ਗਿਰਦਾਵਰੀ ਦਾ ਕੰਮ ਮੁਕੰਮਲ ਕਰਕੇ ਕਿਸਾਨਾਂ ਨੂੰ ਉਚਿਤ ਮੁਆਵਜਾ ਦਿੱਤਾ ਜਾਵੇਗਾ। ਇਸ ਮੌਕੇ ਨੰਬਰਦਾਰ ਹਰਜੀਤ ਸਿੰਘ, ਗੁਰਦੇਵ ਸਿੰਘ, ਕਮਲਜੀਤ ਸਿੰਘ, ਪਟਵਾਰੀ ਰਾਕੇਸ਼ ਸਾਗਰ, ਹਰਵਿੰਦਰ ਸਿੰਘ,ਦੀਪ ਸਿੰਘ, ਹਰਭਜਨ ਸਿੰਘ,ਜਸਵਿੰਦਰ ਸਿੰਘ,ਅਵਤਾਰ ਸਿੰਘ ਅਤੇ ਦਲਜੀਤ ਸਿੰਘ ਆਦਿ ਮੌਜੂਦ ਸਨ।

## ਸੀ ਪੀ ਐੱਮ ਜ਼ਿਮਨੀ ਚੋਣ ਲਈ ਨਿਰਣਈ ਰੋਲ ਅਦਾ ਕਰਨ ਦੇ ਯੋਗ : ਸੇਖੋਂ



**ਰੋਪੜ (ਬਿੰਦਰਾ )** 'ਸੀ ਪੀ ਆਈ ਐਮ ਜਲੰਧਰ ਦੀ ਉਪ ਚੋਣ ਲਈ ਨਿਰਣਈ ਰੋਲ ਅਦਾ ਕਰਨ ਦੇ ਯੋਗ ਹੈ।' ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਸੂਬਾ ਸਕੱਤਰ ਮਾਰਕਸਵਾਦੀ ਪਾਰਟੀ ਨੇ ਕਲਗੀਧਰ ਕੰਨਿਆ ਪਾਠਸ਼ਾਲਾ ਵਿਚ ਰੱਖੀ ਹਿੰਦ ਕਮਿਊਨਿਸਟ ਪਾਰਟੀ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਕੋਲ ਇਹ ਪ੍ਰਗਟਾਵਾ ਕਰਦਿਆਂਆਖਿਆ ਕਿ ਪੰਜਾਬ ਦੇ ਮਾਹੌਲ ਨੂੰ ਜਾਣਬੁੱਝ ਕੇ ਖਰਾਬ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਬਿਲਕੁਲ ਅਮਨ ਸ਼ਾਂਤੀ ਹੈ,ਪਰ ਬੀ ਐਸ ਐਫ ਤੇ ਹੋਰ ਅਰਧ ਸੈਨਿਕ ਬਲਾਂ ਨਾਲ ਦਰਸਾਇਆ ਜਾ ਰਿਹਾ ਹੈ ਕਿ ਪੰਜਾਬ ਦੇ ਹਾਲਾਤ ਖਰਾਬ ਹਨ। ਪੰਜਾਬ ਦਾ ਮਾਹੌਲ ਖਰਾਬ ਦਿਖਾ ਕੇ ਭਾਜਪਾ ਦੂਜੇ ਸੂਬਿਆਂ ਦੇ ਲੋਕਾਂ ਨੂੰ ਡਰਾ ਰਹੀ ਹੈ ਅਤੇ ਦਹਿਸ਼ਤ ਦਾ ਮਾਹੌਲ ਬਣਾ ਕੇ ਦੂਜੇ ਸੂਬਿਆਂ ਵਿਚ ਵੋਟਾਂ ਬਟੋਰਨ ਦੀ ਸਿਆਸੀ ਚਾਲ ਚਲ ਰਹੀ ਹੈ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਨੇ ਕਿਹਾ ਸੀ ਕਿ ਚੋਣਾਂ ਤੋਂ ਪਹਿਲਾਂ ਭਾਜਪਾ ਦੇਸ਼ ਅੰਦਰ ਫਿਰਕੂ ਨਫਰਤ ਦਾ ਮਾਹੌਲ ਪੈਦਾ ਕਰ ਸਕਦੀ ਹੈ। ਪੰਜਾਬ ਦਾ ਮਾਹੌਲ ਬਿਲਕੁਲ ਠੀਕ ਹੈ ਅਤੇ ਹਰ ਕੋਈ ਮਿਲਜੁਲ ਕੇ ਰਹਿ ਰਿਹਾ ਹੈ। ਕਿਧਰੇ ਡਰ ਭੈਅ ਨਹੀਂ ਦਿਖ ਰਿਹਾ ਪਰ ਪੰਜਾਬ ਅਤੇ ਕੇਂਦਰ ਦੀ ਸਰਕਾਰ ਇਥੋਂ ਦੇ ਲੋਕਾਂ ਦੀ ਭਾਈਚਾਰਕ ਸਾਂਝ ਖਤਮ ਕਰਨ 'ਤੇ ਤੁਲੀ ਹੋਈ ਹੈ। ਪਰ ਪੰਜਾਬ ਦੇ ਵਾਸੀ ਕਿਸੇ ਦੀ ਚਾਲ ਨੂੰ ਕਾਮਯਾਬ ਨਹੀਂ ਹੋਣ ਦੇਣਗੇ। ਉਨ੍ਹਾਂ ਨੇ ਫਸਲ ਖਰਾਬੀ ਲਈ ਮੁਆਵਜਾ 50 ਹਜਾਰ ਰੁਪਏ ਏਕੜ ਦੇਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਪਟਵਾਰੀਆਂ ਦੀ ਘਾਟ ਕਾਰਨ ਗਿਰਦਾਵਰੀ ਨਹੀਂ ਹੋ ਰਹੀ, ਉਨ੍ਹਾਂ ਨੂੰ ਉਚਿਤ ਮੇਹਨਤਾਨਾ ਦੇ ਕੇ ਰਿਟਾਇਰ ਪਟਵਾਰੀਆਂ ਤੋਂ ਗਿਰਦਾਵਰੀ ਕਰਵਾਉਣ ਲਈ ਕਿਹਾ ਤਾਂ ਜੋ ਕਿਸਾਨਾਂ ਨੂੰ ਛੇਤੀ ਮੁਆਵਜਾ ਦਿੱਤਾ ਜਾ ਸਕੇ। ਇਸ ਤੋਂ ਪਹਿਲਾਂ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਪਵਨ ਕੁਮਾਰ ਚੱਕ ਕਰਮਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਸੂਬਾਈ ਸਕੱਤਰੇਤ ਮੈਂਬਰ ਬਲਬੀਰ ਸਿੰਘ ਜਾਡਲਾ, ਸੁਖਦਰਸ਼ਨ ਸਿੰਘ ਖੁਆਸਪੁਰਾ, ਸੁਰਜੀਤ ਸਿੰਘ ਢੇਰ,ਗੀਤਾ ਰਾਮ,ਪ੍ਰੇਮ ਸਿੰਘ ਜਟਪੁਰ,ਮਹਿੰਦਰ ਸਿੰਘ ਸੰਗਤਪੁਰ,ਦਲੀਪ ਸਿੰਘ ਘਨੌਲਾ, ਗੁਰਦੇਵ ਸਿੰਘ ਬਾਗੀ,ਕਰਨੈਲ ਸਿੰਘ ਬਜਰੂੜ, ਸਤਿਨਾਮ ਸਿੰਘ ਨੰਗਲ ਜ਼ਿਲ੍ਹਾ ਕਮੇਟੀ ਮੈਂਬਰ ਸਾਮਲ ਹੋਏ।

## ਮੂਲ ਸਿੱਖ ਇਤਿਹਾਸ 'ਤੇ ਛਪੀਆਂ ਗਲਤ ਕਿਤਾਬਾਂ ਵਾਪਸ ਲਈਆਂ ਜਾਣ : ਬੀਬਾ ਰਾਜੂ

**ਜਲੰਧਰ (ਸੁਰਿੰਦਰ ਕੁਮਾਰ)**-ਕੇਂਦਰ ਸਰਕਾਰ ਦੇ ਅਦਾਰੇ ਨੈਸ਼ਨਲ ਕੌਂਸਲ ਆਫ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ (ਐਨ.ਸੀ.ਈ.ਆਰ.ਟੀ.) ਵੱਲੋਂ ਸਕੂਲੀ ਪਾਠ ਪੁਸਤਕਾਂ ਵਿੱਚ ਕੀਤੀਆਂ ਬੇਅਸੂਲੀ ਤਬਦੀਲੀਆਂ ਦੀ ਸਖਤ ਆਲੋਚਨਾ ਕਰਦਿਆਂ ਮਹਿਲਾ ਕਿਸਾਨ ਯੂਨੀਅਨ ਨੇ ਦੋਸ਼ ਲਾਇਆ ਹੈ ਕਿ ਸੱਜੇ ਪੱਖੀ ਸੰਘ ਦੇ ਇਸ਼ਾਰੇ 'ਤੇ ਭਾਰਤੀ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾਣਾ ਸੰਵਿਧਾਨਕ ਮਰਿਆਦਾ ਦੇ ਖਿਲਾਫ ਹੈ ਅਤੇ ਇਸ ਨਾਲ ਵੰਡਪਾਊ ਅਤੇ ਪੱਖਪਾਤੀ ਏਜੰਡੇ ਦਾ ਪਰਦਾਫਾਸ਼ ਹੋਇਆ ਹੈ ਜਿਸ ਨੂੰ ਤੁਰੰਤ ਵਾਪਸ ਲਿਆ ਜਾਵੇ ਅਤੇ ਸਿਲੇਬਸ ਨੂੰ ਮੁੜ ਸੁਧਾਰਿਆ ਜਾਵੇ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰਾ ਪ੍ਰਧਾਨ ਦੋਵਾਂ ਸੱਜੇ ਪੱਖੀ ਨੇਤਾਵਾਂ ਨੂੰ ਭਾਰਤੀ ਇਤਿਹਾਸ, ਰਾਜਨੀਤੀ ਸਾਸਤਰ ਅਤੇ ਨਾਗਰਿਕ ਸ਼ਾਸਤਰ ਦੀਆਂ ਪਾਠ ਪੁਸਤਕਾਂ ਨੂੰ ਤੋੜ-ਮਰੋੜ ਕੇ ਪ੍ਰਕਾਸ਼ਿਤ ਕਰਨ ਲਈ ਜ਼ਿੰਮੇਵਾਰ ਠਹਿਰਾਉਂਦੇ ਹੋਏ ਮਹਿਲਾ ਕਿਸਾਨ ਯੂਨੀਅਨ ਦੀ ਪ੍ਰਧਾਨ ਬੀਬਾ ਰਾਜਵਿੰਦਰ ਕੌਰ ਰਾਜੂ ਨੇ ਇਕ ਸਖਤ ਬਿਆਨ ਵਿਚ ਕਿਹਾ ਹੈ ਕਿ ਮਤਾ ਸ੍ਰੀ ਆਨੰਦਪੁਰ ਸਾਹਿਬ 1973 ਰਾਹੀਂ ਕਦੇ ਵੀ ਵੱਖਰੇ ਮੁਲਕ ਦੀ ਮੰਗ ਨਹੀਂ ਕੀਤੀ ਗਈ ਜਿਵੇਂ ਕਿ 12ਵੀਂ ਜਮਾਤ ਦੀ ਐਨ.ਸੀ.ਈ.ਆਰ.ਟੀ. ਦੀ ਪਾਠ ਪੁਸਤਕ ਵਿੱਚ ਲਿਖਿਆ ਹੈ ਜਿਸ ਨੇ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਵੱਡੀ ਠੇਸ ਪਹੁੰਚਾਈ ਹੈ। ਕੇਂਦਰ ਸਰਕਾਰ ਨੂੰ ਜੋਰਦਾਰ ਅਪੀਲ ਕਰਦਿਆਂ ਕਿਸਾਨ ਆਗੂ ਨੇ ਮੰਗ ਕੀਤੀ ਕਿ ਇਤਿਹਾਸ, ਰਾਜਨੀਤੀ ਸਾਸਤਰ ਅਤੇ ਨਾਗਰਿਕ ਸਾਸਤਰ ਦੀਆਂ ਬਦਲੀਆਂ ਸਕੂਲੀ ਪਾਠ-ਪੁਸਤਕਾਂ ਨੂੰ ਤੁਰੰਤ ਵਾਪਸ ਲਿਆ ਜਾਵੇ ਅਤੇ ਸਿੱਖਾਂ ਅਤੇ ਪੰਜਾਬ ਦੇ ਸਹੀ ਇਤਿਹਾਸ ਨੂੰ ਧਿਆਨ ਵਿੱਚ ਰੱਖਦਿਆਂ ਸਿਲੇਬਸ ਦੀਆਂ ਕਿਤਾਬਾਂ ਨੂੰ ਮੁੜ ਲਿਖਿਆ ਜਾਵੇ ਤਾਂ ਜੋ ਸਕੂਲੀ ਬੱਚੇ ਪ੍ਰਮਾਣਿਕ ਭਾਰਤੀ ਇਤਿਹਾਸ ਅਤੇ ਖਾਸ ਕਰਕੇ ਸਿੱਖ ਰਾਜਨੀਤੀ ਬਾਰੇ ਸਹੀ ਪੜ੍ਹ ਸਕਣ ਕਿਉਂਕਿ ਵਡਮੁੱਲੇ ਸਿੱਖ ਇਤਿਹਾਸ ਨੂੰ ਇੱਕ ਵੱਖਰੇ ਧਰਮ, ਵੱਖਰੀ ਕੌਮ ਅਤੇ ਇੱਕ ਸੁਧਾਰਵਾਦੀ ਲਹਿਰ ਦੇ ਰੂਪ ਵਿੱਚ ਇੱਕ ਉਚਿਤ ਸਥਾਨ ਪ੍ਰਾਪਤ ਹੈ। ਸੰਘੀ ਭਾਰਤ ਵਿੱਚ ਬਹੁਮੰਤਵੀ ਤੇ ਤਾਲਮੇਲਕ ਕੇਂਦਰ-ਰਾਜ ਸਬੰਧਾਂ ਦੀ ਸਥਾਪਨਾ ਲਈ ਦੇਸ਼ ਵਿਆਪੀ ਮੰਗਾਂ ਨੂੰ ਜਾਇਜ ਠਹਿਰਾਉਂਦੇ ਹੋਏ, ਬੀਬਾ ਰਾਜੂ ਨੇ ਕਿਹਾ ਕਿ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਨੂੰ ਸੰਸਦ ਦੁਆਰਾ ਸਮਰਥਨ ਕੀਤੇ ਰਾਜੀਵ-ਲੌਂਗੋਵਾਲ ਸਮਝੌਤੇ ਵਿੱਚ ਜਾਇਜ ਪ੍ਰਵਾਨਿਆ ਗਿਆ ਸੀ ਅਤੇ ਇਸ ਮਤੇ ਨੂੰ ਉਸ ਸਮੇਂ ਦੇ ਸਰਕਾਰੀਆ ਕਮਿਸ਼ਨ ਕੋਲ ਵੀ ਭੇਜਿਆ ਗਿਆ ਸੀ ਜਿਸ ਨੇ ਇਸ ਮਤੇ ਦੇ ਸੰਦਰਭ ਵਿੱਚ ਸੰਸਦ ਨੂੰ ਆਪਣੀਆਂ ਸਿਫਾਰਸ਼ਾਂ ਕੀਤੀਆਂ ਅਤੇ ਉਨਾਂ ਨੂੰ ਭਾਰਤ ਸਰਕਾਰ ਦੁਆਰਾ ਸਵੀਕਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਗਵਾ ਦਲਾਂ ਵੱਲੋਂ ਜਾਣਬੁੱਝ ਕੇ ਸਿੱਖਾਂ ਨੂੰ ਵੱਖਵਾਦੀ ਵਜੋਂ ਪੇਸ ਕਰਨਾ ਸਰਾਸਰ ਡੂੰਘੀ ਸ਼ਰਾਰਤ ਹੈ ਜਿਸ ਨੂੰ ਕਦਾਚਿਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮਹਿਲਾ ਕਿਸਾਨ ਯੂਨੀਅਨ ਨੇ ਭਾਰਤੀ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਲਈ ਸਰਕਾਰ ਵੱਲੋਂ ਚੁਣੇ ਗਏ ਮਨਚਾਹੇ ਲੇਖਕਾਂ ਦੀ ਅਯੋਗਤਾ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਮਹਿਲਾ ਨੇਤਾ ਨੇ ਕਿਹਾ ਕਿ ਮਹਾਨ ਮਹਾਰਾਜਾ ਰਣਜੀਤ ਸਿੰਘ ਨਾਲ ਵੀ ਪਾਠ ਪੁਸਤਕਾਂ ਵਿੱਚ ਘੋਰ ਅਨਿਆਂ ਕੀਤਾ ਗਿਆ ਹੈ। ਉਨ੍ਹਾਂ ਆਮ ਵਾਂਗ ਇਸ ਅਹਿਮ ਮੁੱਦੇ ਉਤੇ ਵੀ ਕੌਮੀ ਘੱਟ ਗਿਣਤੀ ਕਮਿਸ਼ਨ ਦੀ ਸਾਜ਼ਿਸ਼ੀ ਚੁੱਪ ਦੀ ਨਿਖੇਧੀ ਕਰਦਿਆਂ ਉਸ ਨੂੰ ਸੱਜੇ ਪੱਖੀਆਂ ਦੀ ਇੱਕ ਕਠਪੁਤਲੀ ਸੰਸਥਾ ਕਰਾਰ ਦਿੰਦਿਆਂ, ਮਹਿਲਾ ਕਿਸਾਨ ਆਗੂ ਨੇ ਅਫਸੋਸ ਪ੍ਰਗਟਾਇਆ ਕਿ ਸਿੱਖ ਕਾਲ, ਸਤਿਕਾਰਤ ਗੁਰੂ ਸਾਹਿਬਾਨ, ਮਹਾਰਾਜਾ ਰਣਜੀਤ ਸਿੰਘ ਅਤੇ ਬਾਬਾ ਬੰਦਾ ਸਿੰਘ ਬਹਾਦਰ ਸਮੇਤ ਸਿੱਖ ਰਾਜ, ਸਿੱਖ ਕਾਲ ਅਤੇ ਆਜਾਦੀ ਦੀ ਲਹਿਰ ਵਿੱਚ ਸਿੱਖਾਂ ਦੀ ਲਾਮਿਸਾਲ ਭੂਮਿਕਾ ਨਾਲ ਸਕੂਲੀ ਸਿਲੇਬਸ ਵਿੱਚ ਵਿਸ਼ੇਸ਼ ਤੌਰ 'ਤੇ ਅਤਿ ਮਾੜਾ ਸਲੂਕ ਕੀਤਾ ਗਿਆ ਹੈ।

ਬੀਬਾ ਰਾਜੂ ਨੇ ਇਸ ਸ਼ਰਾਰਤ ਨੂੰ ਰਾਸ਼ਟਰੀ ਏਕਤਾ ਨੂੰ ਕਮਜ਼ੋਰ ਕਰਨ ਵਾਲੀ ਮੋਦੀ ਦੀ ਅਗਵਾਈ ਹੇਠਲੀ ਭਾਜਪਾ ਸਰਕਾਰ ਦੁਆਰਾ ਕੀਤੀ ਗਈ ਇੱਕ ਹੋਰ ਵੱਡੀ ਭੁੱਲ ਕਰਾਰ ਦਿੱਤਾ ਅਤੇ ਕਿਸਾਨ ਆਗੂ ਨੇ ਸਾਰੇ ਸਿੱਖਿਆ ਸ਼ਾਸਤਰੀਆਂ ਅਤੇ ਇਤਿਹਾਸਕਾਰਾਂ ਨੂੰ ਏਕਾਅਧਿਕਾਰ ਅਤੇ ਤਾਨਾਸ਼ਾਹੀ ਹਕੂਮਤ ਦੇ ਵਿਰੁੱਧ ਇਕਜੁੱਟ ਹੋਣ ਲਈ ਕਿਹਾ ਜਿਸ ਨਾਲ ਸੱਜੇ ਪੱਖੀ ਲੋਕਾਂ ਨੂੰ ਪਾਠ ਪੁਸਤਕਾਂ ਵਾਪਸ ਲੈਣ ਅਤੇ ਇਹਨਾਂ ਤਬਦੀਲੀਆਂ ਵਿੱਚ ਸੋਧ ਕਰਨ ਲਈ ਮਜਬੂਰ ਕੀਤਾ ਜਾ ਸਕੇ।

ਮਹਿਲਾ ਕਿਸਾਨ ਆਗੂ ਨੇ ਪੰਜਾਬ ਸਰਕਾਰ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਅਤੇ ਚੀਫ ਖਾਲਸਾ ਦੀਵਾਨ ਨੂੰ ਅਪੀਲ ਕੀਤੀ ਹੈ ਕਿ ਉਹ ਐਨ.ਸੀ.ਈ.ਆਰ.ਟੀ. ਦੀ ਅਗਵਾਈ ਵਾਲੀਆਂ 'ਭਗਵਾਕ੍ਰਿਤ ਕਿਤਾਬਾਂ' ਦੀ ਵਰਤੋਂ ਨਾ ਕਰਨ ਸਗੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ ਪੁਸਤਕਾਂ ਨੂੰ ਹੀ ਸੂਬੇ ਦੇ ਹਰ ਤਰਾਂ ਦੇ ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਾਉਣ।

## 2 ਐੱਸ ਐੱਮ ਓ ਤੇ 3 ਹੋਰ ਸਿਹਤ ਕਰਮੀਆਂ ਨੂੰ ਸੰਮਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸਾਲ 2022 ਦੇ ਨਵੰਬਰ ਮਹੀਨੇ ਸਿਵਲ ਹਸਪਤਾਲ ਹੁਸ਼ਿਆਰਪੁਰ ਵਿੱਚ ਸਿਹਤ ਅਧਿਕਾਰੀਆਂ ਦਾ ਪੱਤਰਕਾਰਾਂ ਨਾਲ ਹੋਇਆ ਵਿਵਾਦ ਇੱਕ ਵਾਰ ਫਿਰ ਉੱਭਰ ਕੇ ਸਾਹਮਣੇ ਆ ਗਿਆ ਜਦੋਂ ਇਸ ਮਾਮਲੇ ਵਿੱਚ ਮਾਣਯੋਗ ਅਦਾਲਤ ਵੱਲੋਂ ਪੱਤਰਕਾਰਾਂ ਦੀ ਸ਼ਿਕਾਇਤ 'ਤੇ ਸਿਵਲ ਹਸਪਤਾਲ ਹੁਸ਼ਿਆਰਪੁਰ ਦੀ ਮਹਿਲਾ ਐੱਸ.ਐੱਮ.ਓ. ਸਮੇਤ ਪੰਜ ਸਿਹਤ ਕਰਮਚਾਰੀਆਂ ਨੂੰ ਮਾਣਹਾਨੀ ਮਾਮਲੇ ਵਿੱਚ ਸੰਮਨ ਜਾਰੀ ਕੀਤੇ। ਪੀੜਤ ਪੱਤਰਕਾਰ ਤਰਸੇਮ ਦੀਵਾਨਾ ਨੇ ਦੱਸਿਆ ਕਿ ਅਦਾਲਤ ਵੱਲੋਂ ਸਿਵਲ ਹਸਪਤਾਲ ਹੁਸ਼ਿਆਰਪੁਰ ਦੀ ਇੰਚਾਰਜ ਐੱਸ.ਐੱਮ.ਓ. ਡਾ. ਸਵਾਤੀ, ਡਾ. ਸੁਨੀਲ ਭਗਤ, ਡਾ. ਨਵਜੋਤ ਸਿੰਘ ਸਰਜੀਕਲ ਸਪੈਸ਼ਲਿਸ਼ਟ, ਸਟਾਫ ਨਰਸ ਗੁਰਜੀਤ ਕੌਰ ਸੈਣੀ, ਆਕਸੀਜਨ ਵਿਭਾਗ ਦੇ ਸਚਿਨ ਖਿਲਾਫ ਸੰਮਨ ਜਾਰੀ ਕੀਤੇ ਗਏ ਹਨ। ਇਸ ਤੋਂ ਇਲਾਵਾ ਉਕਤ ਖਿਲਾਫ ਵੱਖਰੇ ਤੌਰ 'ਤੇ ਕ੍ਰਿਮੀਨਲ ਕੰਪਲੇਂਟ ਵੀ ਦਾਇਰ ਕੀਤੀ ਗਈ ਹੈ ਜੋ ਕਿ ਅਦਾਲਤ ਦੇ ਵਿਚਾਰ ਅਧੀਨ ਹੈ।

## ਪਾਣੀ ਪੀਣ ਆ ਰਹੇ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰ ਰਹੇ ਨੇ ਖੂੰਖਾਰ ਕੁੱਤੇ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**-ਜੰਗਲੀ ਖੇਤਰ ਨਾਲ ਪੈਂਦੇ ਪਿੰਡ ਬਸਾਲੀ ਸਥਿਤ ਇਕ ਪੁਰਾਤਨ ਤਲਾਬ 'ਤੇ ਪਾਣੀ ਪੀਣ ਪਹੁੰਚ ਰਹੇ ਜੰਗਲੀ ਜੀਵਾਂ ਦਾ ਰੋਜ਼ਾਨਾ ਖੂੰਖਾਰ ਕੁੱਤਿਆਂ ਵੱਲੋਂ ਸ਼ਿਕਾਰ ਕੀਤਾ ਜਾ ਰਿਹਾ ਹੈ। ਇਨਾਂ ਜੰਗਲੀ ਜੀਵਾਂ 'ਚ ਜ਼ਿਆਦਾ ਰਾਸ਼ਟਰੀ ਪੰਛੀ ਮੋਰ, ਸੂਰ ਤੇ ਸਾਂਵਰ ਸ਼ਾਮਲ ਹਨ। ਜਿਸ ਕਾਰਨ ਪਿੰਡ ਵਾਸੀ ਤਲਾਬ ਲਾਗੇ ਖੇਡਦੇ ਆਪਣੇ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਖੌਫਜਦਾ ਹਨ। ਜ਼ਿਕਰਯੋਗ ਹੈ ਕਿ ਪਿੰਡ ਬਸਾਲੀ ਸਥਿਤ ਸ਼ਿਵ ਕਾਲੀ ਗਊਸ਼ਾਲਾ ਦੇ ਲਾਗੇ ਆਬਾਦੀ 'ਚ ਇਕ ਪੁਰਾਤਨ ਤਲਾਬ ਸਥਿਤ ਹੈ। ਇਸ ਤਲਾਬ 'ਤੇ ਰੋਜ਼ਾਨਾ ਸਵੇਰੇ-ਸ਼ਾਮ ਸਮੇਂ ਜੰਗਲੀ ਜੀਵ ਪਾਣੀ ਪੀਣ ਲਈ ਆਉਂਦੇ ਹਨ। ਇਨਾਂ ਜਾਨਵਰਾਂ 'ਚ ਜ਼ਿਆਦਾਤਰ ਰਾਸ਼ਟਰੀ ਪੰਛੀ ਮੋਰ, ਸੂਰ ਤੇ ਸਾਂਵਰ ਦੇਖੇ ਜਾ ਸਕਦੇ ਹਨ। ਮਗਰ ਉਕਤ ਤਲਾਬ ਲਾਗੇ ਘੁੰਮਦੇ ਕਰੀਬ ਅੱਧਾ ਦਰਜਨ ਖੂੰਖਾਰ ਕੁੱਤਿਆਂ ਵੱਲੋਂ ਘਾਤ ਲਗਾ ਕੇ ਇਨਾਂ ਜਾਨਵਰਾਂ ਦਾ ਸ਼ਿਕਾਰ ਕੀਤਾ ਜਾ ਰਿਹਾ ਹੈ ਤੇ ਇਹ ਵਰਤਾਰਾ ਬੀਤੇ ਲੰਬੇ ਸਮੇਂ ਤੋਂ ਚੱਲ ਰਿਹਾ ਹੈ। ਪਿੰਡ ਵਾਸੀਆਂ ਅਨੁਸਾਰ ਦੁੱਖ ਇਸ ਗੱਲ ਦਾ ਹੈ ਕਿ ਜ਼ਿਆਦਾਤਰ ਰਾਸ਼ਟਰੀ ਪੰਛੀ ਮੋਰ ਇਨ੍ਹ ਕੁੱਤਿਆਂ ਦਾ ਆਸਾਨ ਸ਼ਿਕਾਰ ਬਣ ਰਹੇ ਹਨ। ਭਾਵੇਂ ਜੰਗਲੀ ਜੀਵ ਵਿਭਾਗ ਰੂਪਨਗਰ ਵੱਲੋਂ ਇਕ ਪਿੰਜਰਾ ਵੀ ਲਗਾਇਆ ਹੋਇਆ ਹੈ। ਮਗਰ ਉਕਤ ਕੁੱਤਿਆਂ 'ਚੋਂ ਇਕ ਵੀ ਕੁੱਤਾ ਕਦੇ ਇਸ ਪਿੰਜਰੇ ਦੀ ਗ੍ਰਿਫਤ 'ਚ ਨਹੀਂ ਆਇਆ ਹੈ ਅਤੇ ਨਾ ਹੀ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਕਦੇ ਉਕਤ ਆਦਮਖੋਰ ਕੁੱਤਿਆਂ ਨੂੰ ਫੜਨ ਲਈ ਕਿਸੀ ਯੋਜਨਾ 'ਤੇ ਕੰਮ ਕਰਨ ਕੋਸ਼ਿਸ਼ ਕੀਤੀ ਹੈ। ਪਿੰਡ ਵਾਸੀਆਂ ਦੇ ਸੱਦੇ 'ਤੇ ਪਹੁੰਚੇ ਪੰਜਾਬੀ ਮੋਰਚੇ ਦੇ ਕਨਵੀਨਰ ਗੌਰਵ ਰਾਣਾ ਨੂੰ ਜਾਣਕਾਰੀ ਦਿੰਦਿਆਂ ਪਿੰਡ ਵਾਸੀਆਂ ਮਿੰਟੂ ਰਾਣਾ, ਬੋਧਰਾਜ ਸ਼ਰਮਾ ਪ੍ਰਧਾਨ ਮੰਦਰ ਕਮੇਟੀ, ਪ੍ਰੇਮ ਕੁਮਾਰ, ਵਰਿੰਦਰ ਰਾਣਾ ਅਤੇ ਜਸਵਿੰਦਰ ਸ਼ਰਮਾ ਨੇ ਦੱਸਿਆ ਕਿ ਉਕਤ ਤਲਾਬ 'ਤੇ ਮੋਰ ਸਹਿਤ ਹੋਰ ਜਾਨਵਰ ਆਮ ਪਾਣੀ ਪੀਂਦੇ ਦੇਖੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਕ ਦਿਨ ਪਹਿਲਾਂ ਉਕਤ ਕੁੱਤਿਆਂ ਨੇ ਮੋਰ ਦਾ ਸ਼ਿਕਾਰ ਕੀਤਾ ਤੇ ਪਾਸ ਖੇਡ ਰਹੇ ਬੱਚਿਆਂ ਵੱਲੋਂ ਸ਼ੋਰ ਮਚਾਉਣ 'ਤੇ ਕੁੱਤੇ ਮੋਰ ਨੂੰ ਚੁੱਕ ਲੈ ਕੇ ਜੰਗਲ ਦੀ ਤਰਫ਼ ਦੌੜ ਗਏ। ਜਦਕਿ ਕੱਲ ਰਾਤ ਕੁੱਤਿਆਂ ਨੇ ਇਕ ਸੂਰ ਨੂੰ ਨੋਚ-ਨੋਚ ਕੇ ਖਾ ਲਿਆ। ਉਨਾਂ ਕਿਹਾ ਕਿ ਇਹ ਕਾਰਾ ਲੰਬੇ ਸਮੇਂ ਤੋਂ ਚੱਲ ਰਿਹਾ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਉਨਾਂ ਦੇ ਬੱਚੇ ਪਿੰਡ 'ਚ ਉਕਤ ਤਲਾਬ ਦੇ ਲਾਗੇ ਖੇਡਦੇ ਹਨ ਜਿਸ ਕਰਕੇ ਹੁਣ ਉਨਾਂ ਨੂੰ ਆਪਣੇ ਬੱਚਿਆਂ ਅਤੇ ਬਜ਼ੁਰਗਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਿਤ ਹਨ।

11-APRIL-PAGE-10.qxd 4/10/2023 10:46 PM Page 1



# ਵਿਧਾਇਕ ਤੇ ਨਗਰ ਕੌਂਸਲ ਖ਼ਿਲਾਫ਼ ਨਾਅਰੇਬਾਜ਼ੀ

## ਕੂੜੇ ਦਾ ਡੰਪ ਚੁਕਵਾਉਣ ਲਈ ਪੱਕੇ ਤੌਰ 'ਤੇ ਚਾਨਣੀ ਲਾ ਕੇ ਗਲੀ 'ਚ ਬੈਠੇ ਲੋਕ



**ਬਾਘਾ ਪੁਰਾਣਾ (ਮਨੀ ਸਿਗਲਾ)**

ਸਥਾਨਕ ਸ਼ਹਿਰ ਦੇ ਗਾਂਧਾ ਬਸਤੀ ਦੇ ਲੋਕਾਂ ਵੱਲੋਂ ਰਿਹਾਇਸ਼ੀ ਇਲਾਕੇ ਵਿੱਚ ਕੂੜੇ ਦੇ ਡੰਪ ਚੁਕਵਾਉਣ ਲਈ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ ਅਤੇ ਹੁਣ ਤਾਂ ਮੁਹੱਲਾ ਵਾਸੀਆਂ ਵੱਲੋਂ, ਜਿਸ ਗਲੀ ਵਿੱਚੋਂ ਦੀ ਕੂੜੇ ਦੀਆਂ ਟ੍ਰਾਲੀਆਂ ਨਗਰ ਕੌਂਸਲ ਵੱਲੋਂ ਲੰਘਾਈਆਂ ਜਾਂਦੀਆਂ ਹਨ, ਉਸ ਗਲੀ ਵਿੱਚ ਪੱਕੇ ਤੌਰ 'ਤੇ ਚਾਨਣੀ ਲਾ ਕੇ ਬੈਠ ਗਏ ਹਨ ਤੇ ਉਨ੍ਹਾਂ ਵੱਲੋਂ ਅੱਜ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਤੇ ਨਗਰ ਕੌਂਸਲ ਬਾਘਾ ਪੁਰਾਣਾ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਨਾਅਰੇਬਾਜ਼ੀ ਦੌਰਾਨ ਅੱਜ ਮੁੜ ਵਾਰਡ ਨੰਬਰ 9 ਦੇ ਗਾਂਧਾ ਬਸਤੀ ਦੇ ਮਹਿੰਦਰ ਸਿੰਘ, ਬਚਿੱਤਰ ਸਿੰਘ, ਨਛੱਤਰ ਸਿੰਘ, ਜਗਸੀਰ ਸਿੰਘ, ਮੁਖਤਿਆਰ ਸਿੰਘ, ਹਰਚਰਨ ਸਿੰਘ, ਗੁਰਲਾਬ ਸਿੰਘ ਤੇ ਮਹਿਲਾਵਾਂ ਹਰਜੀਤ ਕੌਰ, ਅਮਰਜੀਤ ਕੌਰ, ਸਵਰਨਜੀਤ ਕੌਰ, ਨਸੀਬ ਕੌਰ, ਨਰਿੰਦਰ ਕੌਰ ਨੇ ਕਿਹਾ ਕਿ ਜਿੰਨਾ ਸਮਾਂ ਨਗਰ ਕੌਂਸਲ ਕੂੜੇ ਦੇ ਡੰਪ ਨੂੰ ਇੱਥੋਂ ਨਹੀਂ ਹਟਾਉਂਦੀ, ਉਨਾ ਸਮਾਂ ਉਨ੍ਹਾਂ ਵੱਲੋਂ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਪਹਿਲਾਂ ਵੀ ਕਈ ਵਾਰ ਕੂੜਾ ਸੁੱਟਣ ਦਾ ਵਿਰੋਧ ਕੀਤਾ ਗਿਆ, ਪਰ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਇਸ ਮੌਕੇ ਮੁਹੱਲਾ ਵਾਸੀਆਂ ਨੇ ਕਿਹਾ ਕਿ ਉਹ ਰਿਹਾਇਸ਼ੀ ਇਲਾਕੇ ਵਿੱਚ ਡੰਪ ਨੂੰ ਚੁਕਵਾ ਕੇ ਹੀ ਸਾਹ ਲੈਣਗੇ।

ਇਸ ਮੌਕੇ ਨਗਰ ਕੌਂਸਲ ਅਧਿਕਾਰੀਆਂ ਉੱਪਰ ਉਨ੍ਹਾਂ ਇਹ ਵੀ ਕਥਿਤ ਤੌਰ 'ਤੇ ਦੋਸ਼ ਲਗਾਏ ਕਿ ਨਗਰ ਕੌਂਸਲ ਦੇ ਕਰਮਚਾਰੀ ਉਨ੍ਹਾਂ ਉੱਪਰ ਦਬਾਅ ਪਾ ਰਹੇ ਹਨ ਕਿ ਜੇਕਰ ਉਨ੍ਹਾਂ ਨੇ ਉਨ੍ਹਾਂ ਦੇ ਕੰਮ ਵਿੱਚ ਵਿਘਨ ਪਾਇਆ ਤੇ ਕੂੜਾ ਨਾ ਸੁੱਟਣ ਦਿੱਤਾ ਤਾਂ ਉਨ੍ਹਾਂ ਖਿਲਾਫ ਪਰਚਾ ਦਰਜ ਕਰਵਾ ਦਿੱਤਾ ਜਾਵੇਗਾ।

ਅੰਤ ਵਿੱਚ ਧਰਨਾਕਾਰੀਆਂ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਤੇ ਡਿਪਟੀ ਕਮਿਸ਼ਨਰ ਮੋਗਾ ਕੁਲਵੰਤ ਸਿੰਘ ਤੋਂ ਮੰਗ ਕੀਤੀ ਕਿ ਉਨ੍ਹਾਂ ਨੂੰ ਇਸ ਸਮੱਸਿਆ ਤੋਂ ਨਿਜਾਤ ਦਿਵਾਈ ਜਾਵੇ ਤਾਂ ਕਿ ਉਨ੍ਹਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਤੋਂ ਨਿਜਾਤ ਮਿਲ ਸਕੇ, ਕਿਉਂਕਿ ਉਨ੍ਹਾਂ ਨੂੰ ਡਰ ਬਣਿਆ ਹੋਇਆ ਹੈ ਕਿ ਕਿਤੇ ਇਸ ਕੂੜੇ ਦੇ ਡੰਪ ਕਾਰਨ ਉਨ੍ਹਾਂ ਦੇ ਬੱਚੇ ਤੇ ਉਹ ਬਿਮਾਰੀਆਂ ਦੀ ਲਪੇਟ ਵਿੱਚ ਨਾ ਆ ਜਾਣ। ਇਸ ਮੌਕੇ ਉਨ੍ਹਾਂ ਇਹ ਵੀ ਮੰਗ ਕੀਤੀ ਕਿ ਇਸ ਜਗ੍ਹਾ ਉੱਪਰ ਪਾਰਕ ਬਣਾਇਆ ਜਾਵੇ।

## ਲੁਧਿਆਣਾ ਸਹੋਦਿਆ ਸਕੂਲ ਕੰਪਲੈਕਸ ਦੇ ਪ੍ਰਿੰ. ਅਮਨਦੀਪ ਕੌਰ ਬਖਸ਼ੀ ਸਕੱਤਰ ਨਿਯੁਕਤ

**ਮੁੱਲਾਂਪੁਰ ਦਾਖਾ (ਗੁਰਮੇਲ ਮੈਲਡੇ)**-ਲੁਧਿਆਣਾ ਸਹੋਦਿਆ ਸਕੂਲ ਕੰਪਲੈਕਸ (ਵੈਸਟ) ਦੀ ਸਾਲਾਨਾ ਮੀਟਿੰਗ ਪੀਸ ਪਬਲਿਕ ਸਕੂਲ ਮੁੱਲਾਂਪੁਰ ਵਿਖੇ ਹੋਈ, ਜਿਸ ਵਿੱਚ ਸੀ.ਬੀ.ਐੱਸ.ਈ. ਸਕੂਲਾਂ ਦੀਆਂ ਗਤੀਧਵਿਆਂ ਨੂੰ ਸੰਚਾਰ ਢੰਗ ਨਾਲ ਚਲਾਉਣ ਲਈ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਇਸ ਮੀਟਿੰਗ ਵਿੱਚ ਪਲਵਿੰਦਰ ਸਿੰਘ ਚੀਮਾਂ ਪ੍ਰਿੰਸੀਪਲ ਬਾਬਾ ਈਸ਼ਰ ਸਿੰਘ ਤੇ ਬਾਬਾ ਕੁੰਦਨ ਸਿੰਘ ਪਬਲਿਕ ਸਕੂਲ ਝੋਰੜਾਂ ਨੂੰ ਡਾਇਰੈਕਟਰ ਅਤੇ ਡਾ. ਅਮਨਦੀਪ ਕੌਰ ਬਖਸ਼ੀ ਪ੍ਰਿੰਸੀਪਲ ਈਸਟਵੁੱਡ ਇੰਟਰਨੈਸ਼ਨਲ ਸਕੂਲ ਮੁੱਲਾਂਪੁਰ ਨੂੰ ਸਕੱਤਰ ਚੁਣਿਆ ਗਿਆ, ਜਦਕਿ ਖਜ਼ਾਨਚੀ ਦੇ ਅਹੁਦੇ ਲਈ ਰਵਿੰਦਰ ਕੌਰ ਪ੍ਰਿੰਸੀਪਲ ਸੱਤਿਆ ਭਾਰਤੀ ਆਦਰਸ਼ ਸੀਨੀ. ਸੈਕੰਡਰੀ ਸਕੂਲ ਸ਼ੇਰਪੁਰ ਕਲਾਂ ਨੂੰ ਨਿਯੁਕਤ ਕੀਤਾ ਗਿਆ। ਇਸ ਮੌਕੇ ਉੱਕਤ ਨਵੇਂ ਚੁਣੇ ਅਹੁਦੇਦਾਰਾਂ ਨੇ ਆਪਣੇ ਕੰਮ ਨੂੰ ਪੂਰੀ ਇਮਾਨਦਾਰੀ ਤੇ ਸੁਚਾਰੂ ਢੰਗ ਨਾਲ ਨਿਭਾਉਣ ਦਾ ਵਿਸ਼ਵਾਸ ਦਿਵਾਇਆ। ਮੀਟਿੰਗ ਦੌਰਾਨ ਸਹਿਪਾਠ ਕ੍ਰਮ ਤੇ ਖੇਡ ਗਤੀਵਿਧੀਆਂ ਨੂੰ ਵਧੀਆ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਿਚਾਰ ਚਰਚਾ ਹੋਈ ਅਤੇ ਵੱਖ-ਵੱਖ ਸਕੂਲਾਂ ਦੀ ਸਹਿਮਤੀ ਨਾਲ ਵੱਖ-ਵੱਖ ਗਤੀਵਿਧੀਆਂ ਨੂੰ ਚਲਾਉਣ ਦੀ ਜ਼ਿੰਮੇਵਾਰੀ ਵੀ ਚੁੱਕੀ। ਇਸ ਮੌਕੇ ਪ੍ਰਿੰਸੀਪਲ ਬਖਸ਼ੀ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਆਪਣੇ ਅਹੁਦੇ ਨੂੰ ਪੂਰੀ ਜ਼ਿੰਮੇਵਾਰੀ ਤੇ ਇਮਾਨਦਾਰੀ ਨਾਲ ਨਿਭਾਉਣ ਦਾ ਵਿਸ਼ਵਾਸ ਦਿਵਾਇਆ।



# ਸਾਢੇ ਤਿੰਨ ਕੁਇੰਟਲ ਭੁੱਕੀ ਸਮੇਤ ਦੋ ਗ੍ਰਿਫ਼ਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਐਂਟੀ-ਨਾਰਕੋਟਿਕ-ਕਮ-ਸਪੈਸ਼ਲ ਓਪਰੇਸ਼ਨ ਸੈੱਲ ਦੀ ਇੱਕ ਟੀਮ ਵੱਲੋਂ ਸਰਹਿੰਦ ਨੇੜਿਓਂ ਦੋ ਕੈਂਟਰ ਸਵਾਰ ਵਿਅਕਤੀਆਂ ਨੂੰ ਸਾਢੇ ਤਿੰਨ ਕੁਇੰਟਲ ਡੋਡੇ/ਭੁੱਕੀ ਸਮੇਤ ਗ੍ਰਿਫ਼ਤਾਰ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ। ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਐੱਸ.ਐੱਸ.ਪੀ. ਡਾ. ਰਵਜੋਤ ਗਰੇਵਾਲ ਨੇ ਦੱਸਿਆ ਕਿ ਐਂਟੀ-ਨਾਰਕੋਟਿਕ-ਕਮ-ਸਪੈਸ਼ਲ ਓਪਰੇਸ਼ਨ ਸੈੱਲ ਰੇਂਜ ਰੂਪਨਗਰ ਕੈਂਪ ਐਟ ਮੋਹਾਲੀ ਦੇ ਇੰਚਾਰਜ ਇੰਸਪੈਕਟਰ ਹਰਮਿੰਦਰ ਸਿੰਘ ਦੀ ਅਗਵਾਈ ਵਾਲੀ ਟੀਮ ਨੂੰ ਮੁਖਬਰੀ ਮਿਲੀ ਸੀ ਕਿ ਦਲਜੀਤ ਸਿੰਘ ਉਰਫ ਗੁੱਡੂ ਤੇ ਬਿੰਦਰ ਸਿੰਘ ਵਾਸੀਆਨ ਪਿੰਡ ਪੰਡਰਾਲੀ ਰਾਜਸਥਾਨ ਤੋਂ ਭੁੱਕੀ/ਡੋਡੇ ਲਿਆ ਕੇ ਸਰਹਿੰਦ-ਫ਼ਤਹਿਗੜ੍ਹ ਸਾਹਿਬ ਦੇ ਇਲਾਕੇ 'ਚ ਵੇਚਣ ਦਾ ਕੰਮ ਕਰਦੇ ਹਨ, ਜੋ ਕਿ ਆਪਣੇ ਅਸ਼ੋਕਾ ਲੇਲੈਂਡ ਕੈਂਟਰ ਨੰਬਰ ਪੀ.ਬੀ.23.ਐਮ-8983 'ਚ ਭਾਰੀ ਮਾਤਰਾ 'ਚ ਭੁੱਕੀ/ਡੋਡੇ ਲੱਦ ਕੇ ਪਟਿਆਲਾ ਸਾਈਡ ਤੋਂ ਸਰਹਿੰਦ ਵੱਲ ਨੂੰ ਆ ਰਹੇ ਹਨ। ਉਕਤ ਸੂਚਨਾ ਮਿਲਣ ਉਪਰੰਤ ਥਾਣਾ ਸਰਹਿੰਦ ਵਿਖੇ ਮੁਕੱਦਮਾ ਦਰਜ ਕਰਵਾਉਂਦੇ ਹੋਏ ਐਂਟੀ-ਨਾਰਕੋਟਿਕ ਸੈੱਲ ਦੀ ਟੀਮ ਨੇ ਨਾਕਾਬੰਦੀ ਕਰਦਿਆਂ ਸਰਹਿੰਦ ਦੇ ਮਾਧੋਪੁਰ ਚੌਕ ਨਜ਼ਦੀਕ ਕੈਂਟਰ 'ਚ ਆ ਰਹੇ ਦਲਜੀਤ ਸਿੰਘ ਉਰਫ ਗੁੱਡੂ ਤੇ ਬਿੰਦਰ ਸਿੰਘ ਨੂੰ ਰੋਕਿਆ, ਜਿਸ ਉਪਰੰਤ ਡੀ.ਐੱਸ.ਪੀ. ਰਾਜ ਕੁਮਾਰ ਦੀ ਹਾਜ਼ਰੀ 'ਚ ਕੈਂਟਰ ਦੀ ਤਲਾਸ਼ੀ ਲਈ ਗਈ ਤਾਂ ਕੈਂਟਰ 'ਚ ਲੱਦੀ ਰੱਦੀ ਵਿੱਚ ਲੁਕਾ ਕੇ ਰੱਖੀਆਂ 21 ਬੋਰੀਆਂ 'ਚੋਂ 350 ਕਿੱਲੋ ਡੋਡੇ/ਭੁੱਕੀ ਬਰਾਮਦ ਹੋਈ, ਜਿਸ 'ਤੇ ਕੈਂਟਰ ਨੂੰ ਕਬਜ਼ੇ 'ਚ ਲੈਂਦਿਆਂ ਦੋਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਗਰੇਵਾਲ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਦੋਵਾਂ ਵਿਅਕਤੀਆਂ ਦਾ ਅਦਾਲਤ ਤੋਂ ਤਿੰਨ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ ਤੇ ਇਨ੍ਹਾਂ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।



ਮਾਮਲੇ ਦੀ ਜਾਣਕਾਰੀ ਦਿੰਦੇ ਐੱਸ.ਐੱਸ.ਪੀ. ਡਾ. ਰਵਜੋਤ ਗਰੇਵਾਲ।

## ਵਿਆਹੁਤਾ ਵੱਲੋਂ ਖ਼ੁਦਕੁਸ਼ੀ ਦੇ ਮਾਮਲੇ 'ਚ ਪਤੀ ਤੇ ਪੁੱਤਰ ਗ੍ਰਿਫ਼ਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੰਡੀ ਗੋਬਿੰਦਗੜ੍ਹ ਦੀ ਵਿਧੀ ਚੰਦ ਕਾਲੋਨੀ 'ਚ ਰਹਿ ਰਹੀ ਇੱਕ ਔਰਤ ਵੱਲੋਂ ਚੁੰਨੀ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਔਰਤ ਦੀ ਪਹਿਚਾਣ ਸੁਨੀਤਾ ਰਾਣੀ ਪਤਨੀ ਪਰਮਾ ਸ਼ੰਕਰ ਵਜੋਂ ਦੱਸੀ ਜਾ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਦੇ ਭਰਾ ਸੰਜੇ ਕੁਮਾਰ ਵੱਲੋਂ ਪੁਲਸ ਨੂੰ ਦਿੱਤੀ ਗਈ ਸ਼ਿਕਾਇਤ 'ਚ ਦੱਸਿਆ ਗਿਆ ਕਿ ਉਸ ਦੀ ਭੈਣ ਸੁਨੀਤਾ ਰਾਣੀ ਦਾ ਪਤੀ ਪਰਮਾ ਸ਼ੰਕਰ ਤੇ ਉਸ ਦਾ ਪੁੱਤਰ ਸਾਹਿਲ ਉਸ ਨੂੰ ਤੰਗ ਪ੍ਰੇਸ਼ਾਨ ਕਰਦੇ ਰਹਿੰਦੇ ਸਨ ਤੇ ਉਕਤ ਪਿਓ-ਪੁੱਤਰ ਵੱਲੋਂ ਉਸ ਦੀ ਭੈਣ ਦੀ ਕੁੱਟਮਾਰ ਕੀਤੀ ਗਈ, ਜਿਨ੍ਹਾਂ ਤੋਂ ਤੰਗ ਆ ਕੇ ਉਹ ਮਰਨ ਲਈ ਮਜਬੂਰ ਹੋ ਗਈ ਤੇ ਉਸ ਨੇ ਚੁੰਨੀ ਨਾਲ ਫਾਹਾ ਲੈ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਉਕਤ ਦੋਵੇਂ ਪਿਓ-ਪੁੱਤਰਾਂ ਵੱਲੋਂ ਉਸ ਦੀ ਭੈਣ ਸੁਨੀਤਾ ਰਾਣੀ ਨੂੰ ਮਰਨ ਲਈ ਮਜਬੂਰ ਕੀਤਾ ਗਿਆ ਹੈ। ਸੰਜੇ ਕੁਮਾਰ ਦੇ ਬਿਆਨਾਂ 'ਤੇ ਮੰਡੀ ਗੋਬਿੰਦਗੜ੍ਹ ਪੁਲਸ ਨੇ ਪਰਮਾ ਸ਼ੰਕਰ ਤੇ ਸਾਹਿਲ ਵਿਰੁੱਧ ਅ/ਧ 306,34 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਦੇ ਹੋਏ ਦੋਵਾਂ ਨੂੰ ਗ੍ਰਿਫਤਾਰ ਕਰਕੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

## ਕਾਤਰਾਂ

### ਕਿਸਾਨ ਆਗੂ ਮੌਲਵੀਵਾਲਾ ਨੇਪਾਲ ਜਾਣ ਵਾਲੇ ਡੈਲੀਗੇਸ਼ਨ 'ਚ ਸ਼ਾਮਲ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਕਿਸਾਨ ਆਗੂ ਕੁਲਵੰਤ ਸਿੰਘ ਮੌਲਵੀਵਾਲਾ ਨੇਪਾਲ ਦੀ ਕਿਸਾਨ ਸਭਾ ਦੀ ਤਿੰਨ ਰੋਜ਼ਾ ਹੋਣ ਵਾਲੀ ਕਾਨਫਰੰਸ ਦੌਰਾਨ ਭਾਰਤ ਵਿੱਚੋਂ ਸ਼ਾਮਲ ਹੋਣ ਵਾਲੇ 3 ਮੈਂਬਰੀ ਡੈਲੀਗੇਸ਼ਨ ਸ਼ਾਮਲ ਹੋਣਗੇ। ਇਸ ਕਾਨਫਰੰਸ ਵਿੱਚ ਕੁੱਲ ਹਿੰਦ ਕਿਸਾਨ ਸਭਾ ਦੇ ਕੌਮੀ ਪ੍ਰਧਾਨ ਵਕੈਈਆ ਲਾਂਵਦਾ, ਤਿਲੰਗਾਨਾ ਤੋਂ ਕਿਸਾਨ ਆਗੂ ਡਾਕਟਰ ਪਦਮਾ ਪਾਸਾ ਤੇ ਪੰਜਾਬ ਤੋਂ ਜਥੇਬੰਦੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਮੌਲਵੀਵਾਲਾ ਸ਼ਾਮਲ ਹੋਣਗੇ। ਇਹ ਕਾਨਫਰੰਸ 11 ਤੋਂ 13 ਅਪ੍ਰੈਲ ਤੱਕ ਹੋਵੇਗੀ, ਜਿਸ ਦੌਰਾਨ ਨੇਪਾਲ ਸਮੇਤ ਦੁਨੀਆ ਭਰ ਵਿੱਚ ਖੇਤੀ ਖੇਤਰ 'ਚ ਆ ਰਹੇ ਬਦਲਾਅ ਤੇ ਕਾਰਪੋਰੇਟ ਘਰਾਣਿਆਂ ਦੇ ਖੇਤੀ ਵਿੱਚ ਵਧਦੀ ਦਖਲਅੰਦਾਜ਼ੀ ਦੇ ਸੰਦਰਭ ਵਿੱਚ ਵਿਚਾਰ ਚਰਚਾ ਹੋਵੇਗੀ।

### ਰੇਤ ਦੀ ਟ੍ਰਾਲੀ-ਟ੍ਰੈਕਟਰ ਸਣੇ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ ਨਜਾਇਜ਼ ਮਾਈਨਿੰਗ ਕਰਕੇ ਰੇਤ ਨਾਲ ਭਰੀ ਟ੍ਰੈਕਟਰ-ਟ੍ਰਾਲੀ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਗੁਰਦੀਪ ਸਿੰਘ, ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਪਿੰਡ ਬੁੱਧੋਕੇ ਦੇ ਕੋਲ ਮੌਜੂਦ ਸੀ ਤੇ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰ ਰਹੇ ਸੀ। ਇਸ ਦੌਰਾਨ ਪੁਲਸ ਪਾਰਟੀ ਨੂੰ ਮੁਖਬਰ ਖਾਸ ਪਾਸੋਂ ਇਤਲਾਹ ਮਿਲੀ ਕਿ ਗੁਰਦੀਪ ਸਿੰਘ ਪੁੱਤਰ ਭਜਨ ਲਾਲ ਵਾਸੀ ਲੱਖੋਵਾਲੀ ਉਰਫ ਬੁੱਧੋਕੇ ਟ੍ਰੈਕਟਰ ਸਮੇਤ ਡਬਲ ਟਾਇਰੀ ਟ੍ਰਾਲੀ ਵਿੱਚ ਰੇਤ ਚੋਰੀ ਕਰਕੇ ਲੈ ਕੇ ਜਾ ਰਿਹਾ ਹੈ, ਜਿਸ ਨੂੰ ਪੁਲਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ 130 ਸਕੇਅਰ ਫੁੱਟ ਰੇਤ ਦੀ ਟ੍ਰਾਲੀ ਤੇ ਟ੍ਰੈਕਟਰ ਸਣੇ ਕਾਬੂ ਕੀਤਾ ਗਿਆ ਹੈ। ਪੁਲਸ ਨੇ ਗੁਰਦੀਪ ਸਿੰਘ ਖਿਲਾਫ ਮੁਕੱਦਮਾ ਦਰਜ ਕੀਤਾ ਹੈ।

### ਕਿਸਾਨ ਨੇ ਨਹਿਰ 'ਚ ਛਾਲ ਮਾਰ ਕੇ ਕੀਤੀ ਖ਼ੁਦਕੁਸ਼ੀ



**ਦੋਦਾ (ਵਕੀਲ ਬਰਾੜ)**-ਬੀਤੇ ਦਿਨੀਂ ਬਾਰਸ਼ ਨਾਲ ਹੋਇਆ ਫਸਲਾਂ ਦਾ ਭਾਰੀ ਨੁਕਸਾਨ ਹੁਣ ਛੋਟੇ ਕਿਸਾਨਾਂ ਉੱਤੇ ਵੀ ਭਾਰੀ ਪੈ ਰਿਹਾ ਹੈ। ਇਥੋਂ ਨੇੜਲੇ ਪਿੰਡ ਭਲਾਈਆਣਾ ਦਾ ਕਿਸਾਨ ਸਾਧੂ ਸਿੰਘ (ਕਰੀਬ 63 ਸਾਲ) ਨੇ ਰਾਜਸਥਾਨ ਨਹਿਰ ਵਿੱਚ ਛਾਲ ਮਾਰ ਕੇ ਆਪਣੀ ਜੀਵਨ ਲੀਲ੍ਹਾ ਖਤਮ ਕਰ ਲਈ। ਮ੍ਰਿਤ ਕਿਸਾਨ ਦੇ ਪੁੱਤਰ ਅਜੈਪਾਲ ਸਿੰਘ ਨੇ ਦੱਸਿਆ ਕਿ ਸਾਡੇ ਕੋਲ 3 ਏਕੜ ਜ਼ਮੀਨ ਅਤੇ 25 ਕਿੱਲੇ ਠੇਕੇ 'ਤੇ ਲੈ ਕੇ ਖੇਤੀ ਕਰਦੇ ਹਾਂ, ਬਾਰਸ਼ ਤੇ ਗੜਿਆਂ ਨਾਲ ਹੋਏ ਭਾਰੀ ਨੁਕਸਾਨ ਕਾਰਨ ਉਹ ਬਹੁਤ ਪ੍ਰੇਸ਼ਾਨ ਸੀ ਅਤੇ ਬੀਤੇ ਦਿਨ ਬਿਨਾਂ ਦੱਸੇ ਘਰੋਂ ਚਲਾ ਗਿਆ, ਜਿਸ ਦੀ ਸਾਡੇ ਵੱਲੋਂ ਭਾਲ ਕੀਤੀ ਜਾ ਰਹੀ ਸੀ, ਪਰ ਅੱਜ ਰਾਜਸਥਾਨ ਨਹਿਰ ਨੇੜੇ ਦੋਦਾ ਤੋਂ ਉਸ ਦੀ ਲਾਸ਼ ਮਿਲੀ ਹੈ। ਦੂਜੇ ਪਾਸੇ ਪੁਲਸ ਚੌਕੀ ਇੰਚਾਰਜ ਦੋਦਾ ਗੁਰਮੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਕਿਸਾਨ ਦੀ ਲਾਸ਼ ਕਬਜ਼ੇ ਵਿੱਚ ਲੈ ਕੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਅਧਾਰ ਉੱਤੇ ਲੋੜੀਂਦੀ ਕਾਨੂੰਨੀ ਕਾਰਵਾਈ ਕੀਤੀ ਰਹੀ ਹੈ। ਮੌਕੇ 'ਤੇ ਮੌਜੂਦ ਕਿਸਾਨਾਂ ਵੱਲੋਂ ਸਰਕਾਰ ਤੋਂ ਮੁਆਵਜ਼ੇ ਦੀ ਮੰਗ ਕੀਤੀ ਗਈ ਹੈ।

### ਰੱਤੋਕੇ ਦੇ ਵਿਦਿਆਰਥੀਆਂ ਦਾ ਬਿਹਤਰੀਨ ਪ੍ਰਦਰਸ਼ਨ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਪੰਜਵੀਂ ਜਮਾਤ ਦੇ ਨਤੀਜੇ ਵਿੱਚ ਰੱਤੋਕੇ ਦੇ ਵਿਦਿਆਰਥੀਆਂ ਦਾ ਬੇਮਿਸਾਲ ਪ੍ਰਦਰਸ਼ਨ ਰਿਹਾ। ਜਿੱਥੇ ਨਤੀਜਾ ਸੌ ਫ਼ੀਸਦੀ ਰਿਹਾ ਹੈ, ਉੱਥੇ ਲਵਨੂਰ ਕੌਰ ਪੁੱਤਰੀ ਜਗਤਾਰ ਸਿੰਘ, ਨਿਮਰਤ ਕੌਰ ਪੁੱਤਰੀ ਅਮਨਦੀਪ ਸਿੰਘ, ਗੁਰਜੋਤ ਸਿੰਘ ਪੁੱਤਰ ਬਹਾਦਰ ਸਿੰਘ, ਤਨਵੀਰ ਖਾਂ ਪੁੱਤਰ ਕਾਲੀ ਖਾਂ ਅਤੇ ਗੁਰਸੀਰਤ ਕੌਰ ਪੁੱਤਰੀ ਹਰਪ੍ਰੀਤ ਸਿੰਘ ਨੇ 500 ਚੋਂ 500 ਅੰਕ ਪ੍ਰਾਪਤ ਕਰਕੇ ਬੋਰਡ ਦੇ ਨਤੀਜੇ ਵਿੱਚ ਮੋਹਰੀ ਸਥਾਨ ਪ੍ਰਾਪਤ ਕੀਤਾ ਹੈ। ਇਸੇ ਸਕੂਲ ਦੇ ਨਵਦੀਪ ਸਿੰਘ, ਕਰਨਵੀਰ ਸਿੰਘ ਤੇ ਨਵਜੋਤ ਸਿੰਘ ਨੇ 500 ਵਿੱਚੋਂ 498 ਅੰਕ ਪ੍ਰਾਪਤ ਕਰਕੇ ਸਕੂਲ ਦੇ ਨਾਂਅ ਨੂੰ ਚਾਰ ਚੰਨ ਲਾਏ ਹਨ। ਸਕੂਲ ਅਧਿਆਪਕਾ ਮੈਡਮ ਸਤਪਾਲ ਕੌਰ ਤੇ ਕਰਮਜੀਤ ਕੌਰ ਨੇ ਦੱਸਿਆ ਕਿ ਵਿਸ਼ੇਸ਼ ਸਮਾਗਮ ਕਰਕੇ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਜਾਵੇਗਾ। ਅਧਿਆਪਕਾ ਰੇਨੂੰ ਸਿੰਗਲਾ ਤੇ ਪਰਦੀਪ ਸਿੰਘ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਪਰਵਾਰਾਂ ਨੂੰ ਵਧਾਈ ਦਿੱਤੀ ਹੈ। ਸਕੂਲ ਵੈਲਫੇਅਰ ਕਮੇਟੀ ਦੇ ਪ੍ਰਧਾਨ ਗਿਆਨ ਸਿੰਘ ਭੁੱਲਰ, ਸਕੂਲ ਕਮੇਟੀ ਚੇਅਰਮੈਨ ਬਲਜੀਤ ਬੱਲੀ ਤੇ ਸਰਪੰਚ ਕੁਲਦੀਪ ਕੌਰ ਨੇ ਵਿਦਿਆਰਥੀਆਂ ਦੀ ਵਿਲੱਖਣ ਪ੍ਰਾਪਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਸਮੁੱਚੀ ਜਾਣਕਾਰੀ ਅਧਿਆਪਕ ਸੁਖਪਾਲ ਸਿੰਘ ਨੇ ਸਾਂਝੀ ਕੀਤੀ ਤੇ ਆਸ ਕੀਤੀ ਕਿ ਰੱਤੋਕੇ ਸਕੂਲ ਦੇ ਹੋਣਹਾਰ ਵਿਦਿਆਰਥੀ ਅੱਠਵੀਂ ਦੇ ਬੋਰਡ ਦੇ ਨਤੀਜੇ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕਰਨਗੇ।

### ਕਾਰ 'ਚੋਂ ਹੈਰੋਇਨ ਬਰਾਮਦ ਹੋਣ 'ਤੇ 3 ਗ੍ਰਿਫ਼ਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਚੈਕਿੰਗ ਦੌਰਾਨ ਕਾਰ 'ਚੋਂ ਹੈਰੋਇਨ ਬਰਾਮਦ ਹੋਣ 'ਤੇ ਬਸੀ ਪਠਾਣਾਂ ਪੁਲਸ ਵੱਲੋਂ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਵੱਲੋਂ ਕੀਤੇ ਗਏ ਦਾਅਵੇ ਮੁਤਾਬਿਕ ਥਾਣਾ ਬਸੀ ਪਠਾਣਾਂ ਦੀ ਇੱਕ ਪੁਲਸ ਪਾਰਟੀ ਸ਼ਾਮ ਨੂੰ ਸ਼ਹੀਦਗੜ੍ਹ ਮੋੜ 'ਤੇ ਮੌਜੂਦ ਸੀ ਤਾਂ ਫ਼ਤਹਿਗੜ੍ਹ ਸਾਹਿਬ ਵੱਲੋਂ ਆਈ ਆਲਟੋ ਕਾਰ ਨੰਬਰ ਪੀ.ਬੀ.01.ਡੀ-0602 ਦਾ ਚਾਲਕ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਤੇ ਉਸ ਨੇ ਕਾਰ ਪਿੱਛੇ ਮੋੜਨ ਦੀ ਕੋਸ਼ਿਸ਼ ਕੀਤੀ, ਜਿਸ 'ਤੇ ਪੁਲਸ ਕਰਮਚਾਰੀਆਂ ਨੇ ਉਨ੍ਹਾਂ ਨੂੰ ਕਾਬੂ ਕਰਕੇ ਕਾਰ 'ਚ ਬੈਠੇ ਵਿਅਕਤੀਆਂ ਦਾ ਨਾਮ ਪਤਾ ਪੁੱਛਿਆ ਤਾਂ ਚਾਲਕ ਨੇ ਆਪਣੀ ਪਹਿਚਾਣ ਹਰਮਨਦੀਪ ਸਿੰਘ ਵਾਸੀ ਪਿੰਡ ਵਜ਼ੀਰਾਬਾਦ ਥਾਣਾ ਬਨੂੜ ਤੇ ਦੂਸਰੇ ਕਾਰ ਸਵਾਰਾਂ ਨੇ ਆਪਣੀ ਪਹਿਚਾਣ ਵਰਿੰਦਰ ਸਿੰਘ ਤੇ ਸੁਖਵਿੰਦਰ ਸਿੰਘ ਵਾਸੀਆਨ ਪਿੰਡ ਸੋਹਾਣਾ (ਮੋਹਾਲੀ) ਵਜੋਂ ਦੱਸੀ, ਉਪਰੰਤ ਸਹਾਇਕ ਥਾਣੇਦਾਰ ਪਰਜਿੰਦਰ ਸਿੰਘ ਵੱਲੋਂ ਕਾਰ ਦੀ ਤਲਾਸ਼ੀ ਲਈ ਗਈ ਤਾਂ ਕਾਰ ਦੇ ਡੈਸ਼ਬੋਰਡ 'ਚੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ, ਜਿਸ 'ਤੇ ਉਕਤ ਤਿੰਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

# ਬਾਬਾ ਫ਼ਰੀਦ ਕਾਲਜ ਨੇ ਜ਼ੋਡੀਐਕ ਬ੍ਰਾਂਡ ਸਪੇਸ ਪ੍ਰਾਈਵੇਟ ਲਿਮਟਿਡ ਮੋਹਾਲੀ ਨਾਲ ਕੀਤਾ ਸਮਝੌਤਾ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਕੈਂਪਸ ਵਿਖੇ ਬਾਬਾ ਫ਼ਰੀਦ ਕਾਲਜ ਬਠਿੰਡਾ ਤੇ ਜ਼ੋਡੀਐਕ ਬ੍ਰਾਂਡ ਸਪੇਸ ਪ੍ਰਾਈਵੇਟ ਲਿਮਟਿਡ ਮੋਹਾਲੀ ਦਰਮਿਆਨ ਇੱਕ ਸਮਝੌਤਾ ਕੀਤਾ ਗਿਆ। ਬਾਬਾ ਫ਼ਰੀਦ ਕਾਲਜ ਦੇ ਪ੍ਰਿੰਸੀਪਲ ਡਾ. ਪ੍ਰਦੀਪ ਕੌੜਾ ਤੇ ਸ੍ਰੀ ਜੇ. ਆਰ. ਸ਼ਰਮਾ, ਡਾਇਰੈਕਟਰ ਔਰਬਿਟ ਬਾਇਓਟੈਕ (ਜ਼ੋਡੀਐਕ ਬ੍ਰਾਂਡ ਸਪੇਸ ਪ੍ਰਾਈਵੇਟ ਲਿਮਟਿਡ ਮੋਹਾਲੀ ਦੀ ਇੱਕ ਫਲੈਗਸ਼ਿਪ ਬਾਇਓਟੈਕ ਡਿਵੀਜ਼ਨ) ਨੇ ਇਸ ਸਮਝੌਤੇ 'ਤੇ ਹਸਤਾਖ਼ਰ ਕੀਤੇ। ਜ਼ਿਕਰਯੋਗ ਹੈ ਕਿ ਜ਼ੋਡੀਐਕ ਬ੍ਰਾਂਡ ਸਪੇਸ ਪ੍ਰਾਈਵੇਟ ਲਿਮਟਿਡ ਮੋਹਾਲੀ ਆਧਾਰਤ ਇੱਕ ਪ੍ਰਸਿੱਧ ਬਾਇਓਟੈਕ ਉਦਯੋਗਿਕ ਸਿਖਲਾਈ ਤੇ ਬਾਇਓਟੈਕ ਰਿਸਰਚ ਪ੍ਰੋਜੈਕਟਸ ਕੰਪਨੀ ਹੈ, ਜੋ 2006 ਵਿੱਚ ਸਥਾਪਤ ਕੀਤੀ ਗਈ ਹੈ। ਇਹ ਪੇਟੈਂਟ ਡਿਜ਼ਾਈਨ ਤੇ ਟਰੇਡ ਮਾਰਕ ਦੇ ਕੰਟਰੋਲਰ ਜਨਰਲ, ਭਾਰਤ ਸਰਕਾਰ ਕੋਲ ਰਜਿਸਟਰਡ ਇੱਕ ਬਹੁਤ ਹੀ ਸਤਿਕਾਰਤ ਕੰਪਨੀ ਹੈ, ਜੋ ਸਿੱਖਿਆਰਥੀਆਂ ਨੂੰ ਪ੍ਰੋ-ਬਾਇਓਟਿਕਸ, ਅਣੂ ਜੀਵ ਵਿਗਿਆਨ ਤੇ ਮਾਈਕਰੋ ਬਾਇਓਲੋਜੀ ਤਕਨੀਕਾਂ ਦੇ ਖੇਤਰ ਵਿੱਚ ਹੱਥੀਂ ਅਨੁਭਵ ਪ੍ਰਦਾਨ ਕਰਦੀ ਹੈ। ਬਾਬਾ ਫ਼ਰੀਦ ਕਾਲਜ ਬਠਿੰਡਾ ਤੇ ਜ਼ੋਡੀਐਕ ਬ੍ਰਾਂਡ ਸਪੇਸ ਪ੍ਰਾ. ਲਿਮਟਿਡ ਮੁਹਾਲੀ ਖੋਜ, ਸਿਖਲਾਈ, ਪਾਠਕ੍ਰਮ, ਸੰਸਥਾਗਤ ਵਿਕਾਸ, ਜਾਣਕਾਰੀ ਦੇ ਪ੍ਰਸਾਰ, ਫੈਕਲਟੀ, ਵਿਦਿਆਰਥੀਆਂ ਤੇ ਸਟਾਫ਼ ਦੇ ਅਦਾਨ-ਪ੍ਰਦਾਨ ਵਿੱਚ ਸਹਿਯੋਗ ਅਤੇ ਯੋਗਦਾਨ ਦੇਣ ਦਾ ਇਰਾਦਾ ਰੱਖਦੇ ਹਨ। ਇਹ ਸਮਝੌਤਾ ਹਰੇਕ ਸਹਿਭਾਗੀ ਸੰਸਥਾ ਦੇ ਉਦੇਸ਼ਾਂ ਦੇ ਨਾਲ-ਨਾਲ ਭਾਈਵਾਲਾਂ ਵਿਚਕਾਰ ਆਪਸੀ ਸੰਬੰਧਾਂ ਨੂੰ ਹੋਰ ਮਜ਼ਬੂਤ ਕਰਨਗੇ। ਐੱਮ.ਓ.ਯੂ. 'ਤੇ ਹਸਤਾਖ਼ਰ ਕਰਨ ਤੋਂ ਪਹਿਲਾਂ ਇੱਕ ਮੀਟਿੰਗ ਦੌਰਾਨ ਬਾਬਾ ਫ਼ਰੀਦ ਕਾਲਜ ਦੇ ਪ੍ਰਿੰਸੀਪਲ ਡਾ. ਪ੍ਰਦੀਪ ਕੌੜਾ, ਔਰਬਿਟ ਬਾਇਓਟੈਕ ਦੇ ਨਿਰਦੇਸ਼ਕ ਸ੍ਰੀ ਜੇ. ਆਰ. ਸ਼ਰਮਾ, ਫੈਕਲਟੀ ਆਫ਼ ਸਾਇੰਸਜ਼ ਦੇ ਡੀਨ ਡਾ. ਜਾਵੇਦ ਅਹਿਮਦ ਖ਼ਾਨ, ਐਸੋਸੀਏਟ ਡੀਨ ਡਾ. ਤਰੁਣ ਗੋਇਲ ਤੇ ਬਾਇਓਟੈਕਨਾਲੋਜੀ ਵਿਭਾਗ ਦੇ ਮੁਖੀ ਡਾ. ਰਿਤੂ ਪਵਨ ਨੇ ਇਸ ਮਹੱਤਵਪੂਰਨ ਮੈਮੋਰੰਡਮ ਰਾਹੀਂ ਵਿਦਿਆਰਥੀਆਂ ਨੂੰ ਮਿਲਣ ਵਾਲੇ ਮੌਕਿਆਂ ਬਾਰੇ ਚਰਚਾ ਕੀਤੀ। ਇਸ ਦੇ ਨਾਲ ਹੀ ਦੋਵੇਂ ਸੰਸਥਾਵਾਂ ਵੱਖ-ਵੱਖ ਸਲਾਹਕਾਰ ਪ੍ਰੋਜੈਕਟਾਂ, ਉਦਯੋਗਿਕ ਸਿਖਲਾਈ ਤੇ ਮੁਲਾਕਾਤਾਂ, ਇੰਟਰਨਸ਼ਿਪ ਤੇ ਪਲੇਸਮੈਂਟ, ਹੁਨਰ ਵਿਕਾਸ ਪ੍ਰੋਗਰਾਮ, ਫੈਕਲਟੀ ਵਿਕਾਸ ਪ੍ਰੋਗਰਾਮਾਂ ਤੇ ਮਾਹਰ ਲੈਕਚਰਾਂ ਵਿੱਚ ਸਹਿਯੋਗ ਕਰਨਗੀਆਂ। ਇਸ ਮੈਮੋਰੰਡਮ ਦੇ ਨਾਲ, ਇਹ ਸੰਸਥਾ ਜ਼ੋਡੀਐਕ ਬ੍ਰਾਂਡ ਸਪੇਸ ਪ੍ਰਾਈਵੇਟ ਲਿਮਟਿਡ, ਮੋਹਾਲੀ ਤੋਂ ਲੈਬਾਂ/ਬੁਨਿਆਦੀ ਢਾਂਚੇ ਦੇ ਨਵੀਨੀਕਰਨ ਲਈ ਲੋੜੀਂਦਾ ਸਮਰਥਨ ਪ੍ਰਾਪਤ ਕਰਨ ਦੇ ਯੋਗ ਹੋਵੇਗੀ, ਜਿਸ ਨਾਲ ਵਿਦਿਆਰਥੀ ਨਾਮਵਰ ਵਿਦੇਸ਼ੀ ਸੰਸਥਾਵਾਂ ਵਿੱਚ ਪੜ੍ਹਾਈ ਕਰਨ ਦਾ ਆਪਣਾ ਸੁਪਨਾ ਪੂਰਾ ਕਰ ਸਕਦੇ ਹਨ।

ਦਸਤਖ਼ਤ ਸਮਾਰੋਹ ਦੇ ਅੰਤ ਵਿੱਚ ਡਾ. ਪ੍ਰਦੀਪ ਕੌੜਾ ਤੇ ਸ੍ਰੀ ਜੇ. ਆਰ. ਸ਼ਰਮਾ ਨੇ ਸਮਝੌਤੇ 'ਤੇ ਦਸਤਖ਼ਤ ਕਰਕੇ ਮੈਮੋਰੰਡਮ ਦਸਤਾਵੇਜ਼ਾਂ ਦਾ ਅਦਾਨ-ਪ੍ਰਦਾਨ ਕੀਤਾ ਤੇ ਇੱਕ ਦੂਜੇ ਨੂੰ ਵਧਾਈ ਦਿੱਤੀ। ਡਾ: ਤਰੁਣ ਗੋਇਲ ਤੇ ਡਾ: ਰਿਤੂ ਪਵਨ ਨੇ ਸ੍ਰੀ ਜੇ. ਆਰ. ਸ਼ਰਮਾ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤਾ ਅਤੇ ਉਨ੍ਹਾਂ ਦੀ ਟੀਮ ਦਾ ਧੰਨਵਾਦ ਕੀਤਾ। ਬੀ.ਐੱਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਬਾਬਾ ਫ਼ਰੀਦ ਕਾਲਜ ਦੇ ਇਸ ਸਾਰਥਿਕ ਉਪਰਾਲੇ ਦੀ ਭਰਪੂਰ ਪ੍ਰਸੰਸਾ ਕੀਤੀ।

# ਡਾ. ਅੰਬੇਦਕਰ ਦੇ ਜਨਮ ਦਿਨ ਨੂੰ ਸਮਰਪਤ ਕਰਾਇਆ ਸੈਮੀਨਾਰ



**ਲੌਂਗੋਵਾਲ (ਕੁਲਦੀਪ ਅੱਤਰੀ, ਪ੍ਰਦੀਪ ਸਿੰਘ ਸੱਪਲ)**-ਡਾ. ਬੀ.ਆਰ.ਅੰਬੇਡਕਰ ਸਾਹਿਬ ਦੇ ਜਨਮ ਦਿਨ ਨੂੰ ਸਮਰਪਤ ਸੈਮੀਨਾਰ ਬਲਵਿੰਦਰ ਸਿੰਘ ਜਲੂਰ, ਜੱਸਾ ਸਿੰਘ, ਬਲਦੇਵ ਸਿੰਘ, ਵੀਰਪਾਲ ਕੌਰ ਦੀ ਪ੍ਰਧਾਨਗੀ ਹੇਠ ਕਰਾਇਆ ਗਿਆ।

ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਵੱਲੋਂ ਪਿੰਡ ਬੀਰ ਕਲਾਂ ਵਿਖੇ ਡਾ ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਨੂੰ ਸਮਰਪਤ ਕਰਾਏ ਸੈਮੀਨਾਰ 'ਚ ਡਾ. ਭੀਮ ਰਾਓ ਅੰਬੇਦਕਰ ਜੀ ਦਾ ਜੀਵਨ ਤੇ ਜਾਤ ਦੇ ਸਵਾਲ 'ਤੇ ਮੁੱਖ ਬੁਲਾਰੇ ਹਰਮਨ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਪਣੇ ਜੀਵਨ ਵਿੱਚ ਰੂੜ੍ਹੀਵਾਦੀ ਮਨੂਸਮਰਿਤੀ ਦੇ ਵਿਚਾਰਾਂ ਨਾਲ ਟੱਕਰ ਲੈ ਕੇ ਦਲਿਤ ਸਮਾਜ ਨੂੰ ਉੱਚਾ ਚੁੱਕਣ ਲਈ ਬਹੁਤ ਸੰਘਰਸ਼ ਕੀਤਾ, ਕਿਉਂਕਿ ਦੇਸ ਦੀ ਅਜ਼ਾਦੀ ਤੱਕ ਵੀ ਦਲਿਤ ਮਜ਼ਦੂਰਾਂ ਨੂੰ ਕੋਈ ਵੀ ਜ਼ਮੀਨ, ਜਾਇਦਾਦ ਰੱਖਣ ਤੇ ਕਾਨੂੰਨੀ ਮਨਾਹੀ ਸੀ, ਜਿਸ ਕਾਰਨ ਸਦੀਆਂ ਤੋਂ ਆਰਥਿਕ ਤੇ ਸਮਾਜਿਕ ਤੌਰ 'ਤੇ ਪਛੜੇ ਲੋਕਾਂ ਨੂੰ ਬਰਾਬਰ ਕਰਨ ਲਈ ਰਾਖਵਾਂਕਰਨ ਦਿੱਤਾ ਗਿਆ ਸੀ, ਜਿਸ ਲਈ ਕਿਹਾ ਗਿਆ ਸੀ ਕਿ ਜੇਕਰ ਸਭ ਨੂੰ ਬਰਾਬਰ ਕਰਨਾ ਹੈ ਤਾਂ ਦੇਸ ਦੀ ਜ਼ਮੀਨ ਅਤੇ ਜਾਇਦਾਦ ਦਾ ਸਰਕਾਰੀ ਕਰਨ ਕੀਤਾ ਜਾਵੇ, ਪਰ ਸੰਵਿਧਾਨ ਕਮੇਟੀ ਵਿੱਚ ਬੈਠੇ ਹੋਰ ਲੋਕਾਂ ਵੱਲੋਂ ਭੀਮ ਰਾਓ ਅੰਬੇਦਕਰ ਜੀ ਦੀ ਇਸ ਮੰਗ ਨੂੰ ਪੂਰਾ ਨਹੀਂ ਹੋਣ ਦਿੱਤਾ ਗਿਆ।

ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਜਨਰਲ ਸਕੱਤਰ ਲਖਵੀਰ ਸਿੰਘ ਲੌਂਗੋਵਾਲ ਨੇ ਕਿਹਾ ਕਿ ਅੱਜ ਵੀ ਦਲਿਤ ਮਜ਼ਦੂਰਾਂ ਨਾਲ ਜਾਤੀ ਤੌਰ 'ਤੇ ਧੱਕੇ ਵਿਤਕਰੇ ਜਾਰੀ ਹਨ, ਜਿਸ ਕਾਰਨ ਗੁੱਜਰਾਂ, ਮੋਰਾਂਵਾਲੀ ਤੇ ਭੈਣ ਪੰਪੋਸ ਦੇ ਕਾਤਲ ਵਰਗੇ ਕਾਂਡ ਪੰਜਾਬ ਦੀ ਧਰਤੀ 'ਤੇ ਨਿੱਤ ਦਿਨ ਵਾਪਰ ਰਹੇ ਹਨ। ਅੱਜ ਵੀ 1964 ਦਾ ਕਾਨੂੰਨ ਬਣੇ ਹੋਣ ਦੇ ਬਾਵਜੂਦ ਪੰਚਾਇਤੀ ਜ਼ਮੀਨ 'ਚੋਂ ਆਪਣਾ ਹੱਕ ਲੈਣ ਲਈ ਤਿੱਖੇ ਸੰਘਰਸ਼ ਕਰਨੇ ਪੈ ਰਹੇ ਹਨ। ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਦੇ ਸੂਬਾ ਆਗੂ ਬਲਵਿੰਦਰ ਸਿੰਘ ਜਲੂਰ ਨੇ ਕਿਹਾ ਕਿ ਆਓ ਆਪਣੇ ਹੱਕਾਂ ਨੂੰ ਪ੍ਰਾਪਤ ਕਰਨ ਲਈ ਜਥੇਬੰਦ ਹੋਈਏ।

ਪਿੰਡ ਬੀਰ ਕਲਾਂ ਦੀ ਕਮੇਟੀ ਵੱਲੋਂ ਹਰਮਨ ਸਿੰਘ, ਲਖਵੀਰ ਸਿੰਘ ਲੌਂਗੋਵਾਲ ਅਤੇ ਉਨ੍ਹਾਂ ਦੀ ਜੀਵਨ ਸਾਥਣ ਵੀਰਪਾਲ ਕੌਰ ਤੇ ਬਲਵਿੰਦਰ ਸਿੰਘ ਜਲੂਰ ਦਾ ਸਨਮਾਨ ਕੀਤਾ ਗਿਆ।

ਸਟੇਜ ਸਕੱਤਰ ਦੀ ਜ਼ਿੰਮੇਵਾਰੀ ਗੁਰਦੀਪ ਸਿੰਘ ਵੱਲੋਂ ਬਾਖੂਬੀ ਨਿਭਾਈ ਗਈ। ਵੱਖ-ਵੱਖ ਪਿੰਡਾਂ ਤੋਂ ਆਏ ਲੋਕਾਂ ਦਾ ਬੂਟਾ ਸਿੰਘ ਵੱਲੋਂ ਧੰਨਵਾਦ ਕੀਤਾ ਗਿਆ।

## ਸਰਵਹਿੱਤਕਾਰੀ ਵਿੱਦਿਆ ਮੰਦਰ ਦਾ ਨਤੀਜਾ ਸ਼ਾਨਦਾਰ



**ਜਗਰਾਓਂ (ਅਮਿਤ ਖੰਨਾ)**-ਸ਼੍ਰੀਮਤੀ ਸਤੀਸ਼ ਗੁਪਤਾ ਸਰਵਹਿੱਤਕਾਰੀ ਵਿੱਦਿਆ ਮੰਦਿਰ ਸੀਨੀਅਰ ਸੈਕੰਡਰੀ ਸਕੂਲ ਜਗਰਾਓਂ ਵਿਖੇ ਜਮਾਤ ਪੰਜਵੀਂ ਦਾ ਨਤੀਜਾ ਸਤ ਪ੍ਰਤੀਸ਼ਤ ਰਿਹਾ। ਜਮਾਤ ਪੰਜਵੀਂ ਵਿੱਚੋਂ 90% ਤੋਂ ਉੱਪਰ ਪੰਜ ਬੱਚੇ, 80% ਤੋਂ ਉੱਪਰ 14 ਬੱਚੇ ਤੇ 70% ਪ੍ਰਤੀਸ਼ਤ ਤੋਂ ਉੱਪਰ 13 ਬੱਚਿਆਂ ਨੇ ਪੁਜ਼ੀਸ਼ਨਾਂ ਹਾਸਲ ਕੀਤੀਆਂ। ਓਵਰ ਆਲ ਜਮਾਤ ਪੰਜਵੀਂ ਦਾ ਨਤੀਜਾ ਸਤ ਪ੍ਰਤਿਸ਼ਤ ਰਿਹਾ, ਜੋ ਕਿ ਬਹੁਤ ਹੀ ਲਾਸਾਨੀ ਉਪਲੱਬਧੀ ਹੈ। ਇਸ ਮੌਕੇ ਸਕੂਲ ਦੇ ਪੈਟਰਨ ਸ੍ਰ. ਰਵਿੰਦਰ ਸਿੰਘ ਵਰਮਾ, ਪ੍ਰਬੰਧਕ ਐਡਵੋਕੇਟ ਵਿਵੇਕ ਭਾਰਦਵਾਜ, ਵਿਭਾਗ ਸਚਿਵ ਦੀਪਕ ਗੋਇਲ, ਦਰਸ਼ਨ ਲਾਲ ਸ਼ਮੀ ਤੇ ਪ੍ਰਿੰਸੀਪਲ ਸ਼੍ਰੀਮਤੀ ਨੀਲੂ ਨਰੂਲਾ ਨੇ ਬੱਚਿਆਂ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ ਵਧਾਈਆਂ ਦਿੱਤੀਆਂ ਤੇ ਭਵਿੱਖ ਵਿੱਚ ਹੋਰ ਵੱਧ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

## ਜਥੇਦਾਰ ਹਰਿਆਊ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਸ਼੍ਰੋਮਣੀ ਅਕਾਲੀ ਦਲ ਸਰਕਲ ਪਾਤੜਾਂ ਸ਼ਹਿਰੀ ਦੀ ਮੀਟਿੰਗ ਪ੍ਰਧਾਨ ਗੋਬਿੰਦ ਸਿੰਘ ਵਿਰਦੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਨਿਰਮਲ ਸਿੰਘ ਹਰਿਆਊ ਦੇ ਅਚਾਨਕ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ। ਸਰਕਲ ਪ੍ਰਧਾਨ ਗੋਬਿੰਦ ਸਿੰਘ ਵਿਰਦੀ ਨੇ ਕਿਹਾ ਕਿ ਜਥੇਦਾਰ ਹਰਿਆਊ ਨਾ ਸਿਰਫ ਹਲਕਾ ਸ਼ੁਤਰਾਣਾ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਥੰਮ੍ਹ ਸਨ, ਸਗੋਂ ਪੰਜਾਬ ਭਰ ਵਿੱਚ ਉਨ੍ਹਾਂ ਦੀ ਆਪਣੀ ਇੱਕ ਵੱਖਰੀ ਪਛਾਣ ਸੀ। ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੇ ਮੈਂਬਰ ਹੁੰਦਿਆਂ ਉਨ੍ਹਾਂ ਵੱਲੋਂ ਕੀਤੇ ਗਏ ਕੰਮਾਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾ ਕਿਹਾ ਕਿ ਹਲਕਾ ਇੱਕ ਸੂਝਵਾਨ, ਦੂਰਅੰਦੇਸ਼ ਤੇ ਭਾਈਚਾਰਕ ਸਾਂਝ ਦੇ ਮੁਦਈ ਆਗੂ ਤੋਂ ਵਿਰਵਾ ਹੋ ਗਿਆ ਹੈ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜਥੇਦਾਰ ਹਰਚਰਨ ਸਿੰਘ ਬਜਾਜ, ਤੇਜਾ ਸਿੰਘ ਧੀਮਾਨ, ਬੂਟਾ ਸਿੰਘ ਬੱਤਰਾ, ਮਾਸਟਰ ਗੁਰਮੇਜ ਸਿੰਘ, ਕਰਨੈਲ ਸਿੰਘ ਵਿਰਦੀ, ਵਰੁਣ ਕਾਂਸਲ, ਦਵਿੰਦਰ ਲਾਲੀ, ਤਲਵਿੰਦਰ ਸਿੰਘ ਵਿਰਦੀ, ਹਰਦੀਪ ਸਿੰਘ ਸੋਹਲ, ਕੁਲਦੀਪ ਸਿੰਘ ਰੇਡਰ, ਜਸਵਿੰਦਰ ਸਿੰਘ, ਅਮਰਜੀਤ ਸਿੰਘ ਸਮਰਾ, ਬੇਅੰਤ ਸਿੰਘ ਵਿਰਦੀ, ਸੁਰਜੀਤ ਸਿੰਘ ਮਾਹਲ, ਸੁਖਦੇਵ ਸਿੰਘ ਜਿਉਣਪੁਰਾ, ਦਵਿੰਦਰ ਸਿੰਘ ਗੋਗੀ, ਕੁਲਦੀਪ ਸਿੰਘ ਰੱਲਨ, ਨਰਿੰਦਰ ਛੱਜੂ, ਅਮਰੀਕ ਠੇਕੇਦਾਰ, ਮੰਗਾ ਸਿੰਘ ਤੇ ਰਤਨ ਭੋਪਾਲ, ਸਰਿੰਦਰ ਆਦਿ ਹਾਜ਼ਰ ਸਨ।

## ਸਰਕਾਰੀ ਪ੍ਰਾਇਮਰੀ ਸਕੂਲ ਰਾਏਪੁਰ ਦਾ ਨਤੀਜਾ ਸ਼ਾਨਦਾਰ

**ਮਾਨਸਾ (ਆਤਮਾ ਸਿੰਘ ਪਮਾਰ)**

ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਪੰਜਵੀਂ ਸ਼੍ਰੇਣੀ ਦੇ ਐਲਾਨੇ ਗਏ ਨਤੀਜੇ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਰਾਏਪੁਰ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਮੁਖੀ ਵਰਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਦੇ ਵਿਦਿਆਰਥੀਆਂ ਹਰਮਨਪ੍ਰੀਤ ਕੌਰ ਪੁੱਤਰੀ ਲੱਖਾ ਸਿੰਘ ਨੇ 487/500 ਅੰਕ ਹਾਸਲ ਕਰਕੇ ਪਹਿਲਾ, ਏਕਨੂਰ ਸਿੰਘ ਪੁੱਤਰ ਗੁਰਮੁਖ ਸਿੰਘ ਨੇ 480/500 ਦੂਸਰਾ ਤੇ ਤਰਨਵੀਰ ਕੌਰ ਪੁੱਤਰੀ ਗੁਰਪ੍ਰੀਤ ਸਿੰਘ ਨੇ 479/500 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਪੰਜਵੀਂ ਜਮਾਤ ਦੇ ਇੰਚਾਰਜ ਮੈਡਮ ਕੁਲਵਿੰਦਰ ਕੌਰ ਨੇ ਦੱਸਿਆ ਕਿ ਹਿਮਾਂਸ਼ੂ ਪੁੱਤਰ ਸੋਨੂੰ ਕੁਮਾਰ ਨੇ 478/500, ਅਰਸ਼ਦੀਪ ਸਿੰਘ ਪੁੱਤਰ ਸੁਖਵਿੰਦਰ ਸਿੰਘ 476/500, ਗੁਰਨੂਰ ਕੌਰ ਭੱਟੀ ਪੁੱਤਰੀ ਜਗਸੀਰ ਸਿੰਘ ਨੇ 475/500, ਅਰੁਣ ਪੁੱਤਰ ਸੋਨੂੰ ਕੁਮਾਰ ਨੇ 473/500, ਨੂਰ ਸਿੰਘ ਪੁੱਤਰ ਗੁਰਜੀਤ ਸਿੰਘ ਨੇ 472/500 ਤੇ ਰਵਿੰਦਰ ਸਿੰਘ ਪੁੱਤਰ ਜਗਸੀਰ ਸਿੰਘ ਨੇ 472/500 ਅੰਕ ਪ੍ਰਾਪਤ ਕੀਤੇ। ਹੈੱਡ ਟੀਚਰ ਵਰਿੰਦਰ ਸਿੰਘ ਨੇ ਸਮੂਹ ਵਿਦਿਆਰਥੀਆਂ ਤੇ ਮਾਪਿਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਇਸ ਦਾ ਸਿਹਰਾ ਸਕੂਲ ਮੁਖੀ, ਵਿਦਿਆਰਥੀਆਂ ਤੇ ਜਮਾਤ ਇੰਚਾਰਜ ਦੀ ਮਿਹਨਤ ਨੂੰ ਜਾਂਦਾ ਹੈ। ਇਸ ਮੌਕੇ ਕਾਲਾ ਸਿੰਘ ਚੇਅਰਮੈਨ ਸਕੂਲ ਮੈਨੇਜਮੈਂਟ ਕਮੇਟੀ, ਸੰਦੀਪ ਸਿੰਘ ਈ. ਟੀ. ਟੀ., ਨਾਜਰ ਸਿੰਘ ਈ.ਟੀ.ਟੀ. ਨਿਰਮਲ ਸਿੰਘ ਸਮਾਜ ਸੇਵੀ, ਪ੍ਰਿਥੀ ਸਿੰਘ, ਗੁਰਮੁੱਖ ਸਿੰਘ, ਗੁਰਪ੍ਰੀਤ ਸਿੰਘ, ਗੁਰਜੀਤ ਸਿੰਘ, ਗੁਰਦੀਪ ਸਿੰਘ ਤੇ ਪਿੰਡ ਦੇ ਪਤਵੰਤੇ ਹਾਜ਼ਰ ਸਨ।

## ਦਵਿੰਦਰਜੀਤ ਕੌਰ ਨੇ ਸਿਵਲ ਸਰਜਨ ਵਜੋਂ ਅਹੁਦਾ ਸੰਭਾਲਿਆ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਸਰਕਾਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਹੁਕਮਾਂ ਅਨੁਸਾਰ ਡਾ. ਦਵਿੰਦਰਜੀਤ ਕੌਰ ਨੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਬਤੌਰ ਸਿਵਲ ਸਰਜਨ ਆਪਣਾ ਅਹੁਦਾ ਸੰਭਾਲ ਲਿਆ ਹੈ। ਡਾ. ਦਵਿੰਦਰਜੀਤ ਕੌਰ, ਜੋ ਕਿ ਗਾਈਨਾਕੋਲਜਿਸਟ ਹਨ, ਸੀਨੀਅਰ ਮੈਡੀਕਲ ਅਫਸਰ ਤੋਂ ਬਤੌਰ ਸਿਵਲ ਸਰਜਨ ਪਦ ਉਨਤ ਹੋਏ ਹਨ। ਅਹੁਦਾ ਸੰਭਾਲਣ ਮੌਕੇ ਦਫਤਰ ਵਿਖੇ ਸਿਹਤ ਪ੍ਰੋਗਰਾਮ ਅਫਸਰਾਂ ਤੇ ਸਮੂਹ ਸਟਾਫ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਡਾ. ਦਵਿੰਦਰਜੀਤ ਕੌਰ ਨੇ ਕਿਹਾ ਕਿ ਵਿਭਾਗ ਵੱਲੋਂ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ, ਉਹ ਉਸ ਨੂੰ ਪੂਰੀ ਇਮਾਨਦਾਰੀ ਤੇ ਮਿਹਨਤ ਨਾਲ ਨਿਭਾਉਣਗੇ ਅਤੇ ਸਿਹਤ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਮਿਆਰੀ ਸਿਹਤ ਸਹੂਲਤਾਂ ਜ਼ਿਲ੍ਹੇ ਦੇ ਸਾਰੇ ਨਾਗਰਿਕਾਂ ਤੱਕ ਪੁਹੰਚਾਉਣ ਲਈ ਵਚਨਬੱਧ ਹੋਣਗੇ।

ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਰਾਜੇਸ਼ ਕੁਮਾਰ, ਜ਼ਿਲ੍ਹਾ ਸਿਹਤ ਅਫਸਰ ਡਾ. ਨਵਜੋਤ ਕੌਰ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਸਰਿਤਾ, ਜ਼ਿਲ੍ਹਾ ਮਾਸ ਮੀਡੀਆ ਅਫਸਰ ਕਰਨੈਲ ਸਿੰਘ, ਸੁਪਰਡੈਂਟ ਭੂਸ਼ਨ ਕੁਮਾਰ ਆਦਿ ਮੌਜੂਦ ਸਨ।

# ਭਾਰਤ ਵਿਕਾਸ ਪ੍ਰੀਸ਼ਦ ਦੀ ਮਾਛੀਵਾੜਾ ਸ਼ਾਖਾ ਦਾ ਗਠਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਮਾਜ ਸੇਵਾ ਦੇ ਖੇਤਰ 'ਚ ਪੂਰੇ ਭਾਰਤ ਅੰਦਰ ਸੇਵਾਵਾਂ ਨਿਭਾਅ ਰਹੀ ਭਾਰਤ ਵਿਕਾਸ ਪ੍ਰੀਸ਼ਦ ਦੀ ਮਾਛੀਵਾੜਾ ਸ਼ਾਖਾ ਦਾ ਗਠਨ ਸਥਾਨਕ ਮਾਸਟਰ ਮਾਈਂਡ ਇੰਸਟੀਚਿਊਟ ਵਿਖੇ ਕੀਤਾ ਗਿਆ, ਜਿਸ ਵਿੱਚ ਉਚੇਚੇ ਤੌਰ 'ਤੇ ਪੁੱਜੇ ਪੰਜਾਬ ਪ੍ਰਧਾਨ ਮੈਡਮ ਅਰੁਣਾ ਪੁਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਪਰਕ, ਸਹਿਯੋਗ, ਸੰਸਕਾਰ, ਸੇਵਾ ਤੇ ਸਮਰਪਣ ਦਾ ਉਦੇਸ਼ ਲੈ ਕੇ ਚੱਲੀ ਭਾਰਤ ਵਿਕਾਸ ਪ੍ਰੀਸ਼ਦ ਸਮੁੱਚੇ ਦੇਸ਼ ਭਰ 'ਚ ਕਰੀਬ 1500 ਸ਼ਾਖਾਵਾਂ ਦੀ ਮੱਦਦ ਨਾਲ ਸੇਵਾ ਨਿਭਾਅ ਰਹੀ ਹੈ। ਉਨ੍ਹਾ ਕਿਹਾ ਕਿ ਅੱਜ ਦਸਮ ਪਾਤਸ਼ਾਹ ਜੀ ਦੀ ਚਰਨ ਛੋਹ ਪ੍ਰਾਪਤ ਨਗਰੀ ਮਾਛੀਵਾੜਾ ਸਾਹਿਬ ਵਿਖੇ ਸ਼ਾਖਾ ਦਾ ਖੁੱਲ੍ਹਣਾ ਭਾਰਤ ਵਿਕਾਸ ਪ੍ਰੀਸ਼ਦ ਲਈ ਬੜੇ ਮਾਣ ਵਾਲੀ ਗੱਲ ਹੈ। ਉਨ੍ਹਾ ਦੱਸਿਆ ਕਿ ਪੰਜਾਬ ਪੱਛਮੀ ਅਧੀਨ ਮਾਛੀਵਾੜਾ ਸ਼ਾਖਾ ਦੀ ਸੇਵਾ ਨਿਭਾਉਣ ਸਬੰਧੀ ਪ੍ਰਧਾਨ ਅੰਮ੍ਰਿਤਪਾਲ ਸਮਰਾਲਾ, ਸਕੱਤਰ ਹਰਬੰਸ ਲਾਲ ਚਾਨਣਾ, ਖਜ਼ਾਨਚੀ ਸਰਬਜੀਤ ਸਿੰਘ ਲੌਂਗੀਆ ਤੇ ਮਹਿਲਾ ਪ੍ਰਮੁੱਖ ਵਜੋਂ ਕਮਲਜੀਤ ਕੌਰ ਦੀ ਚੋਣ ਕੀਤੀ ਗਈ ਹੈ। ਉਨ੍ਹਾਂ ਨਵ-ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਲੋੜਵੰਦਾਂ ਤੇ ਬੇਸਹਾਰਿਆਂ ਲਈ ਸੇਵਾ ਨਿਭਾਉਣ ਦੇ ਨਾਲ-ਨਾਲ ਸਕੂਲੀ ਬੱਚਿਆਂ ਅੰਦਰ ਦੇਸ਼ ਭਗਤੀ ਤੇ ਸੰਸਕਾਰਾਂ ਨੂੰ ਪੈਦਾ ਕਰਨ ਵਿੱਚ ਆਪਣਾ ਯੋਗਦਾਨ ਪਾਉਣ। ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਅੰਮ੍ਰਿਤਪਾਲ ਸਮਰਾਲਾ ਨੇ ਭਾਰਤ ਵਿਕਾਸ ਪ੍ਰੀਸ਼ਦ ਦੀ ਸਮੂਹਕ ਜਥੇਬੰਦੀ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਆਪਣੇ ਸਾਥੀਆਂ ਸਮੇਤ ਨਿਰੰਤਰ ਸੇਵਾ ਨਿਭਾਉਣਗੇ। ਉਨ੍ਹਾਂ ਕਿਹਾ ਕਿ ਮਾਛੀਵਾੜਾ ਸ਼ਾਖਾ ਦੇ ਬਾਕੀ ਅਹੁਦੇਦਾਰਾਂ ਦੀ ਅਗਲੇ ਹਫ਼ਤੇ ਮੀਟਿੰਗ ਕਰਕੇ ਚੋਣ ਕਰ ਦਿੱਤੀ ਜਾਵੇਗੀ ਤੇ ਜਲਦੀ ਹੀ ਮਾਛੀਵਾੜਾ ਇਲਾਕੇ 'ਚ ਮੈਡੀਕਲ ਕੈਂਪ ਤੇ ਦਿਵਿਆਂਗਾਂ ਲਈ ਕੈਂਪ ਵੀ ਲਗਾਏ ਜਾਣਗੇ। ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਸਮਾਗਮ ਵਿੱਚ ਸਟੇਟ ਕਨਵੀਨਰ ਡਾ. ਸੰਦੀਪ ਨੇਗੀ, ਸਟੇਟ ਆਰਗੇਨਾਈਜ਼ਿੰਗ ਸਕੱਤਰ ਭੁਪਿੰਦਰ ਭੱਲਾ, ਸੰਸਕ੍ਰਿਤ ਸਪਤਾਹ ਕਨਵੀਨਰ ਸੁਰਿੰਦਰ ਕਾਂਸਲ, ਜ਼ਿਲ੍ਹਾ ਕੋਆਰਡੀਨੇਟਰ ਮੈਡਮ ਅਨੁਪਮਾ ਰਾਵਲ ਤੇ ਰਜਿੰਦਰ ਸਿੰਘ ਨੇਗੀ, ਡਾ. ਰਜਿੰਦਰ ਪ੍ਰਸ਼ਾਦ ਸ਼ਾਖਾ ਦੇ ਪ੍ਰਧਾਨ ਮਹੀਪਾਲ ਸਿੰਘ ਤੇ ਖਜ਼ਾਨਚੀ ਅਨੀਸ਼ ਗੁਪਤਾ ਵੀ ਵਿਸ਼ੇਸ਼ ਤੌਰ 'ਤੇ ਪੁੱਜੇ, ਜਿਨ੍ਹਾਂ ਵੱਲੋਂ ਸੰਸਥਾ ਦੇ ਨਿਯਮਾਂ ਤੇ ਕੰਮਾਂ ਪ੍ਰਤੀ ਵਿਸਥਾਰ ਸਹਿਤ ਜਾਣੂੰ ਕਰਵਾਇਆ ਗਿਆ।

# ਨਰੇਗਾ ਕੰਮ ਨੂੰ ਪਾਰਦਰਸ਼ੀ ਢੰਗ ਨਾਲ ਚਲਾਇਆ ਜਾਵੇ : ਆਗੂ

■ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੀ ਮੀਟਿੰਗ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**

ਬੀਤੇ ਦਿਨ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਛੱਤਿਆਣਾ ਦੀ ਮੀਟਿੰਗ ਯੂਨੀਅਨ ਦੇ ਆਗੂ ਸੁਰਜੀਤ ਸਿੰਘ ਛੱਤਿਆਣਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਨੂੰ ਸਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਬੋਹੜ ਸਿੰਘ ਸੁਖਨਾ ਨੇ ਕਿਹਾ ਕਿ ਨਰੇਗਾ ਕਾਮਿਆਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹੈ। ਇਸ ਕਰਕੇ ਨਰੇਗਾ ਕੰਮ ਪਾਰਦਰਸ਼ੀ ਢੰਗ ਨਾਲ ਚਲਾਇਆ ਜਾਵੇ ਅਤੇ ਕਈ ਪਿੰਡਾਂ ਵਿੱਚ ਨਰੇਗਾ ਦਾ ਕੰਮ ਬੰਦ ਪਿਆ ਹੈ। ਸਾਥੀ ਬੋਹੜ ਸਿੰਘ ਨੇ ਕਿਹਾ ਕਿ ਕਈ ਪਿੰਡਾਂ ਵਿੱਚ ਨਰੇਗਾ ਦੇ ਕੰਮ ਦਾ ਐਸਟੀਮੇਟ ਕਿਸੇ ਹੋਰ ਜਗ੍ਹਾ ਦਾ ਲਾਇਆ ਹੁੰਦਾ ਹੈ ਤੇ ਨਰੇਗਾ ਮਜ਼ਦੂਰਾਂ ਤੋਂ ਕੰਮ ਕਿਸੇ ਹੋਰ ਥਾਂ 'ਤੇ ਕਰਵਾਇਆ ਜਾਂਦਾ ਹੈ, ਜੋ ਸਰਾਸਰ ਗਲਤ ਹੈ ਅਤੇ ਨਰੇਗਾ ਮਜ਼ਦੂਰਾਂ ਨੂੰ ਜ਼ਲੀਲ ਕੀਤਾ ਜਾਂਦਾ ਹੈ। ਇਸ ਲਈ ਸਬੰਧਤ ਪ੍ਰਸ਼ਾਸਨ ਤੋਂ ਮੰਗ ਕੀਤੀ ਜਾਂਦੀ ਹੈ ਕਿ ਜਿੱਥੋਂ ਦਾ ਐਸਟੀਮੇਟ ਲੱਗਾ ਹੁੰਦਾ, ਉਸ ਜਗ੍ਹਾ 'ਤੇ ਕੰਮ ਕਰਵਾਇਆ ਜਾਵੇ। ਗਰਾਮ ਸੇਵਕ ਜਾਂ ਨਰੇਗਾ ਨਾਲ ਸਬੰਧਤ ਕੋਈ ਵੀ ਸਰਕਾਰੀ ਕਰਮਚਾਰੀ ਨਰੇਗਾ ਦੇ ਚਲਦੇ ਕੰਮ 'ਤੇ ਪਹੁੰਚ ਕੇ ਨਰੇਗਾ ਕਾਮਿਆਂ ਦੀਆਂ ਮਾਸਟ੍ਰੌਲ 'ਤੇ ਹਾਜ਼ਰੀਆਂ ਲਾਵੇ। ਆਗੂਆਂ ਨੇ ਕਿਹਾ ਕਿ ਸਾਲ ਵਿੱਚ ਹਰ ਨਰੇਗਾ ਕਾਮਿਆਂ ਦਾ ਸੌ ਦਿਨ ਦਾ ਕੰਮ ਪੂਰਾ ਕੀਤਾ ਜਾਵੇ ਤੇ ਕੰਮ ਮੰਗ ਅਰਜ਼ੀਆਂ ਦੀਆਂ ਰਸੀਦਾਂ ਤੁਰੰਤ ਦਿੱਤੀਆਂ ਜਾਣ ਅਤੇ ਜਿਨ੍ਹਾਂ ਨਰੇਗਾ ਕਾਮਿਆਂ ਦੀ ਕੀਤੇ ਕੰਮ ਦੀ ਬਕਾਇਆ ਰਾਸ਼ੀ ਰਹਿਦੀ ਹੈ, ਉਹ ਤੁਰੰਤ ਮਜ਼ਦੂਰਾਂ ਦੇ ਖਾਤਿਆਂ ਵਿੱਚ ਪਾਈ ਜਾਵੇ ਅਤੇ ਨਰੇਗਾ ਕਾਮਿਆਂ ਦੀ ਦਿਹਾੜੀ ਸੱਤ ਸੌ ਰੁਪਏ ਪ੍ਰਤੀ ਦਿਨ ਕੀਤਾ ਜਾਵੇ। ਇਸ ਮੌਕੇ ਕਾਮਰੇਡ ਜੀਤ ਸਿੰਘ ਛੱਤਿਆਣਾ, ਜੋਗਿੰਦਰ ਸਿੰਘ, ਬਚਿੱਤਰ ਸਿੰਘ, ਬਲਦੇਵ ਸਿੰਘ, ਗਰੀਬੂ ਸਿੰਘ, ਗੁਰਮੇਲ ਸਿੰਘ, ਚੰਨੂ ਸਿੰਘ, ਚੜਤਾ ਸਿੰਘ, ਦਰਸ਼ਨ ਸਿੰਘ, ਦੁਨੀ ਚੰਦ, ਨਛਮਣ ਸਿੰਘ, ਗੁਰਬਚਨ ਸਿੰਘ, ਗੁਰਮੀਤ ਸਿੰਘ, ਰਾਜਿੰਦਰ ਕੌਰ, ਰੁਪਿੰਦਰ ਕੌਰ ਮੈਂਬਰ, ਮਹਿੰਦਰੋ, ਸੁਖਜੀਤ ਕੌਰ, ਸੈਮੂਅਲ ਸਿੰਘ, ਭੀਮਾ ਸਿੰਘ ਤੇ ਵਧੇਰੇ ਗਿਣਤੀ ਵਿੱਚ ਔਰਤਾਂ ਵੀ ਹਾਜ਼ਰ ਸਨ।

# ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ 'ਚ ਲੱਗੀ

■ ਵਿਧਾਇਕ ਦੇਵ ਮਾਨ ਵੱਲੋਂ ਸ਼੍ਰੋਮਣੀ ਕਮੇਟੀ ਦਾ ਧੰਨਵਾਦ



**ਨਾਭਾ (ਵਰਿੰਦਰ ਵਰਮਾ)**-ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਈ ਗਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਨੇ ਤਸਵੀਰ ਤੋਂ ਪਰਦਾ ਹਟਾਇਆ, ਜਿਸ ਦਾ ਹਲਕਾ ਵਿਧਾਨ ਸਭਾ ਤੋਂ ਆਮ ਆਦਮੀ ਪਾਰਟੀ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾ ਦੱਸਿਆ ਕਿ ਮਹਾਰਾਜਾ ਰਿਪੁਦਮਨ ਸਿੰਘ ਨੇ ਪੰਥਕ ਸੋਚ 'ਤੇ ਪਹਿਰਾ ਦਿੰਦਿਆਂ ਆਪਣੇ ਜੀਵਨ ਅੰਦਰ ਕਈ ਅਹਿਮ ਕਾਰਜ ਕੀਤੇ ਸਨ। ਉਨ੍ਹਾ ਸੰਨ 1909 ਵਿੱਚ ਅਨੰਦ ਮੈਰਿਜ ਐਕਟ ਪਾਸ ਕਰਵਾਉਣ ਵਿੱਚ ਅਹਿਮ ਯੋਗਦਾਨ ਪਾਇਆ। ਇਸ ਦੇ ਨਾਲ ਹੀ ਸਾਕਾ ਸ੍ਰੀ ਨਨਕਾਣਾ ਸਾਹਿਬ ਸਮੇਂ ਸ਼੍ਰੋਮਣੀ ਕਮੇਟੀ ਦੇ ਸੱਦੇ 'ਤੇ ਕਾਲੀਆਂ ਦਸਤਾਰਾਂ ਬੰਨ੍ਹ ਕੇ ਰੋਸ ਪ੍ਰਗਟ ਕਰਨ ਵਾਲਿਆਂ ਵਿੱਚ ਵੀ ਮਹਾਰਾਜਾ ਨਾਭਾ ਸ਼ਾਮਲ ਸਨ। ਉਨ੍ਹਾ ਦੀਆਂ ਪੰਥਕ ਸੇਵਾਵਾਂ ਬਦਲੇ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਉਨ੍ਹਾ ਦੀ ਤਸਵੀਰ ਨੂੰ ਥਾਂ ਦਿੱਤੀ ਗਈ ਹੈ। ਤਸਵੀਰ ਸੁਸ਼ੋਭਤ ਕਰਨ ਸਬੰਧੀ ਰੱਖੇ ਗਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦਾ ਪੰਥਕ ਸੇਵਾਵਾਂ ਵਿੱਚ ਵੱਡਾ ਯੋਗਦਾਨ ਰਿਹਾ ਹੈ। ਉਨ੍ਹਾ ਕਿਹਾ ਕਿ ਆਪਣੀ ਤਾਜਪੋਸ਼ੀ ਦੌਰਾਨ ਮਹਾਰਾਜਾ ਰਿਪੁਦਮਨ ਸਿੰਘ ਨੇ ਅੰਗਰੇਜ਼ਾਂ ਦੀਆਂ ਰਵਾਇਤਾਂ ਦੀ ਥਾਂ ਗੁਰਮਤਿ ਦੀ ਵਿਧੀ ਨੂੰ ਤਰਜੀਹ ਦਿੱਤੀ ਤੇ ਇਸੇ ਤਰ੍ਹਾਂ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਰੋਸ ਵਜੋਂ ਕਾਲੀ ਦਸਤਾਰ ਸਜਾਉਣ ਦੇ ਨਾਲ-ਨਾਲ ਅਰਦਾਸ ਵਾਲੇ ਦਿਨ ਨਾਭਾ ਰਿਆਸਤ 'ਚ ਛੁੱਟੀ ਦਾ ਐਲਾਨ ਕੀਤਾ। ਇਸੇ ਕਰਕੇ ਹੀ ਉਹ ਅੰਗਰੇਜ਼ ਹਕੂਮਤ ਨੂੰ ਰੜਕਦੇ ਸਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪੰਥਕ ਸੋਚ ਹੋਣ ਕਰਕੇ ਹੀ ਮਹਾਰਾਜਾ ਨਾਭਾ ਨੂੰ ਅੰਗਰੇਜ਼ ਹਕੂਮਤ ਨੇ ਬਹਾਨਾ ਬਣਾ ਕੇ ਜ਼ਬਰਦਸਤੀ ਗੱਦੀਓਂ ਲਾਹਿਆ ਸੀ, ਜਿਸ ਦੇ ਰੋਸ ਵਜੋਂ ਸਿੱਖ ਪੰਥ ਨੇ ਮੋਰਚਾ ਲਗਾਇਆ। ਸ਼੍ਰੋਮਣੀ ਕਮੇਟੀ ਨੇ ਇਸ ਪੰਥਕ ਸ਼ਖ਼ਸੀਅਤ ਨੂੰ ਸਤਿਕਾਰ ਭੇਟ ਕਰਕੇ ਆਪਣਾ ਫ਼ਰਜ਼ ਨਿਭਾਇਆ ਹੈ। ਇਸ ਮੌਕੇ ਮਹਾਰਾਜਾ ਸ. ਰਿਪੁਦਮਨ ਸਿੰਘ ਦੇ ਪਰਿਵਾਰ ਵਿੱਚੋਂ ਬੀਬੀ ਪ੍ਰੀਤੀ ਸਿੰਘ ਨੇ ਕਿਹਾ ਕਿ ਸਾਨੂੰ ਆਪਣੇ ਪੁਰਖਿਆਂ 'ਤੇ ਮਾਣ ਹੈ। ਉਨ੍ਹਾ ਕਿਹਾ ਕਿ ਮਹਾਰਾਜਾ ਨਾਭਾ ਨੇ ਕਾਲੇ ਪਾਣੀ ਦੀ ਸਜ਼ਾ ਤਾਂ ਪ੍ਰਵਾਨ ਕੀਤੀ, ਪਰ ਅੰਗਰੇਜ਼ਾਂ ਨੂੰ ਮੁਆਫ਼ੀਨਾਮਾ ਨਹੀਂ ਲਿਖ ਕੇ ਦਿੱਤਾ। ਇਸੇ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ, ਸਿੱਖ ਵਿਦਵਾਨ ਸ੍ਰ. ਗਿਆਨ ਸਿੰਘ ਸੰਧੂ ਕੈਨੇਡਾ, ਸ੍ਰ. ਜਤਿੰਦਰਪਾਲ ਸਿੰਘ ਅਮਰੀਕਾ, ਸ਼੍ਰੋਮਣੀ ਕਮੇਟੀ ਸਕੱਤਰ ਸ੍ਰ. ਪ੍ਰਤਾਪ ਸਿੰਘ ਤੇ ਮਹਾਰਾਜਾ ਰਿਪੁਦਮਨ ਸਿੰਘ ਦੇ ਪੜਪੋਤੇ ਯੁਵਰਾਜ ਅਭੀ ਉਦੈਪ੍ਰਤਾਪ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਹਜ਼ੂਰੀ ਰਾਗੀ ਭਾਈ ਗੁਰਪ੍ਰੀਤ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਤੇ ਭਾਈ ਗੁਰਚਰਨ ਸਿੰਘ ਨੇ ਅਰਦਾਸ ਕੀਤੀ। ਸਮਾਗਮ 'ਚ ਪੁੱਜੇ ਮਹਾਰਾਜਾ ਨਾਭਾ ਦੇ ਪਰਿਵਾਰਕ ਮੈਂਬਰਾਂ ਤੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਵੱਲੋਂ ਮੇਲਾ ਵਿਸਾਖੀ 'ਤੇ ਫ੍ਰੀ ਮੈਡੀਕਲ ਕੈਂਪ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਤਲਵੰਡੀ ਸਾਬੋ ਦੀ ਮਹੀਨਾਵਾਰ ਮੀਟਿੰਗ ਡਾਕਟਰ ਗੁਰਮੇਲ ਸਿੰਘ ਘਈ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਜ਼ਿਲ੍ਹਾ ਬਠਿੰਡਾ ਤੋਂ ਸਲਾਹਕਾਰ ਬੂਟਾ ਸਿੰਘ ਸਿਵੀਆਂ ਜੀ ਹਾਜ਼ਰ ਹੋਏ। ਮੀਟਿੰਗ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿਸਾਖੀ ਕੈਂਪ 'ਤੇ ਲਗਾਉਣ ਬਾਰੇ ਵਿਚਾਰ ਕੀਤਾ ਗਿਆ, ਜੋ 12-13-14 ਅਪ੍ਰੈਲ ਨੂੰ ਲਗਾਇਆ ਜਾਵੇਗਾ। ਤਲਵੰਡੀ ਸਾਬੋ ਬਲਾਕ ਤੋਂ ਪਹੁੰਚੇ ਡਾਕਟਰ ਮੇਜਰ ਸਿੰਘ ਰਾਮਸਰਾ ਤੇ ਜਗਸੀਰ ਸਿੰਘ ਰਾਮਸਰਾ ਨੂੰ ਬਲਾਕ ਵੱਲੋਂ ਸਨਮਾਨਤ ਕੀਤਾ ਗਿਆ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਡਾਕਟਰ ਜੋਗਿੰਦਰ ਸਿੰਘ ਜਗਾ ਚੇਅਰਮੈਨ, ਨਛੱਤਰ ਸਿੰਘ ਨਥੇਹਾ ਮੀਤ ਪ੍ਰਧਾਨ, ਗਿਰਧਾਰੀ ਲਾਲ ਬਹਿਮਣ ਜਨਰਲ ਸੈਕਟਰੀ, ਮੀਤ ਪ੍ਰਧਾਨ ਭੋਲਾ ਸਿੰਘ ਸੇਖੂਪੁਰਾ, ਲਛਮਣ ਕੁਮਾਰ ਜਗਾ ਸਟੇਜ ਸੈਕਟਰੀ, ਗੁਰਨਾਮ ਸਿੰਘ ਖੋਖਰ, ਬਿੱਕਰ ਸਿੰਘ ਸਹਾਇਕ ਕੈਸ਼ੀਅਰ, ਭਰਪੂਰ ਸਿੰਘ ਸਿੰਗੋ ਸਰਕਲ ਪ੍ਰਧਾਨ, ਸੁਖਵਿੰਦਰ ਸਿੰਘ ਰਾਮਾਂ ਸਰਕਲ ਪ੍ਰਧਾਨ, ਜਸਵੀਰ ਸਿੰਘ ਰਾਮਾਂ ਦਿਹਾਤੀ, ਰਾਜ ਕੁਮਾਰ ਰਾਮਾਂ, ਮੋਦਨ ਸਿੰਘ ਸੁਖਲੱਧੀ, ਗੱਗੜ ਸਿੰਘ ਗਹਿਲੇਵਾਲਾ, ਨਰਿੰਦਰ ਸਿੰਘ ਬਹਿਮਣ, ਸੁਖਪਾਲ ਸਿੰਘ ਬਹਿਮਣ, ਜਰਨੈਲ ਸਿੰਘ ਕੌਰੇਆਣਾ, ਚਾਨਣ ਰਾਮ ਜਗਾ, ਰਛਪਾਲ ਸਿੰਘ ਤਲਵੰਡੀ, ਸੁਰੇਸ਼ ਕੁਮਾਰ ਤਲਵੰਡੀ ਸਾਬੋ, ਜਗਸੀਰ ਸਿੰਘ ਸਿੰਗੋ, ਜਗਦੀਸ਼ ਸਿੰਘ ਭੱਟੀ ਸਿੰਗੋ, ਦਰਸ਼ਨ ਸਿੰਘ ਸੁਖਲੱਧੀ, ਵਿੱਕੀ ਸੇਠ ਰਾਮਾਂ, ਹਰਵਿੰਦਰ ਸਿੰਘ ਚਹਿਲਾਂ ਵਾਲਾ, ਕੁਲਵੰਤ ਸਿੰਘ, ਵਰਿੰਦਰ ਬਸੇਟੀਆ, ਪਰਮਜੀਤ ਸਿੰਘ ਮਾਹੀਨੰਗਲ, ਗੁਰਦੀਪ ਸਿੰਘ, ਗੁਰਪ੍ਰੀਤ ਸਿੰਘ ਸੁਖਲੱਧੀ, ਗੁਰਵਿੰਦਰ ਸਿੰਘ ਬੰਗੀ, ਹਰਦੀਪ ਸਿੰਘ, ਨਵਦੀਪ ਸਿੰਘ, ਰਾਜਾ ਸਿੰਘ ਵੈਦ, ਸੁਖਦੇਵ ਸਿੰਘ ਮਿਰਜੇਆਣਾ, ਕੁਲਵਿੰਦਰ ਸਿੰਘ ਕੋਟ ਬਖਤੂ, ਅੰਤਰ ਸਿੰਘ ਮਾਨਵਾਲਾ, ਜਰਨੈਲ ਸਿੰਘ ਕੌਰੇਆਣਾ, ਪਰਗਟ ਸਿੰਘ ਕੋਟ ਫੱਤਾ ਆਦਿ ਬਹੁਤ ਸਾਰੇ ਡਾਕਟਰ ਸਾਥੀ ਹਾਜ਼ਰ ਹੋਏ।

# ਨਾਜਾਇਜ਼ ਸ਼ਰਾਬ ਤੇ ਮੋਟਰਸਾਈਕਲ ਬਰਾਮਦ, ਦੋਸ਼ੀ ਫਰਾਰ



**ਮਜੀਠਾ (ਸੋਇਮ ਆਨੰਦ)**-ਪੁਲਸ ਜ਼ਿਲ੍ਹਾ ਮੁਖੀ ਅੰਮ੍ਰਿਤਸਰ ਦਿਹਾਤੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਐੱਸਐੱਚਓ ਮਜੀਠਾ ਮਨਮੀਤਪਾਲ ਸਿੰਘ ਦੀ ਨਿਗਰਾਨੀ ਹੇਠ ਮਾੜੇ ਅਨਸਰਾਂ ਦੀ ਤਲਾਸ਼ ਵਿੱਚ ਆਬਕਾਰੀ ਵਿਭਾਗ ਦੇ ਇੰਸਪੈਕਟਰ ਅਵਤਾਰ ਸਿੰਘ ਅਤੇ ਮਜੀਠਾ ਪੁਲਸ ਦੇ ਏਐੱਸਆਈ ਕੁਲਦੀਪ ਸਿੰਘ ਦੀ ਅਗਵਾਈ ਵਾਲੀ ਟੀਮ ਵੱਲੋਂ ਸਾਂਝੇ ਤੌਰ 'ਤੇ ਚਲਾਏ ਅਪਰੇਸ਼ਨ ਦੌਰਾਨ ਭਾਰੀ ਮਾਤਰਾ ਵਿੱਚ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਗਈ। ਮਿਲੀ ਜਾਣਕਾਰੀ ਅਨੁਸਾਰ ਸਵੇਰੇ ਤੜਕਸਾਰ ਪਿੰਡ ਭੰਗਵਾਂ ਤੋਂ ਭੋਮਾ ਵੱਲ ਜਾਂਦੀ ਸੜਕ 'ਤੇ ਪੁਲਸ ਪਾਰਟੀ ਨੇ ਨਾਕਾ ਲਗਾਇਆ ਸੀ। ਹਨੇਰੇ ਵਿੱਚ ਇੱਕ ਮੋਟਰਸਾਈਕਲ ਆਉਂਦਾ ਦਿਖਾਈ ਦਿੱਤਾ। ਜਦੋਂ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਕਤ ਮੋਟਰਸਾਈਕਲ ਚਾਲਕ ਮੋਟਰਸਾਈਕਲ ਕਣਕ ਦੇ ਖੇਤ ਵਿੱਚ ਸੁੱਟ ਕੇ ਭੱਜ ਗਿਆ। ਪੁਲਸ ਪਾਰਟੀ ਨੇ ਕਣਕ ਦੇ ਖੇਤ ਵਿੱਚ ਜਾ ਕੇ ਦੇਖਿਆ ਤਾਂ ਉਥੇ ਇੱਕ ਕਾਲੇ ਰੰਗ ਦਾ ਸਪਲੈਂਡਰ ਮੋਟਰਸਾਈਕਲ ਬਿਨਾਂ ਨੰਬਰ 'ਤੇ ਲੱਦੀਆਂ ਸ਼ਰਾਬ ਦੀਆਂ ਥੈਲੀਆਂ ਬਰਾਮਦ ਕੀਤੀਆਂ ਜਿਨ੍ਹਾਂ ਦੀ ਮਿਕਦਾਰ ਕਰੀਬ 100 ਬੋਤਲਾਂ ਜਾਂਚੀ ਗਈ। ਇੰਸਪੈਕਟਰ ਅਵਤਾਰ ਸਿੰਘ, ਏਐੱਸਆਈ ਕੁਲਦੀਪ ਸਿੰਘ ਦੀ ਟੀਮ ਵਿੱਚ ਸਰਕਲ ਇੰਚਾਰਜ ਬਲਵਿੰਦਰ ਸਿੰਘ, ਲਵਪ੍ਰੀਤ ਸਿੰਘ, ਅਸ਼ਵਨੀ ਸ਼ਰਮਾ ਦੀ ਟੀਮ ਵੱਲੋਂ ਮੋਟਰਸਾਈਕਲ ਅਤੇ ਨਾਜਾਇਜ਼ ਸ਼ਰਾਬ ਮਜੀਠਾ ਥਾਣਾ ਵਿਖੇ ਲਿਆ ਕੇ ਨਾਮਲੂਮ ਵਿਅਕਤੀ ਖਿਲਾਫ ਬਣਦੀਆਂ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਛਾਪੇਮਾਰੀ ਸ਼ੁਰੂ ਕਰ ਦਿੱਤੀ।

## ਲੋਕ ਇਨਸਾਫ ਪ੍ਰੈੱਸ ਕਲੱਬ ਪੰਜਾਬ ਨੇ ਲਏ ਅਹਿਮ ਫੇਸਲੈ



**ਗਹਿਰੀ ਮੰਡੀ (ਮਨਜੀਤ ਸਿੰਘ ਮਿੰਟੂ)**-ਲੋਕ ਇਨਸਾਫ ਪ੍ਰੈੱਸ ਕਲੱਬ ਪੰਜਾਬ ਦੀ ਮੀਟਿੰਗ ਨਿਊ ਅੰਮ੍ਰਿਤਸਰ ਪ੍ਰੈੱਸ ਕਲੱਬ ਵਿਚ ਪੰਜਾਬ ਪ੍ਰਧਾਨ ਜੀਵਨ ਸ਼ਰਮਾ ਦੀ ਰਹਿਨਮਾਈ ਹੇਠ ਹੋਈ, ਜਿਸ ਵਿਚ ਕੁਝ ਸਮਾਜਿਕ ਮੁੱਦਿਆਂ ਨੂੰ ਲੈ ਕੇ ਵਿਚਾਰਾਂ ਕੀਤੀਆਂ ਗਈਆਂ। ਮੀਟਿੰਗ ਦੌਰਾਨ ਕਲੱਬ ਦੇ ਵਾਈਸ ਚੇਅਰਮੈਨ (ਪੰਜਾਬ) ਨੇ ਕਿਹਾ ਕਿ ਸਾਨੂੰ ਸਾਰੇ ਪੱਤਰਕਾਰ ਭਾਈਚਾਰੇ ਨੂੰ ਇੱਕ ਜਗ੍ਹਾ ਇਕੱਤਰ ਹੋਣ ਦੀ ਲੋੜ ਹੈ। ਪੰਜਾਬ ਦੇ ਜਨਰਲ ਸੱਕਤਰ ਮਨਜੀਤ ਸਿੰਘ ਮਿੰਟੂ ਨੇ ਆਖਿਆ ਕਿ ਪੰਜਾਬ ਵੇਖੋ ਕਿਸ ਰੁਖ ਵੱਲ ਜਾ ਰਿਹਾ ਹੈ, ਆਪਾਂ ਸਾਰਿਆਂ ਨੂੰ ਰਲ ਕੇ ਪੰਜਾਬ ਨੂੰ ਜੋੜ ਕੇ ਰੱਖਣ ਲਈ ਨਵੀਆਂ ਵਿਉਂਤਬੰਦੀਆਂ ਘੜਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਹ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਆਪਣੇ ਹਲਕੇ ਦੇ ਜਿੰਨੇ ਵੀ ਕਲੱਬ ਹਨ ਉਨ੍ਹਾਂ ਨਾਲ ਤਾਲਮੇਲ ਕਰਕੇ ਇੱਕ ਮਹੀਨਾਵਾਰੀ ਮੀਟਿੰਗ ਰੱਖ ਕੇ ਮੁਸ਼ਕਲਾਂ ਨੂੰ ਸੁਲਝਾਇਆ ਜਾ ਸਕਦਾ ਹੈ। ਜੀਵਨ ਸ਼ਰਮਾ ਨੇ ਕਿਹਾ ਕਿ ਅਗਲੀ ਮੀਟਿੰਗ ਵਿਚ ਹੋਰ ਵੀ ਨਵੀਆਂ ਨਿਯੁਕਤੀਆਂ ਕੀਤੀਆਂ ਜਾਣਗੀਆਂ ਅਤੇ ਨਵੇਂ ਉਪਰਾਲੇ ਵੀ ਕੀਤੇ ਜਾਣਗੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਸਿੰਘ ਸਾਹਲ, ਵਾਈਸ ਪ੍ਰਧਾਨ ਸੁਰਿੰਦਰ ਸਿੰਘ ਸੋਨੂੰ, ਗਗਨਦੀਪ ਸਿੰਘ, ਬਲਰਾਜ ਸਿੰਘ ਕੈਸ਼ੀਅਰ (ਪੰਜਾਬ), ਗੁਰਪ੍ਰੀਤ ਸਿੰਘ ਗੋਲਡੀ ਅਤੇ ਦੀਪਕ ਕੁਮਾਰ ਆਦਿ ਹਾਜ਼ਰ ਸਨ।

## ਭਰੋਵਾਲ ਤੋਂ ਨੌਵੀਂ ਗੁਰਧਾਮਾਂ ਦੀ ਯਾਤਰਾ ਆਰੰਭ

**ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)**— ਪਿੰਡ ਭਰੋਵਾਲ ਗੁਰਦੁਆਰਾ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕਰਕੇ ਭਰੋਵਾਲ ਤੋਂ ਹਰ ਸਾਲ ਦੀ ਤਰ੍ਹਾਂ 9 ਵੀ ਗੁਰਧਾਮਾਂ ਦੀ ਯਾਤਰਾ ਅਰੰਭ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਲਾਲ ਰੂਹਾਨੀ ਨੇ ਦੱਸਿਆ ਕਿ ਇਹ ਯਾਤਰਾ ਬੀਬੀ ਹਰਮਨਜੀਤ ਕੌਰ ਤੇ ਉਦਮ ਸਦਕਾ ਹਰ ਸਾਲ ਪਿੰਡ ਭਰੋਵਾਲ ਤੋਂ ਆਰੰਭ ਹੋ ਕੇ ਤੱਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਯਾਤਰਾ ਤਕਰੀਬਨ 500 ਦੇ ਕਰੀਬ ਸਰਧਾਲੂਆਂ ਨੂੰ ਨਾਲ ਲੈਕੇ 45 ਗੁਰਦੁਆਰਿਆਂ ਦੇ ਦਰਸ਼ਨ ਸੰਗਤਾਂ ਨੂੰ ਕਰਵਾਏ ਜਾਂਦੇ ਹਨ। ਇਹ ਯਾਤਰਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਤਿੰਨ ਦਿਨ ਦੀ ਹੈ ਜਿਸ ਵਿੱਚ ਮਾਤਾਵਾਂ, ਭੈਣਾਂ, ਬਜ਼ੁਰਗ ਤੇ ਬੱਚੇ ਵੀ ਸ਼ਾਮਲ ਹੁੰਦੇ ਹਨ। ਇਸ ਯਾਤਰਾ ਦੌਰਾਨ ਨੌਜਵਾਨ ਪੀੜ੍ਹੀ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ ਜਾਂਦਾ ਹੈ ਤੇ ਸਿੱਖੀ ਵੱਲ ਪ੍ਰੇਰਿਤ ਕੀਤਾ ਜਾਂਦਾ ਹੈ। ਇਸ ਮੌਕੇ ਬੀਬੀ ਹਰਮਨਜੀਤ ਕੌਰ ਤੋਂ ਇਲਾਵਾ ਕਵਲਜੀਤ ਸਿੰਘ ਸੋਨੂੰ ਹੀਰੋ, ਠੇਕੇਦਾਰ ਮੰਗਲ ਸਿੰਘ, ਬਾਬਾ ਪਰਮਿੰਦਰ ਸਿੰਘ, ਸਿਰਹਾਲੀ ਰੂਹਾਨੀ ਬ੍ਰਦਰਜ਼, ਸੁਰਜੀਤ ਲਾਲਕਾ, ਜਗਰੂਪ ਸਿੰਘ ਅਤੇ ਗੁਰਲਾਲ ਰੂਹਾਨੀ ਹਾਜ਼ਰ ਸਨ।

# ਈਟੀਓ ਵੱਲੋਂ ਰਣਜੀਤ ਸਾਗਰ ਡੈਮ ਤੇ ਸ਼ਾਹਪੁਰ ਕੰਡੀ ਪ੍ਰੋਜੈਕਟ ਦਾ ਦੌਰਾ

**ਪਠਾਨਕੋਟ (ਦਵਿੰਦਰ ਸਿੰਘ)**-ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਐਤਵਾਰ ਨੂੰ ਰਣਜੀਤ ਸਾਗਰ ਡੈਮ ਅਤੇ ਸ਼ਾਹਪੁਰ ਕੰਡੀ ਪ੍ਰੋਜੈਕਟ ਦਾ ਦੌਰਾ ਕੀਤਾ। ਉਨ੍ਹਾਂ ਪਾਵਰ ਹਾਊਸ ਅਤੇ ਗਰਿਡ ਸਬ-ਸਟੇਸ਼ਨ ਦਾ ਬਾਰੀਕੀ ਨਾਲ ਦੌਰਾ ਕੀਤਾ ਅਤੇ ਭਰੋਸਾ ਦਿੱਤਾ ਕਿ ਆਉਣ ਵਾਲੇ ਪੈਡੀ ਸੀਜ਼ਨ ਦੌਰਾਨ ਰਣਜੀਤ ਸਾਗਰ ਡੈਮ ਬਿਜਲੀ ਪੂਰਤੀ ਲਈ ਆਪਣੀ ਪੂਰੀ ਸਮਰੱਥਾ ਨਾਲ ਕੰਮ ਕਰੇਗਾ। ਬਿਜਲੀ ਮੰਤਰੀ ਨੇ ਸ਼ਾਹਪੁਰ ਕੰਡੀ ਪ੍ਰੋਜੈਕਟ ਦਾ ਦੌਰਾ ਕਰਨ ਸਮੇਂ ਪੀਐੱਸਪੀਸੀਐੱਲ ਅਤੇ ਜਲ ਸਰੋਤ ਵਿਭਾਗ ਦੇ ਅਧਿਕਾਰੀਆਂ ਨੂੰ ਮਿੱਥੇ ਸਮੇ ਵਿੱਚ ਸ਼ਾਹਪੁਰ ਕੰਡੀ ਪ੍ਰੋਜੈਕਟ ਨੂੰ ਪੂਰਾ ਕਰਨ ਦੇ ਆਦੇਸ਼ ਦਿੱਤੇ। ਉਨ੍ਹਾਂ ਰਣਜੀਤ ਸਾਗਰ ਡੈਮ ਅਤੇ ਸ਼ਾਹਪੁਰ ਕੰਡੀ ਵਿੱਚ ਚੱਲ ਰਹੇ ਕਾਰਜਾਂ 'ਤੇ ਸੰਤੁਸ਼ਟੀ ਜ਼ਾਹਿਰ ਕਰਦਿਆਂ ਕਿਹਾ ਕਿ ਇਹ ਪ੍ਰੋਜੈਕਟ ਮੁਕੰਮਲ ਹੋਣ ਮਗਰੋਂ ਬਿਜਲੀ ਉਤਪਾਦਨ ਦੇ ਖੇਤਰ 'ਚ ਅਹਿਮ ਰੋਲ ਅਦਾ ਕਰਨਗੇ। ਇਸ ਮੌਕੇ ਮੰਤਰੀ ਨੇ ਰਣਜੀਤ ਸਾਗਰ ਡੈਮ ਦੇ ਸ਼ਹੀਦੀ ਸਮਾਰਕ 'ਤੇ ਜਾ ਕੇ ਇਸ ਡੈਮ ਦੀ ਉਸਾਰੀ ਸਮੇਂ ਸ਼ਹੀਦ ਹੋਏ



ਕਰਮਚਾਰੀਆਂ ਨੂੰ ਸ਼ਰਧਾਂਜਲੀ ਵੀ ਭੇਟ ਕੀਤੀ। ਇਸ ਮੌਕੇ ਪੀਐੱਸਪੀਸੀਐੱਲ ਦੇ ਮੁੱਖ ਇੰਜੀਨੀਅਰ ਹਾਈਡਲ ਪ੍ਰੋਜੈਕਟਸ ਇੰਦਰਪਾਲ ਸਿੰਘ, ਉਪ ਮੁੱਖ ਇੰਜੀਨੀਅਰ ਰਵਿੰਦਰ ਕੁਮਾਰ, ਜਲ ਸਰੋਤ ਵਿਭਾਗ ਦੇ ਇੰਜੀਨੀਅਰ ਜਸਵੀਰ ਪਾਲ ਅਤੇ ਕਾਰਜਕਾਰੀ ਇੰਜੀਨੀਅਰ ਲਖਵਿੰਦਰ ਸਿੰਘ ਹਾਜ਼ਰ ਸਨ।

## ਰਾਸ਼ਨ ਤੋਂ ਵਿਰਵੇ ਮਜ਼ਦੂਰਾਂ ਫੂਡ ਸਪਲਾਈ ਅਫਸਰ ਨੂੰ ਦਿੱਤਾ ਮੰਗ ਪੱਤਰ



**ਮਜੀਠਾ (ਮਨਮੋਹਨ ਸਿੰਘ)**-ਸੀਪੀਆਈ ਜ਼ਿਲ੍ਹਾ ਕੌਂਸਲ ਅੰਮ੍ਰਿਤਸਰ ਵਲੋਂ ਜ਼ਿਲ੍ਹਾ ਫੂਡ ਸਪਲਾਈ ਅਫਸਰ ਨੂੰ ਮਜ਼ਦੂਰਾਂ ਨੂੰ ਰਾਸ਼ਨ ਨਾ ਮਿਲਣ ਕਰਕੇ ਮੰਗ ਪੱਤਰ ਦਿੱਤਾ ਗਿਆ। ਇਸ ਵੇਲੇ ਜ਼ਿਲ੍ਹਾ ਸੈਕਟਰੀ ਸੀਪੀਆਈ ਲਖਬੀਰ ਸਿੰਘ ਨਿਜ਼ਾਮਪੁਰਾ ਨੇ ਖੁਰਾਕ ਸਪਲਾਈ ਅਫਸਰ ਨੂੰ ਕਿਹਾ ਕਿ ਪਿੰਡਾਂ ਵਿੱਚ ਲੋੜਵੰਦ ਲੋਕਾਂ ਨੂੰ ਕਣਕ ਨਹੀਂ ਮਿਲ ਰਹੀ ਜਦੋਂਕਿ ਪਿੰਡਾਂ ਦੇ ਧਨਾਡ ਲੋਕ ਕਣਕ ਡਿਪੂ ਹੋਲਡਰਾਂ ਨਾਲ ਮਿਲ ਕੇ ਪਹਿਲਾਂ ਹੀ ਕਣਕ ਲੈ ਜਾਂਦੇ ਹਨ। ਇਸ ਮੌਕੇ ਜ਼ਿਲ੍ਹਾ ਸਹਾਇਕ ਸੈਕਟਰੀ ਮੰਗਲ ਸਿੰਘ ਖਜਾਲਾ ਅਤੇ ਨਰਿੰਦਰ ਬੱਲ, ਬਲਵਿੰਦਰ ਸਿੰਘ ਦੁਧਾਲਾ ਨੇ ਜ਼ਿਲ੍ਹਾ ਅਫਸਰ ਨੂੰ ਦੱਸਿਆ ਕਿ ਪਿੰਡਾਂ ਵਿੱਚ ਪਿਛਲੇ ਲੰਮੇ ਸਮੇਂ ਤੋਂ ਦਾਲ ਸਪਲਾਈ ਬੰਦ ਕੀਤੀ ਹੋਈ ਹੈ। ਇਸਨੂੰ ਛੇਤੀ ਤੋਂ ਛੇਤੀ ਚਾਲੂ ਕੀਤਾ ਜਾਵੇ। ਇਸ ਮੌਕੇ ਮੰਗ ਪੱਤਰ ਦੇਣ ਵਾਲਿਆਂ ਵਿੱਚ ਬਲਕਾਰ ਦੁਧਾਲਾ, ਗੁਰਦੀਪ ਸਿੰਘ ਗੁਰੂਵਾਲੀ, ਜੋਗਿੰਦਰ ਸਿੰਘ, ਸੁਖਵਿੰਦਰ ਸਿੰਘ ਚਵਿੰਡਾ ਦੇਵੀ, ਜਸਪਾਲ ਸਿੰਘ, ਬਲਬੀਰ ਸਿੰਘ ਗੁਮਾਨਪੁਰਾ, ਪ੍ਰਕਾਸ਼ ਸਿੰਘ ਕੈਰੋਨੰਗਲ, ਹਰਵਿੰਦਰ ਸਿੰਘ ਤੇ ਸਤਪਾਲ ਲਹਿਰਕਾ ਵੀ ਇਸ ਮੌਕੇ ਨਾਲ ਸਨ। ਇਹ ਮੰਗ ਪੱਤਰ ਜ਼ਿਲ੍ਹਾ ਸਪਲਾਈ ਅਫਸਰ ਮਹਿੰਦਰ ਅਰੋੜਾ ਨੇ ਪ੍ਰਾਪਤ ਕੀਤਾ ਅਤੇ ਸੀਪੀਆਈ ਦੇ ਲੀਡਰਾਂ ਨੂੰ ਯਕੀਨ ਦਿਵਾਇਆ ਕਿ ਗਰੀਬ ਲੋਕਾਂ ਅਤੇ ਮਜ਼ਦੂਰਾਂ ਨੂੰ ਨਿਰਵਿਘਨ ਸਪਲਾਈ ਯਕੀਨੀ ਬਣਾਈ ਜਾਵੇਗੀ।

## ਗੁਰੂ ਨਾਨਕ ਦੇਵ ਅਕੈਡਮੀ ਦੇ ਬੱਚੇ ਨਗਰ ਕੀਰਤਨ 'ਚ ਹੋਏ ਸ਼ਾਮਲ

**ਤਰਨਤਾਰਨ (ਪ੍ਰਿਤਪਾਲ ਸਿੰਘ)**-ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਸਾਹਿਬ ਵਿਖੇ ਸ੍ਰੀ ਗੁਰੂ ਅਰਜਨ ਦੇਵ ਕੀਰਤਨੀ ਸਭਾ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਨਗਰ ਕੀਰਤਨ ਵਿੱਚ ਗੁਰੂ ਨਾਨਕ ਦੇਵ ਅਕੈਡਮੀ ਦੇ ਪ੍ਰਿੰਸੀਪਲ ਮੈਡਮ ਜਸਪਾਲ ਕੌਰ ਸਿੱਧੂ ਵੱਲੋਂ ਬੱਚਿਆਂ ਨੂੰ ਸ਼ਮੂਲੀਅਤ ਕਰਨ ਲਈ ਭੇਜਿਆ ਗਿਆ। ਸਟਾਫ ਅਤੇ ਬੱਚਿਆਂ ਨੇ ਬੜੀ ਸ਼ਰਧਾ ਭਾਵਨਾ ਸਹਿਤ ਸੇਵਾ ਨਿਭਾਈ। ਨਗਰ ਕੀਰਤਨ ਦੀ ਸੰਪੂਰਨਤਾ ਸਮੇਂ ਸ੍ਰੀ ਗੁਰੂ ਅਰਜਨ ਦੇਵ ਕੀਰਤਨੀ ਸਭਾ ਵੱਲੋਂ ਗੁਰੂ ਨਾਨਕ ਦੇਵ ਅਕੈਡਮੀ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਮਿਊਜ਼ਿਕ ਦੇ ਅਧਿਆਪਕ ਨਿਸ਼ਾਨ ਸਿੰਘ, ਧਾਰਮਿਕ ਵਿੱਦਿਆ ਦੇ ਅਧਿਆਪਕ ਪ੍ਰਿਸਪਾਲ ਸਿੰਘ, ਡੀ. ਪੀ. ਗੁਰਪ੍ਰਤਾਪ ਸਿੰਘ ਅਤੇ ਸਕੂਲ ਦੇ ਪ੍ਰਿੰਸੀਪਲ ਮੈਡਮ ਜਸਪਾਲ ਕੌਰ ਸਿੱਧੂ ਮੌਜੂਦ ਸਨ।




# ਪ੍ਰਿੰ. ਨਿਰਮਲ ਭੰਗੂ ਦੀ ਮਿੱਠੀ ਯਾਦ 'ਚ ਮਹਾਨ ਕਵੀ ਦਰਬਾਰ ਆਯੋਜਿਤ

**ਮਜੀਠਾ (ਸੋਇਮ ਆਨੰਦ)**-ਸਿੱਖਿਆ ਦੇ ਖੇਤਰ ਵਿੱਚ ਨੈਸ਼ਨਲ ਐਵਾਰਡ ਪ੍ਰਾਪਤ ਸਵਰਗੀ ਪ੍ਰਿੰਸੀਪਲ ਨਿਰਮਲ ਸਿੰਘ ਭੰਗੂ ਦੀ ਮਿੱਠੀ ਯਾਦ ਅਤੇ ਖਾਲਸਾ ਸਾਜਨਾ ਦਿਵਸ ਸਮਰਪਿਤ ਮਹਾਨ ਕਵੀ ਦਰਬਾਰ ਸੰਤ ਬਾਬਾ ਬੁੱਢਾ ਜੀ ਪਬਲਿਕ ਸਕੂਲ ਮਜੀਠਾ ਵਿਖੇ ਉਨ੍ਹਾਂ ਦੇ ਬੇਟੇ ਨਵਜੋਤ ਸਿੰਘ ਭੰਗੂ ਦੀ ਅਗਵਾਈ ਵਿੱਚ ਕਰਾਇਆ ਗਿਆ ਜਿਸ ਵਿੱਚ ਰਾਜਾ ਪੋਰਸ ਹਿੰਦ ਪਾਕ ਮਿੱਤਰਤਾ ਸੁਸਾਇਟੀ ਦੇ ਪ੍ਰਧਾਨ ਭੁਪਿੰਦਰ ਸਿੰਘ ਸੰਧੂ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਇਸ ਕਵੀ ਦਰਬਾਰ ਵਿੱਚ ਇਲਾਕੇ ਦੇ ਕਰੀਬ 20 ਨਾਮਵਰ ਕਵੀ ਸ਼ਾਮਲ ਹੋਏ ਜਿਨ੍ਹਾਂ ਨੇ ਆਪਣੀਆਂ ਆਪਣੀਆਂ ਰਚਨਾਵਾਂ ਸੁਣਾ ਕੇ ਸਰੋਤਿਆਂ ਦਾ ਮਨ ਮੋਹਿਆ। ਸਟੇਜ ਦੀ ਭੂਮਿਕਾ ਨਿਰੰਜਨ ਸਿੰਘ ਦਬੁਰਜੀ ਵੱਲੋਂ ਬਾਖੂਬੀ ਨਿਭਾਈ ਗਈ। ਇਸ ਕਵੀ ਦਰਬਾਰ ਵਿੱਚ ਵਿਸ਼ਵ ਨਾਰੀ ਸਾਹਿਤਕ ਮੰਚ ਦੀ ਪ੍ਰਧਾਨ ਨਿਰਮਲ ਕੌਰ ਕੋਟਲਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਤੋਂ ਇਲਾਵਾ ਸਾਂਝੀਵਾਲਤਾ ਸਾਹਿਤ ਸਭਾ ਪੰਜਾਬ ਦੇ ਪ੍ਰਧਾਨ ਕੁਲਦੀਪ ਸਿੰਘ ਕਾਹਲੋਂ, ਸੁਖਬੀਰ ਸਿੰਘ ਭੁੱਲਰ, ਪਿੰਸੀਪਲ ਰਿਟਾ: ਤੇ ਉਘੇ ਸਮਾਜ ਸੇਵੀ ਗੁਰਦੀਪ ਸਿੰਘ ਰੰਧਾਵਾ, ਸਾਹਿਤਕਾਰ ਮਹਾਂਬੀਰ ਸਿੰਘ ਗਿੱਲ, ਮਲਕੀਤ ਸਿੰਘ ਸ਼ਾਮਨਗਰ, ਮਨਜਿੰਦਰ ਸਿੰਘ ਮਰੜ੍ਹੀ, ਸਰਬ ਮਜੀਠਾ, ਰਾਜਪਾਲ ਸ਼ਰਮਾ ਅਤੇ ਹੋਰ ਕਵੀਆਂ ਨੇ ਆਪਣੀਆਂ ਸਾਹਿਤਕ ਰਚਨਾਵਾਂ ਰਾਹੀਂ ਸਮਾਜਿਕ ਕੁਰੀਤੀਆਂ 'ਤੇ ਚਾਨਣਾ ਪਾ ਕੇ ਸਮਾਜ ਨੂੰ ਹਲੂਣਾ ਦੇਣ ਦਾ ਯਤਨ ਕੀਤਾ। ਕਵੀਆਂ, ਸਾਹਿਤਕਾਰਾਂ, ਕਵੀ ਦਰਬਾਰ ਦੇ ਸੰਚਾਲਕ ਅਤੇ ਸੰਤ ਬਾਬਾ ਬੁੱਢਾ ਪਬਲਿਕ ਸਕੂਲ ਦੀ ਡਾਇਰੈਕਟਰ ਬਲਵਿੰਦਰ ਕੌਰ ਭੰਗੂ ਅਤੇ ਸਹਿ ਡਾਇਰੈਕਟਰ ਨਵਜੋਤ ਸਿੰਘ ਭੰਗੂ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਕਵੀ ਦਰਬਾਰ ਵਿੱਚ ਹੋਰਨਾਂ ਤੋ ਇਲਾਵਾ ਅਮਨਦੀਪ ਕੌਰ ਭੰਗੂ, ਪ੍ਰਿੰਸੀਪਲ ਜੋਗਾ ਸਿੰਘ ਅਠਵਾਲ, ਬਲਵਿੰਦਰ ਸਿੰਘ ਭੰਗਵਾਂ, ਹਰਦੇਵ ਸਿੰਘ ਹੰਸਪਾਲ ਮਰੜ੍ਹੀ, ਬੱਲੂ ਪਹਿਲਵਾਨ ਭੰਗਵਾਂ, ਗੁਰੂ ਗਿਆਨ ਇੰਸਟੀਚਿਊਟ ਮਜੀਠਾ ਤੋ ਸੁਰਜੀਤ ਸਿੰਘ, ਜਸਪਾਲ ਸਿੰਘ ਗਿੱਲ, ਪ੍ਰਿਥੀਪਾਲ ਸਿੰਘ, ਰਵਿੰਦਰ ਕਪਾਹੀ, ਸੋਇਮ ਆਨੰਦ ਡਾਇਰੈਕਟਰ ਸਤਿਗੁਰ ਪਬਲਿਕ ਸਕੂਲ, ਮਜੀਠਾ, ਪ੍ਰੀਤਮ ਸਿੰਘ, ਪ੍ਰਿੰਸੀਪਲ ਹਰਬੰਸ ਲਾਲ ਖੰਨਾ ਸਮੇਤ ਵੱਡੀ ਗਿਣਤੀ ਵਿੱਚ ਸਾਹਿਤ ਪ੍ਰੇਮੀ ਹਾਜ਼ਰ ਸਨ। ਇਸ ਮੌਕੇ ਕੁਲਦੀਪ ਸਿੰਘ ਕਾਹਲੋਂ ਤੇ ਮਲਕੀਅਤ ਸਿੰਘ ਨੂੰ ਗੋਲਡ ਮੈਡਲ, ਸਨਮਾਨ ਚਿੰਨ੍ਹ ਤੇ ਕਿਰਪਾਨ ਦੇ ਕੇ ਸਨਮਾਨਿਤ ਕੀਤਾ ਗਿਆ। ਨਵਜੋਤ ਸਿੰਘ ਭੰਗੂ ਵੱਲੋਂ ਮੁੱਖ ਮਹਿਮਾਨ ਭੁਪਿੰਦਰ ਸਿੰਘ ਸੰਧੂ ਤੇ ਸਾਰੇ ਸਾਹਿਤਕਾਰਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।



## 6 ਟਰੱਕਾਂ 'ਚ ਨਾਜਾਇਜ਼ ਢੰਗ ਨਾਲ ਲੱਦੇ 350 ਤੋਂ ਵੱਧ ਪਸ਼ੂ ਛੁਡਵਾਏ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਤਰਨਤਾਰਨ ਦੇ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਨੇ ਬੀਤੇ ਐਤਵਾਰ ਨੂੰ ਅਚਨਚੇਤੀ ਛਾਪਾ ਮਾਰ ਕੇ ਤਰਨਤਾਰਨ ਦੀ ਪੁਰਾਣੀ ਪਸ਼ੂ ਮੰਡੀ ਵਿੱਚ ਜ਼ਾਲਮਾਨਾ ਢੰਗ ਨਾਲ 6 ਟਰੱਕਾਂ ਵਿੱਚ ਲੱਦੇ ਹੋਏ 350 ਤੋਂ ਵੱਧ ਪਸ਼ੂਆਂ ਨੂੰ ਛੁਡਾਇਆ। ਛਾਪੇ ਦੌਰਾਨ ਵਿਧਾਇਕ ਡਾਕਟਰ ਸੋਹਲ ਦੇ ਨਾਲ ਤਰਨਤਾਰਨ ਸਬ ਡਵੀਜ਼ਨ ਦੇ ਡੀਐੱਸਪੀ ਜਸਪਾਲ ਸਿੰਘ, ਐੱਸਐੱਚਓ ਹਰਪ੍ਰੀਤ ਸਿੰਘ ਵਿਰਕ, ਵੈਟਰਨਰੀ ਡਾਕਟਰ ਬਲਜੀਤ ਸਿੰਘ ਦੇ ਟੀਮ ਮੈਂਬਰ ਹਾਜ਼ਰ ਸਨ।

ਡਾਕਟਰ ਸੋਹਲ ਨੇ ਦੱਸਿਆ ਕਿ ਉਨ੍ਹਾਂ ਦੇ ਨਾਲ ਆਏ ਵੈਟਰਨਰੀ ਅਫਸਰਾਂ ਦੀ ਟੀਮ ਨੇ ਪਸ਼ੂਆਂ ਨੂੰ ਮੁੱਢਲਾ ਇਲਾਜ ਦੇ ਕੇ ਉਨ੍ਹਾਂ ਦੀ ਦੇਖ ਭਾਲ ਸ਼ੁਰੂ ਕਰ ਦਿੱਤੀ ਹੈ। ਉਹਨਾਂ ਦੱਸਿਆ ਕਿ ਪਸ਼ੂਆਂ ਦੀ ਸਾਂਭ ਸੰਭਾਲ ਲਈ ਆਪ ਵਲੰਟੀਅਰਾਂ ਵੱਲੋਂ ਚਾਰੇ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸ ਤੋਂ ਬਿਨਾਂ ਬਾਬਾ ਬਕਾਲਾ ਤੋਂ ਇਕ ਸਮਾਜ ਸੇਵੀ ਜਥੇਬੰਦੀ ਵੱਲੋਂ ਵੀ ਇਨ੍ਹਾਂ ਪਸ਼ੂਆਂ ਦੀ ਦੇਖ-ਭਾਲ ਕੀਤੀ ਜਾ ਰਹੀ ਹੈ। ਡਾਕਟਰ ਸੋਹਲ ਨੇ ਦੱਸਿਆ ਕਿ ਪੁਲਸ ਵੱਲੋਂ ਪਸ਼ੂਆਂ 'ਤੇ ਕੀਤੇ ਗਏ ਜ਼ੁਲਮ ਵਿਰੁੱਧ ਸਬੰਧਿਤ ਵਿਅਕਤੀਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਲਈ ਆਦੇਸ਼ ਦਿੱਤੇ ਗਏ ਹਨ। ਉਨ੍ਹਾਂ ਦੀ ਜਾਣਕਾਰੀ ਅਨੁਸਾਰ ਪੁਛ-ਗਿੱਛ ਲਈ ਫੜੇ ਵਿਅਕਤੀਆਂ ਕੋਲ ਉਸ ਸਮੇਂ ਕੋਈ ਵੀ ਮਨਜ਼ੂਰੀ ਨਹੀਂ ਸੀ। ਡਾਕਟਰ ਸੋਹਲ ਨੇ ਦੱਸਿਆ ਕਿ ਉਹ ਬੇਜ਼ੁਬਾਨ ਪਸ਼ੂਆਂ ਦੇ ਕਿਸੇ ਵੀ ਤਰ੍ਹਾਂ ਦੇ ਜ਼ੁਲਮ ਦੇ ਵਿਰੁੱਧ ਹਨ ਅਤੇ ਇਸ ਤਰਾਂ ਦੇ ਵਿਵਹਾਰ ਵਿਰੁੱਧ ਲਗਾਤਾਰ ਆਵਾਜ਼ ਉਠਾਂਦੇ ਰਹਿਣਗੇ। ਡਾਕਟਰ ਸੋਹਲ ਦੇ ਨਾਲ 'ਆਪ' ਵਲੰਟੀਅਰ ਨਵਦੀਪ ਸਿੰਘ ਪੰਨੂੰ, ਜਤਿੰਦਰਪਾਲ ਸਿੰਘ, ਹੀਰਾ ਸਿੰਘ, ਮੈਡਮ ਕਮਲੇਸ਼ ਚੌਧਰੀ, ਕੁਲਬੀਰ ਕੌਰ, ਗਗਨਪ੍ਰੀਤ ਕੌਰ, ਕੁਲਦੀਪ ਸਿੰਘ ਢਿੱਲੋਂ, ਐਡਵੋਕੇਟ ਗੁਰਮਿੰਦਰ ਸਿੰਘ ਵਾਲੀਆ, ਜਬਰ ਸਿੰਘ ਨਿਰਵੈਲ ਸਿੰਘ, ਸਰਬਰਿੰਦਰ ਸਿੰਘ ਭੈਰੋਵਾਲ, ਗੁਰਵੰਤ ਸਿੰਘ, ਗੁਰਦੀਪ ਸਿੰਘ, ਨਵਦੀਪ ਸਿੰਘ ਅਰੋੜਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਰੋਟਰੀ ਕਲੱਬ ਨੌਰਥ ਦਾ 28ਵਾਂ ਸਥਾਪਨਾ ਦਿਵਸ ਸਮਾਗਮ ਸੰਪੰਨ

**ਅੰਮ੍ਰਿਤਸਰ (ਅਰੋੜਾ)**-ਰੋਟਰੀ ਕਲੱਬ ਅੰਮ੍ਰਿਤਸਰ ਨੌਰਥ ਵੱਲੋਂ ਰੋਟਰੀ ਇੰਟਰਨੈਸ਼ਨਲ ਦੇ ਨਿਯਮਾਂ ਅਨੁਸਾਰ ਰੋਟਰੀ ਦਾ 28ਵਾਂ ਸਥਾਪਨਾ ਦਿਵਸ ਕਲੱਬ ਦੇ ਪ੍ਰਧਾਨ ਵਿਜੇ ਭਸੀਨ, ਸਕੱਤਰ ਗੁਰਮੀਤ ਸਿੰਘ, ਪ੍ਰੋਜੈਕਟ ਚੇਅਰਮੈਨ ਡਾ. ਕੁਲਦੀਪ ਸਿੰਘ ਅਰੋੜਾ ਮੇਜਰ ਡੋਨਰ ਡਾ. ਜੀ . ਐਸ. ਮਦਾਨ, ਕਲੱਬ ਦੀ ਸਾਬਕਾ ਮਹਿਲਾ ਪ੍ਰਧਾਨ ਡਾ. ਮਨਜੀਤ ਪਾਲ ਕੌਰ ਦੀ ਪ੍ਰਧਾਨਗੀ ਵਿੱਚ ਬੜੇ ਵਿਧੀ ਵਿਧਾਨ ਦੇ ਨਾਲ ਰਾਮ ਬਾਗ ਸਥਿਤ ਸਰਵਿਸ ਕੱਲਬ ਵਿੱਚ ਬੜੇ ਉਤਸ਼ਾਹ ਨਾਲ ਸੰਪੰਨ ਹੋਇਆ। ਕੱਲਬ ਦੇ ਵੱਲੋ ਇੱਕ ਸ਼ਾਨਦਾਰ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਗਮ ਵਿੱਚ ਰੋਟਰੀ ਦੇ 3070 ਦੇ ਆਉਣ ਵਾਲੇ ਗਵਰਨਰ ਰੋਹਿਤ ਓਬਰਾਏ ਅਤੇ ਉਨਾਂ ਦੀ ਧਰਮਪਤਨੀ ਮੁਖ ਮਹਿਮਾਨ ਸਾਬਕਾ ਗਵਰਨਰ ਰਵਿੰਦਰ ਪਠਾਨੀਆ, ਸਾਬਕਾ ਸਹਾਇਕ ਗਵਰਨਰ ਸੀਨੀਅਰ ਰਸਜੀਤ ਸਿੰਘ ਖੇੜਾ, ਕਲੱਬ ਦੇ ਐਮਓਸੀ ਆਰ. ਐੱਸ ਚੱਠਾ ਵਿਸ਼ੇਸ਼ ਮਹਿਮਾਨ ਦੇ ਰੂਪ ਵਿੱਚ ਸ਼ਾਮਲ ਹੋਏ। ਸੈਕਟਰੀ ਰਿਪੋਰਟ ਵਿੱਚ ਸਕੱਤਰ ਅਤੇ ਪ੍ਰਧਾਨ ਨੇ ਦੱਸਿਆ ਕਿ ਇਸ ਸਥਾਪਨਾ ਦਿਵਸ ਵਾਲੇ ਦਿਨ ਕੱਲਬ ਦੇ 100 ਪ੍ਰੋਜੈਕਟ ਸਪੰਨ ਹੋਏ। ਮੁੱਖ ਮਹਿਮਾਨ ਨੇ ਕਲੱਬ ਦੇ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਭਵਿੱਖ ਵਿੱਚ ਵੀ ਸਮਾਜ ਭਲਾਈ ਕੰਮਾ ਨੂੰ ਕਰਨ ਦੀ ਗੱਲ ਕੀਤੀ। ਇਸ ਮੌਕੇ ਸਨਮਾਨ ਪ੍ਰਾਪਤ ਕਰਨੇ ਵਾਲਿਆ ਵਿੱਚ ਡਾ. ਮਦਾਨ, ਡਾ. ਕੇ. ਐੱਸ. ਅਰੋੜਾ, ਮੁਕੇਸ਼ ਨੰਦਾ, ਜਸ਼ਪਾਲ ਅਰੋੜਾ, ਰਸਜੀਤ ਸਿੰਘ ਖੇੜਾ, ਰਮੇਸ਼ ਕੱਕੜ, ਆਰ. ਐਸ. ਚੱਠਾ, ਵਿਜੇ ਭਸੀਨ, ਐਡਵੋਕੇਟ ਆਰ. ਕੇ, ਉੱਪਲ ਅਤ ਰੋਟਰੀ ਕਲਬ ਨੌਰਥ ਦੇ ਕਈ ਮੈਂਬਰਾਂ ਨੂੰ ਸਨਮਾਨ ਮਿਲਿਆ। ਸਮਾਗਮ ਵਿੱਚ ਰੋਟਰੀ ਕੱਲਬ ਆਸਥਾ ਦੇ ਇੰਜ. ਅਸ਼ੋਕ ਸ਼ਰਮਾ, ਐੱਸਐੱਚ ਜੋਗੀ, ਪਰਮਜੀਤ ਸਿੰਘ, ਜਤਿੰਦਰ ਪੱਪੂ, ਰਾਜ ਕੁਮਾਰ ਸਚਦੇਵਾ, ਵਰੁਣ ਕੱਕੜ, ਡਾ. ਸੁਖਮਨਜੀਤ ਕੌਰ, ਦਲਜੀਤ ਅਰੋੜਾ, ਹਰਜਿੰਦਰ ਕੌਰ ਚੱਠਾ, ਸੁਨੀਤਾ ਭਸੀਨ, ਰਵਿੰਦਰ ਧਵਨ, ਨਿਰਮਲ ਸਿੰਘ ਸਾਹਿਤ ਰੋਟਰੀ ਦੇ ਸਾਰੇ ਮੈਂਬਰ ਮੌਜੂਦ ਸਨ। ਸਮਾਗਮ ਦੇ ਅੰਤ ਵਿੱਚ ਮੁੱਖ ਮਹਿਮਾਨਾਂ ਨੂੰ ਵਿਸ਼ੇਸ਼ ਰੂਪ ਵਿੱਚ ਸਨਮਾਨਿਤ ਕੀਤਾ ਗਿਆ।




## ਗੁਰੂ ਕੀ ਬੇਰ ਮੱਤੇਵਾਲ ਸਕੂਲ ਦਾ ਨਤੀਜਾ ਸ਼ਾਨਾਮੱਤਾ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁ: ਗੁਰੂ ਕੀ ਬੇਰ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਦੀ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਸੰਸਥਾ ਸੰਤ ਬਾਬਾ ਲਾਭ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਗੁਰੂ ਕੀ ਬੇਰ ਮੱਤੇਵਾਲ ਅੰਮ੍ਰਿਤਸਰ ਦਾ ਬੋਰਡ ਪੰਜਵੀਂ ਜਮਾਤ ਦਾ ਨਤੀਜਾ 100% ਰਿਹਾ, ਜਿਸ ਵਿੱਚ ਸਰਬਬੀਰ ਸਿੰਘ ਪੁੱਤਰ ਕੁਲਬੀਰ ਸਿੰਘ, ਜ਼ਸਨਦੀਪ ਕੌਰ ਪੁੱਤਰੀ ਹਰਵਿੰਦਰ ਸਿੰਘ, (96%) ਪਹਿਲਾ, ਅਲਦੀਪ ਕੌਰ ਪੁੱਤਰੀ ਪੁਖਰਾਜ ਸਿੰਘ, ਹਰਨੂਰ ਸਿੰਘ ਪੁੱਤਰ ਹਰਵਿੰਦਰ ਸਿੰਘ (95.8%) ਦੂਜਾ, ਪਲਕਪ੍ਰੀਤ ਕੌਰ ਪੁੱਤਰੀ ਸ਼ਮਸ਼ੇਰ ਸਿੰਘ (95.6%) ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸੰਸਥਾ ਪ੍ਰਧਾਨ ਸੰਤ ਬਾਬਾ ਸੱਜਣ ਸਿੰਘ ਨੇ ਬੱਚਿਆ ਨੂੰ ਸਿਰਪਾਉ ਦੇ ਕੇ ਸਨਮਾਨਿਤ ਕੀਤਾ ਅਤੇ ਬੱਚਿਆਂ ਅਤੇ ਸਟਾਫ ਨੂੰ ਵਧਾਈ ਦਿੱਤੀ। ਇਸ ਮੌਕੇ ਪ੍ਰਿੰ: ਗੁਰਸੇਵਕ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 2022-23 ਸੈਸ਼ਨ ਦੌਰਾਨ ਪੰਜਵੀ ਜਮਾਤ ਦੇ ਸਾਰੇ ਵਿਦਿਆਰਥੀ ਪਹਿਲੇ ਦਰਜੇ ਵਿੱਚ ਪਾਸ ਹੋਏ ਤੇ ਇਸ ਨਤੀਜੇ ਦਾ ਸਾਰਾ ਸਿਹਰਾ ਸੰਸਥਾ ਪ੍ਰਧਾਨ ਸੰਤ ਬਾਬਾ ਸੱਜਣ ਸਿੰਘ ਤੇ ਸਮੂਹ ਸਟਾਫ ਸਿਰ ਬੱਝਦਾ ਹੈ। ਇਸ ਮੌਕੇ ਕਾਲਜ ਕੋ-ਆਰਡੀਨੇਟਰ ਧੰਨਾ ਸਿੰਘ, ਡੀ. ਪੀ. ਈ. ਗੁਰਜੀਤ ਕੌਰ, ਪਲਵਿੰਦਰ ਸਿੰਘ, ਬਾਬਾ ਜੱਸਾ ਸਿੰਘ, ਮੈਡਮ ਪਰਮਿੰਦਰ ਕੌਰ, ਮੈਡਮ ਕੁਲਬੀਰ ਕੌਰ, ਰਣਜੀਤ ਸਿੰਘ ਬਾਬੋਵਾਲ, ਨਿੰਦਰ ਸਿੰਘ ਭੋਏ ਆਦਿ ਹਾਜ਼ਰ ਸਨ।



## ਬਾਬਾ ਨਾਭਾ ਦਾਸ ਦਾ ਜਨਮ ਦਿਹਾੜਾ ਮਨਾਇਆ



**ਕਲਾਨੌਰ (ਮਨਦੀਪ ਕੋਹਲੀ)**-ਇਤਿਹਾਸਕ ਕਸਬਾ ਕਲਾਨੌਰ ਵਿੱਚ ਬਾਬਾ ਨਾਭਾ ਦਾਸ ਦਾ ਜਨਮ ਦਿਹਾੜਾ ਬਾਬਾ ਨਾਭਾ ਦਾਸ ਜੀ ਦੇ ਭਗਤਾਂ ਵੱਲੋਂ ਬੜੀ ਧੂਮਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਬਾਬਾ ਨਾਭਾ ਦਾਸ ਦੇ ਭਗਤਾਂ ਵੱਲੋਂ ਭਜਨ ਗੁਣਗਾਨ ਕੀਤੇ ਗਏ। ਇਸ ਮੌਕੇ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਇਸ ਮੌਕੇ ਸੁਖਦੇਵ ਰਾਜ, ਮੁਲਖ ਰਾਜ, ਬਾਬਾ ਪੱਪੀ, ਵਿਜੇ ਕੁਮਾਰ, ਤਿਲਕ ਰਾਜ, ਭਜਨ ਸਿੰਘ ਆਦਿ ਵੱਡੀ ਗਿਣਤੀ ਵਿਚ ਬਾਬਾ ਨਾਭਾ ਦਾਸ ਦੇ ਭਗਤ ਜਨ ਅਤੇ ਸ਼ਰਧਾਲੂ ਹਾਜ਼ਰ ਸਨ।

## ਨਾਬਾਲਗ ਲੜਕੀ ਨੂੰ ਉਧਾਲਣ ਦੇ ਦੋਸ਼ 'ਚ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**- ਥਾਣਾ ਸਿਟੀ ਗੁਰਦਾਸਪੁਰ ਦੇ ਇੱਕ ਪ੍ਰਵਾਸੀ ਮਜ਼ਦੂਰ ਦੀ ਤੀਸਰੀ ਜਮਾਤ ਵਿੱਚ ਪੜ੍ਹਦੀ 12 ਸਾਲਾ ਨਬਾਲਗ ਲੜਕੀ ਨੂੰ ਵਰਗਲਾ ਕੇ ਲੈ ਜਾਣ ਦੇ ਦੋਸ਼ ਹੇਠ ਇਕ ਨੌਜਵਾਨ ਖਿਲਾਫ ਮਾਮਲਾ ਦਰਜ ਕੀਤਾ ਹੈ। ਮਾਮਲਾ ਲੜਕੀ ਦੇ ਪਿਤਾ ਦੀ ਸ਼ਿਕਾਇਤ ਦੇ ਅਧਾਰ 'ਤੇ ਦਰਜ ਕੀਤਾ ਗਿਆ ਹੈ। ਪਿਤਾ ਨੇ ਦੱਸਿਆ ਕਿ ਉਹ ਬਿਹਾਰ ਦਾ ਰਹਿਣ ਵਾਲਾ ਹੈ ਅਤੇ ਮਜ਼ਦੂਰੀ ਕਰਨ ਲਈ ਆਇਆ ਹੋਇਆ। ਉਸ ਦੀਆਂ ਦੋ ਲੜਕੀਆਂ ਹਨ ਅਤੇ ਵੱਡੀ ਲੜਕੀ ਦੀ ਉਮਰ 12 ਸਾਲ ਹੈ, ਜੋ ਤੀਸਰੀ ਕਲਾਸ ਵਿੱਚ ਪੜ੍ਹਦੀ ਹੈ। ਬੀਤੇ ਦਿਨ ਉਹ ਘਰੋਂ ਲਾਪਤਾ ਹੋ ਗਈ ਸੀ, ਜਿਸਦੀ ਭਾਲ ਕਰਨ 'ਤੇ ਉਸ ਨੂੰ ਪਤਾ ਲੱਗਾ ਹੈ ਕਿ ਬਿਹਾਰ ਦਾ ਹੀ ਰਹਿਣ ਵਾਲਾ ਦੀਨਾਨਾਥ ਸ਼ਾਹ ਜੋ ਕਰੀਬ ਇੱਕ ਮਹੀਨਾ ਪਹਿਲਾਂ ਉਸ ਕੋਲ ਕੰਮ ਕਰਨ ਵਾਸਤੇ ਆਇਆ ਸੀ, ਉਸ ਦੀ ਲੜਕੀ ਨੂੰ ਵਰਗਲਾ ਕੇ ਆਪਣੇ ਨਾਲ ਕਿਤੇ ਲੈ ਗਿਆ ਹੈ।

# ਸਿੱਖਿਆ ਜੀਵਨ ਦੇ ਹਰ ਖੇਤਰ 'ਚ ਕਰਦੀ ਹੈ ਸਾਡਾ ਮਾਰਗ ਦਰਸ਼ਨ: ਡਿਪਟੀ ਕਮਿਸ਼ਨਰ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਸਰੂਪ ਰਾਣੀ ਸਰਕਾਰੀ ਕਾਲਜ ਮਹਿਲਾ ਅੰਮ੍ਰਿਤਸਰ ਵਿਖੇ ਪ੍ਰਿੰਸੀਪਲ ਪ੍ਰੋ. ਡਾ. ਦਲਜੀਤ ਕੌਰ ਦੀ ਯੋਗ ਅਗਵਾਈ ਹੇਠ ਪ੍ਰੋਗਰਾਮ ਆਯੋਜਕ ਪ੍ਰੋ. ਡਾ. ਸੁਨੀਲਾ ਸ਼ਰਮਾ ਅਤੇ ਡਾ. ਸਰਘੀ ਦੇ ਸਹਿਯੋਗ ਨਾਲ ਸਲਾਨਾ ਪੁਰਸਕਾਰ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਸਮਾਰੋਹ ਵਿੱਚ ਮੁੱਖ ਮਹਿਮਾਨ ਹਰਪ੍ਰੀਤ ਸਿੰਘ ਸੂਦਨ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਤੇ ਵਿਸ਼ੇਸ਼ ਮਹਿਮਾਨ ਵਜੋਂ ਵਧੀਕ ਡਿਪਟੀ ਕਮਿਸ਼ਨਰ ਡਾ. ਅਮਨਦੀਪ ਕੌਰ (ਕਾਲਜ ਦੇ 2012 ਬੈਚ ਦੀ ਵਿਦਿਆਰਥਣ) ਦਾ ਪ੍ਰਿੰਸੀਪਲ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਨਾਲ ਕੀਤੀ ਗਈ।

ਉਪਰੰਤ ਪ੍ਰਿੰਸੀਪਲ ਵੱਲੋਂ ਸਲਾਨਾ ਰਿਪੋਰਟ ਪੜ੍ਹ ਕਾਲਜ ਦੀਆਂ ਅਕਾਦਮਿਕ, ਸੱਭਿਆਚਾਰਕ, ਸਹਿ ਪਾਠਕ੍ਰਮ ਗਤੀਵਿਧੀਆਂ ਤੇ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ ਗਿਆ। ਡਿਪਟੀ ਕਮਿਸ਼ਨਰ ਨੇ ਸੈਸ਼ਨ 2021-22 ਦੀ ਯੂਨੀਵਰਸਿਟੀ, ਘਰੇਲੂ ਅਤੇ ਆਮ ਪ੍ਰੀਖਿਆਵਾਂ ਵਿੱਚ ਪਹਿਲੇ, ਦੂਜੇ, ਤੀਜੇ ਸਥਾਨ 'ਤੇ ਰਹਿਣ ਵਾਲੀਆਂ 363 ਵਿਦਿਆਰਥਣਾਂ ਨੂੰ (ਬੀਕਾਮ, ਬੀਐਸਸੀ, ਮੈਡੀਕਲ, ਨਾਨ ਮੈਡੀਕਲ, ਹੋਮ ਸਾਇੰਸ, ਸੀਐਨਡੀ, ਕੰਪਿਊਟਰ ਸਾਇੰਸ), ਬੀ.ਏ., ਪੀ.ਜੀ.ਡੀ.ਸੀ.ਏ., ਐਮ. ਏ (ਸੰਗੀਤ ਗਾਇਨ ਅਤੇ ਵਾਦਨ, ਅੰਗ੍ਰੇਜ਼ੀ ਅਤੇ ਭੂਗੋਲ) ਪੁਰਸਕਾਰ ਵੰਡੇ। ਵਧੀਆ ਵਿਦਿਆਰਥਣ ਨਵਰੀਨ ਕੌਰ (ਯੂ. ਜੀ), ਤਨੂ (ਪੀ.ਜੀ.), ਵਧੀਆ ਬੁਲਾਰਾ ਮਨਪ੍ਰੀਤ ਕੌਰ, ਵਧੀਆ ਖਿਡਾਰਨ ਕਿਰਨਦੀਪ ਕੌਰ ਨੂੰ ਅਤੇ ਕਾਲਜ ਦੀ ਵਧੀਆ ਵਿਦਿਆਰਥਣ ਕ੍ਰਿਤੀਕਾ ਯਾਦਵ ਨੂੰ ਐਲਾਨਿਆ।

ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਨੂੰ ਯਾਦਗਾਰੀ ਚਿੰਨ੍ਹ ਨਾਲ ਸਨਮਾਨਿਤ ਕੀਤਾ। ਸੂਦਨ ਨੇ ਵਿਦਿਆਰਥੀਆਂ ਨੂੰ ਸੁਨਹਿਰੇ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੰਦਿਆਂ ਦੱਸਿਆ ਕਿ ਸਿੱਖਿਆ ਜੀਵਨ ਦੇ ਹਰ ਮਾਰਗ 'ਤੇ ਸਾਡਾ ਮਾਰਗ ਦਰਸ਼ਨ ਕਰਦੀ ਹੈ। ਉਨ੍ਹਾਂ ਕਿਹਾ ਕਿ ਪੜ੍ਹ-ਲਿਖ ਕੇ ਅਸੀਂ ਆਪਣੇ ਭਵਿੱਖ ਨੂੰ ਰੌਸ਼ਨ ਕਰ ਸਕਦੇ ਹਾਂ ਅਤੇ ਵੱਡੇ ਵੱਡੇ ਮਾਅਰਕੇ ਮਾਰ ਸਕਦੇ ਹਾਂ, ਸਾਨੂੰ ਸਿੱਖਿਆ ਅਤੇ ਸਖਤ ਮਿਹਨਤ ਕਰਕੇ ਜੀਵਨ ਨੂੰ ਸਹੀ ਸੇਧ ਦੇਣੀ ਚਾਹੀਦੀ ਹੈ। ਪ੍ਰਿੰਸੀਪਲ ਨੇ ਇਨਾਮ ਪ੍ਰਾਪਤ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਹੈ। ਵਿਦਿਆਰਥਣਾਂ ਨੇ ਸੱਭਿਆਚਾਰਕ ਪ੍ਰੋਗਰਾਮ ਦਾ ਪ੍ਰਦਰਸ਼ਨ ਕੀਤਾ। ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ।



# ਸੰਘਰਸ਼ੀ ਕਿਸਾਨਾਂ-ਮਜ਼ਦੂਰਾਂ ਪ੍ਰਤੀ ਸਰਕਾਰਾਂ ਦਾ ਰਵੱਈਆ ਸੁਹਿਰਦ ਨਹੀਂ : ਕਿਸਾਨ ਆਗੂ

**ਤਰਨਤਾਰਨ, ਪੱਟੀ (ਪ੍ਰਿਤਪਾਲ ਸਿੰਘ, ਬਲਦੇਵ ਸਿੰਘ ਸੰਧੂ, ਸ਼ਮਸ਼ੇਰ ਸਿੰਘ ਯੋਧਾ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਦੇ ਤਰਨਤਾਰਨ ਜ਼ਿਲ੍ਹੇ ਦੇ ਇੰਚਾਰਜ ਹਰਪ੍ਰੀਤ ਸਿੰਘ ਸਿੱਧਵਾਂ, ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ, ਸਕੱਤਰ ਹਰਜਿੰਦਰ ਸਿੰਘ ਸ਼ਕਰੀ, ਸੀਨੀਅਰ ਮੀਤ ਪ੍ਰਧਾਨ ਜਰਨੈਲ ਸਿੰਘ ਨੂਰਦੀ ਦੀ ਅਗਵਾਈ ਹੇਠ ਜਥੇਬੰਦੀ ਦੇ ਖਡੂਰ ਸਾਹਿਬ ਜ਼ੋਨ ਗੁਰੂ ਅੰਗਦ ਦੇਵ ਜ਼ੋਨ ਬਾਬਾ ਬਕਾਲਾ ਜ਼ੋਨ ਦੀਆਂ ਕੋਰ ਕਮੇਟੀਆਂ ਨਾਲ ਜ਼ਿਲ੍ਹਾ ਕੋਰ ਕਮੇਟੀ ਨੇ ਮੀਟਿੰਗ ਕਰਕੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਿਚਾਰ-ਵਟਾਂਦਰਾ ਕੀਤਾ। ਪ੍ਰੈੱਸ ਨੂੰ ਲਿਖਤੀ ਪ੍ਰੈੱਸ ਨੋਟ ਜਾਰੀ ਕਰਦਿਆਂ ਜ਼ਿਲ੍ਹਾ ਮੀਤ ਪ੍ਰਧਾਨ ਰੇਸ਼ਮ ਸਿੰਘ ਘੁਰਕਵਿੰਡ, ਮੀਤ ਪ੍ਰਧਾਨ ਦਿਆਲ ਸਿੰਘ ਮੀਆਂਵਿੰਡ, ਜ਼ਿਲ੍ਹਾ ਪ੍ਰੈਸ ਸਕੱਤਰ ਤਰਸੇਮ ਸਿੰਘ ਧਾਰੀਵਾਲ, ਮੀਤ ਪ੍ਰਧਾਨ ਬਲਵਿੰਦਰ ਸਿੰਘ ਚੋਹਲਾ, ਜਥੇਬੰਦਕ ਸਕੱਤਰ ਹਰਬਿੰਦਰਜੀਤ ਸਿੰਘ ਕੰਗ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਦਾ ਕਿਸਾਨਾਂ ਮਜ਼ਦੂਰਾਂ ਲਈ ਵਤੀਰਾ ਠੀਕ ਨਹੀਂ। ਸੰਘਰਸ਼ੀ ਲੋਕਾਂ 'ਤੇ ਮੁਕੱਦਮੇ ਦਰਜ ਕੀਤੇ ਜਾ ਰਹੇ ਹਨ, ਪ੍ਰਾਈਵੇਟ ਸਕੂਲਾਂ ਵਿੱਚ ਵੱਡੀ ਲੁੱਟ ਹੋ ਰਹੀ, ਨਸ਼ੇ ਦੇ ਸੌਦਾਗਰ ਸ਼ਰੇਆਮ ਘੁੰਮ ਰਹੇ ਹਨ, ਮੁਆਵਜ਼ਾ ਦੇ ਨਾਂ ਤੇ ਮਹਿਜ਼ ਖਾਨਾਪੂਰਤੀ ਕੀਤੀ ਜਾ ਰਹੀ। ਜ਼ੋਨ ਕੋਰ ਕਮੇਟੀਆਂ ਨੂੰ ਆ ਰਹੀਆਂ ਮੁਸ਼ਕਲਾਂ 'ਤੇ ਵੀ ਗੱਲਬਾਤ ਕੀਤੀ ਗਈ। ਇਸ ਮੌਕੇ ਜ਼ੋਨ ਖਡੂਰ ਸਾਹਿਬ ਦੇ ਪ੍ਰਧਾਨ ਪਾਖਰ ਸਿੰਘ ਲਾਲਪੁਰਾ, ਸਕੱਤਰ ਭਗਵਾਨ ਸਿੰਘ, ਨਵਤੇਜ ਸਿੰਘ, ਸਕੱਤਰ ਇਕਬਾਲ ਵੜਿੰਗ, ਹਰਭਿੰਦਰ ਸਿੰਘ ਮਾਲਚੱਕ, ਭੁਪਿੰਦਰ ਸਿੰਘ, ਪ੍ਰਧਾਨ ਮੁਖਤਾਰ ਸਿੰਘ ਬਿਹਾਰੀਪੁਰ, ਸਕੱਤਰ ਸਤਨਾਮ ਸਿੰਘ ਖੋਜਕੀਪੁਰ ਅਤੇ ਹਰਜਿੰਦਰ ਸਿੰਘ ਘੱਗੇ ਆਦਿ ਆਗੂ ਹਾਜ਼ਰ ਸਨ।



## ਐੱਸ ਈ ਖਹਿਰਾ ਦਾ ਤਬਾਦਲਾ ਸਿਆਸੀ ਖੁੰਦਕ ਦਾ ਮਾਮਲਾ : ਟਾਂਡਾ/ਪੰਨੂੰ



**ਤਰਨਤਾਰਨ, ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**- ਬੀਤੇ ਦਿਨੀਂ ਜ਼ਿਲ੍ਹਾ ਤਰਨਤਾਰਨ ਤੋਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ ਦੇ ਐੱਸਈ ਦਾ ਤਬਾਦਲਾ ਕਰ ਦਿੱਤਾ ਗਿਆ ਜਿਸਦਾ ਸਖਤ ਨੋਟਿਸ ਲੈਂਦਿਆਂ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਕੰਵਲਪ੍ਰੀਤ ਸਿੰਘ ਪੰਨੂੰ, ਜ: ਸਕੱਤਰ ਹਰਵਿੰਦਰ ਸਿੰਘ ਗਿੱਲ ਅਤੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਹਰਜਿੰਦਰ ਸਿੰਘ ਟਾਂਡਾ ਨੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਪੰਜਾਬ ਸਰਕਾਰ ਦੀ ਨਿੰਦਾ ਕਰਦਿਆਂ ਤਰਨ ਤਾਰਨ ਸਰਕਲ ਦੇ ਐੱਸਈ ਗੁਰਸ਼ਰਨ ਸਿੰਘ ਖਹਿਰਾ ਦੇ ਤਬਾਦਲੇ ਨੂੰ ਸਿਆਸੀ ਖੁੰਦਕ ਦਾ ਮਾਮਲਾ ਦੱਸਿਆ। ਕਿਸਾਨ ਆਗੂਆਂ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਸਰਕਾਰ ਇਮਾਨਦਾਰ ਹੋਣ ਦਾ ਦਾਅਵਾ ਕਰਦੀ ਹੈ। ਉਥੇ ਹੀ ਦੂਸਰੇ ਪਾਸੇ ਇਮਾਨਦਾਰ ਅਫਸਰਾਂ ਨੂੰ ਖੁੱਡੇ ਲਾਈਨ ਲਾ ਰਹੀ ਹੈ। ਐਸ. ਈ. ਗੁਰਸ਼ਰਨ ਸਿੰਘ ਖਹਿਰਾ ਨੇ ਤਰਨ ਤਾਰਨ ਵਿੱਚ ਆਪਣੇ ਅਹੁਦੇ ਦੀ ਯੋਗ ਵਰਤੋਂ ਕਰਦਿਆਂ ਬਿਜਲੀ ਮਹਿਕਮੇ ਵਿੱਚ ਅਹਿਮ ਸੁਧਾਰ ਕੀਤੇ। ਉਨ੍ਹਾਂ ਪਾਰਦਰਸ਼ੀ ਪ੍ਰਸ਼ਾਸਨ ਦਿੰਦਿਆ ਕਿਸਾਨਾਂ ਦੇ ਮਸਲੇ ਪਹਿਲ ਦੇ ਅਧਾਰ ਤੇ ਹੱਲ ਕੀਤੇ। ਉਨ੍ਹਾਂ ਨੇ ਫੀਡਰ ਡੀਲੋਡ ਕਰਵਾਏ, ਓਵਰਲੋਡ ਟ੍ਰਾਂਸਫਾਰਮਰ ਡੀਲੋਡ ਕਰਵਾਏ। ਕਈਆਂ ਸਾਲਾਂ ਤੋਂ ਕੰਡਮ ਕੰਡਕਟਰ ਨਾਲ ਚੱਲ ਰਹੀਆਂ ਲਾਈਨਾਂ ਦੀ ਮੁਰੰਮਤ ਕਰਵਾਈ। ਜਿਹੜੇ ਵੀ ਮਸਲੇ ਕਿਸਾਨ ਜਾਂ ਆਮ ਖਪਤਕਾਰ ਲੈ ਕੇ ਜਾਂਦੇ ਸਨ ਉਨ੍ਹਾਂ ਦਾ ਤੁਰੰਤ ਪ੍ਰਭਾਵ ਨਾਲ ਹੱਲ ਕੀਤਾ ਜਾਂਦਾ ਰਿਹਾ। ਕਿਸਾਨ ਆਗੂਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਾਸੋਂ ਮੰਗ ਕੀਤੀ ਹੈ ਕਿ ਇਸ ਇਮਾਨਦਾਰ ਅਤੇ ਕਾਮੇ ਅਫਸਰ ਦਾ ਤਬਾਦਲਾ ਤੁਰੰਤ ਰੱਦ ਕੀਤਾ ਜਾਵੇ। ਸਮੂਹ ਇੰਜੀਨੀਅਰਾਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਬਦਲੀ ਰੱਦ ਨਹੀਂ ਕੀਤੀ ਜਾਂਦੀ ਤਾਂ ਆਉਣ ਵਾਲੇ ਸਮੇਂ ਵਿੱਚ ਹਲਕਾ ਤਰਨ ਤਾਰਨ ਵਿਚ ਬਿਜਲੀ ਨਾਲ ਸੰਬੰਧਿਤ ਸਮੁੱਚਾ ਕੰਮ ਬੰਦ ਕੀਤਾ ਜਾਵੇਗਾ ਅਤੇ ਸਰਕਾਰ ਵਿਰੁੱਧ ਰੋਸ ਮਾਰਚ ਕੀਤਾ ਜਾਵੇਗਾ। ਇਸ ਮੀਟਿੰਗ ਵਿੱਚ ਇੰਜੀ ਹਰਪ੍ਰੀਤ ਸਿੰਘ ਰੀਜਨਲ ਸੈਕਟਰੀ ਤਰਨ ਤਾਰਨ, ਇੰਜੀ ਸੁਰਿੰਦਰ ਪਾਲ ਸਿੰਘ, ਇੰਜੀ ਹਰਪ੍ਰੀਤ ਸਿੰਘ ਸੰਧੂ, ਇੰਜੀ ਹਰਕ੍ਰਿਸ਼ਨ ਸਿੰਘ, ਇੰਜੀ ਹਰਦੀਪ ਸਿੰਘ, ਇੰਜੀ. ਸੁਰਜੀਤ ਸਿੰਘ, ਇੰਜੀ. ਜਗਦੀਪ ਸਿੰਘ, ਇੰਜੀ. ਸਤਨਾਮ ਸਿੰਘ, ਇੰਜੀ. ਕੁਲਬੀਰ ਸਿੰਘ, ਇੰਜੀ. ਨਰਿੰਦਰ ਸਿੰਘ, ਇੰਜੀ. ਜਸਵਿੰਦਰ ਸਿੰਘ, ਇੰਜੀ. ਨਰਿੰਦਰ ਸਿੰਘ, ਇੰਜੀ. ਕੁਲਦੀਪ ਕੁਮਾਰ, ਇੰਜੀ. ਹੰਸ ਰਾਜ, ਇੰਜੀ. ਰਾਜਬੀਰ ਸਿੰਘ, ਇੰਜੀ. ਬੂਟਾ ਰਾਮ ਆਦਿ ਸ਼ਾਮਿਲ ਹੋਏ।

# ਅਕਾਲੀ ਦਲ-ਬਸਪਾ ਗੱਠਜੋੜ ਸ਼ਾਨ ਨਾਲ ਜਿੱਤੇਗਾ ਜਲੰਧਰ ਜ਼ਿਮਨੀ ਚੋਣ : ਔਲਖ



**ਸ੍ਰੀ ਗੋਇੰਦਵਾਲ ਸਾਹਿਬ, (ਕਾਬਲ ਸਿੰਘ ਮੱਲ੍ਹੀ)**-ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਸਕੱਤਰ ਕੁਲਦੀਪ ਸਿੰਘ ਔਲਖ ਨੇ ਲੋਕ ਸਭਾ ਹਲਕਾ ਜਲੰਧਰ ਦੇ ਹਲਕਾ ਕਰਤਾਰਪੁਰ ਦੇ ਸਰਕਲ ਲਾਂਬੜਾ ਦੇ ਵੱਖ ਵੱਖ ਪਿੰਡਾਂ ਦਾ ਦੌਰਾ ਕਰਨ ਉਪਰੰਤ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ-ਬਸਪਾ ਗਠਜੋੜ ਦਾ ਉਮੀਦਵਾਰ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕਰੇਗਾ। ਚੋਣ ਸਬੰਧੀ ਵੱਖ-ਵੱਖ ਪਿੰਡਾਂ ਦੇ ਵਰਕਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਲੋਕ ਸਭਾ ਚੋਣ ਵਿੱਚ ਜਲੰਧਰ ਦੇ ਲੋਕ ਆਮ ਆਦਮੀ ਪਾਰਟੀ, ਕਾਂਗਰਸ ਅਤੇ ਭਾਜਪਾ ਨੂੰ ਸਬਕ ਸਿਖਾਉਣ ਲਈ ਚੋਣਾਂ ਦੇ ਦਿਨ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ, ਆਮ ਆਦਮੀ ਪਾਰਟੀ ਦੀ ਸਰਕਾਰ ਦੇ ਇੱਕ ਸਾਲ ਦੇ ਕਾਰਜਕਾਲ ਦੌਰਾਨ ਹੀ ਪੰਜਾਬ ਦਾ ਹਰੇਕ ਵਰਗ ਧਰਨੇ ਮੁਜ਼ਾਹਰੇ ਕਰ ਰਿਹਾ ਹੈ। ਇਸ ਤੋਂ ਪਹਿਲਾਂ ਸੰਗਰੂਰ ਵਾਸੀ ਇਸ ਸਰਕਾਰ ਨੂੰ ਸਬਕ ਸਿਖਾ ਚੁੱਕੇ ਹਨ। ਇਸ ਤੋਂ ਇਲਾਵਾ ਕਾਂਗਰਸੀ ਸਰਕਾਰਾਂ ਨੇ ਪਿਛਲੇ ਸਰਕਾਰ ਦੇ ਕਾਰਜਕਾਲ ਦੌਰਾਨ ਲੋਕਾਂ ਨੂੰ ਬੁਰੀ ਤਰ੍ਹਾਂ ਨਿਰਾਸ਼ ਕੀਤਾ ਹੈ। ਭਾਰਤੀ ਜਨਤਾ ਪਾਰਟੀ ਦੇ ਬਾਰੇ ਉਨ੍ਹਾਂ ਨੇ ਕਿਹਾ ਕਿ ਇਹ ਪਾਰਟੀ ਸਿੱਖਾਂ ਅਤੇ ਪੰਜਾਬੀਆਂ ਦਾ ਕਦੀ ਵੀ ਭਲਾ ਨਹੀਂ ਕਰ ਸਕਦੀ। ਇਸ ਵਲੋਂ ਪੰਜਾਬ ਵਿੱਚ ਨੀਮ ਫੌਜੀ ਦਸਤੇ ਭੇਜ ਕੇ ਪੰਜਾਬੀਆਂ ਨੂੰ ਦਬਾ ਕੇ ਰੱਖਣ ਲਈ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਕੇਂਦਰ ਸਰਕਾਰ ਇਨ੍ਹਾਂ ਚਾਲਾਂ ਵਿੱਚ ਕਦੇ ਕਾਮਯਾਬ ਨਹੀਂ ਹੋ ਸਕਦੀ। ਇਸ ਮੌਕੇ ਉਨ੍ਹਾਂ ਨਾਲ ਯੂਥ ਅਕਾਲੀ ਦਲ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਲਾਹੌਰੀਆ, ਐੱਸਈ ਵਿੰਗ ਦੇ ਜ਼ਿਲ੍ਹਾ ਮੀਤ ਪ੍ਰਧਾਨ ਵਰਿੰਦਰ ਸਿੰਘ ਜੋਤੀ, ਕਸ਼ਮੀਰ ਸਿੰਘ ਫਤਿਆਬਾਦ ਮੈਂਬਰ ਪੰਚਾਇਤ, ਹਰਦੀਪ ਸਿੰਘ ਖੱਖ ਮੈਂਬਰ ਪੰਚਾਇਤ, ਮੱਸਾ ਸਿੰਘ ਮੈਂਬਰ ਪੰਚਾਇਤ, ਹਰਜੀਤ ਸਿੰਘ ਮੈਂਬਰ ਪੰਚਾਇਤ, ਹਰਜਿੰਦਰ ਸਿੰਘ ਫੌਜੀ ਅਤੇ ਹਲਕਾ ਲੋਕ ਸਭਾ ਜਲੰਧਰ ਦੇ ਸਰਗਰਮ ਵਰਕਰ ਹਾਜ਼ਰ ਸਨ।

## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਵਿਸ਼ਵ ਸਿਹਤ ਦਿਵਸ ਮਨਾਇਆ



**ਤਰਨਤਾਰਨ (ਪ੍ਰਿਤਪਾਲ ਸਿੰਘ)**-ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤਰਨਤਾਰਨ ਵਿਖੇ ਸਕੂਲ ਦੇ ਪ੍ਰਿੰਸੀਪਲ ਰਣਜੀਤ ਭਾਟੀਆ ਦੀ ਅਗਵਾਈ ਹੇਠ ਵਿਸ਼ਵ ਸਿਹਤ ਦਿਵਸ ਮਨਾਇਆ ਗਿਆ। ਇਹ ਦਿਵਸ ਡਬਲਿਊਐੱਚਓ ਦੀ ਸਥਾਪਨਾ ਦੀ ਯਾਦ ਵਿੱਚ 1950 ਤੋਂ ਹਰ ਸਾਲ 7 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ। ਸਕੂਲ ਦੇ ਪ੍ਰੀ-ਪ੍ਰਾਇਮਰੀ ਵਿੰਗ ਦੇ ਬੱਚਿਆਂ ਨੇ ਵੱਖ-ਵੱਖ ਫਲਾਂ ਅਤੇ ਸਬਜ਼ੀਆਂ ਦੇ ਪਹਿਰਾਵੇ ਪਾ ਕੇ ਇਨ੍ਹਾਂ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਰੋਜ਼ਾਨਾ ਜੀਵਨ ਵਿੱਚ ਇਨ੍ਹਾਂ ਦਾ ਸੇਵਨ ਕਰਨ ਦਾ ਸੁਨੇਹਾ ਦਿੱਤਾ। ਸਕੂਲ ਦੇ ਵਿਦਿਆਰਥੀਆਂ ਵੱਲੋਂ ਇਸ ਵਿਸ਼ੇਸ਼ ਦਿਵਸ ਦੀ ਮਹੱਤਤਾ ਦੇ ਨਾਲ ਨਾਲ ਕੁਦਰਤੀ ਵਸਤੂਆਂ ਦੀ ਮਹੱਤਤਾ ਬਾਰੇ ਭਾਵ ਵਸ਼ੀ ਦਿੱਤੇ ਗਏ। ਚੀਫ ਖਾਲਸਾ ਦੀਵਾਨ ਦੇ ਅਡੀਸ਼ਨਲ ਸਕੱਤਰ, ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ, ਚੀਫ ਖਾਲਸਾ ਦੀਵਾਨ ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਗੁਰਿੰਦਰ ਸਿੰਘ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਬਨਸਪਤੀ ਸਾਡੇ ਜੀਵਨ ਦਾ ਮੂਲ ਆਧਾਰ ਹੈ। ਸਾਨੂੰ ਸਿਹਤਮੰਦ ਭੋਜਨ ਪਦਾਰਥਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ ਅਤੇ ਬਾਹਰ ਦਾ ਭੋਜਨ ਘੱਟ ਤੋਂ ਘੱਟ ਖਾਣਾ ਚਾਹੀਦਾ ਹੈ। ਪ੍ਰਿੰ. ਰਣਜੀਤ ਭਾਟੀਆ ਨੇ ਬੱਚਿਆਂ ਨੂੰ ਵੱਖ-ਵੱਖ ਕਿਸਮ ਦੇ ਅਨਾਜ ਅਤੇ ਰੇਸ਼ੇਦਾਰ ਭੋਜਨ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਤਾਜ਼ਾ ਫਲ, ਸਬਜ਼ੀਆਂ ਅਤੇ ਬਾਜਰੇ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਸ਼ਾਮਲ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸਿਹਤਮੰਦ ਰਹਿਣ ਲਈ ਵਧੀਆ ਖੁਰਾਕ ਦੇ ਨਾਲ ਨਾਲ ਯੋਗਾ ਅਤੇ ਕਸਰਤ ਕਰਨਾ ਵੀ ਬਹੁਤ ਜ਼ਰੂਰੀ ਹੈ।

# ਮਾਨ ਸਰਕਾਰ ਪੰਜਾਬ ਦੇ ਨੌਜਵਾਨਾਂ ਦਾ ਵਿਸ਼ਵਾਸ ਸੂਬੇ 'ਚ ਮੁੜ ਕਰ ਰਹੀ ਬਹਾਲ : ਚੀਮਾ



**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜ਼ਿਮਨੀ ਚੋਣ ਤੋਂ ਪਹਿਲਾਂ ਮੀਡੀਆ ਰਾਹੀਂ ਜਲੰਧਰ ਦੇ ਲੋਕਾਂ ਨੂੰ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਦੇ ਇੱਕ ਸਾਲ ਦੀ ਬੇਮਿਸਾਲ ਕਾਰਗੁਜਾਰੀ ਤੋਂ ਜਾਣੂ ਕਰਵਾਇਆ। ਪੱਤਰਕਾਰਾਂ ਨੂੰ ਸੰਬੋਧਿਤ ਕਰਦੇ ਹੋਏ, ਵਿੱਤ ਮੰਤਰੀ ਨੇ ਕਿਹਾ ਕਿ 'ਆਪ' ਸਰਕਾਰ ਦੁਆਰਾ ਲਿਆਂਦੀ ਗਈ ਨਵੀਂ ਆਬਕਾਰੀ ਨੀਤੀ ਨਾਲ 41% ਦਾ ਰਿਕਾਰਡ ਮਾਲੀਆ ਵਾਧਾ ਦਰਜ ਕੀਤਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਇਮਾਨਦਾਰ ਸਰਕਾਰ ਬਣਨ ਤੋਂ ਬਾਅਦ ਪੰਜਾਬ ਦੇ ਕਈ ਵਿਭਾਗਾਂ ਵਿੱਚ ਮਾਲੀਏ ਵਿੱਚ ਇਤਿਹਾਸਕ ਵਾਧਾ ਹੋਇਆ ਹੈ। ਉਨ੍ਹਾਂ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਨ੍ਹਾਂ ਨੇ ਸੂਬੇ ਦਾ ਮਾਲੀਆ ਵਧਾਉਣ ਲਈ ਕੁਝ ਨਹੀਂ ਕੀਤਾ ਸਗੋਂ ਉਲਟਾ ਅਕਾਲੀ ਅਤੇ ਕਾਂਗਰਸ ਸਰਕਾਰਾਂ ਦੌਰਾਨ ਮਾਲੀਆ ਘਟਦਾ ਸੀ। ਉਨ੍ਹਾਂ ਕਿਹਾ ਕਿ ਮਾਲੀਆ ਘਟਣ ਦਾ ਮੁੱਖ ਕਾਰਨ ਵੱਖ-ਵੱਖ ਮਾਫੀਆ ਜਿਵੇਂ ਆਬਕਾਰੀ ਮਾਫੀਆ, ਸਰਾਬ ਮਾਫੀਆ ਅਤੇ ਟਰਾਂਸਪੋਰਟ ਮਾਫੀਆ ਹਨ। ਇਹ ਮਾਫੀਏ ਅਕਾਲੀ, ਭਾਜਪਾ ਅਤੇ ਕਾਂਗਰਸੀ ਆਗੂਆਂ ਦੀ ਮਦਦ ਨਾਲ ਪੰਜਾਬ ਦੇ ਖਜਾਨੇ ਨੂੰ ਲੁੱਟਦੇ ਸਨ। ਉਨ੍ਹਾਂ ਕਿਹਾ ਕਿ ਜਦੋਂ ਤੋਂ ਪੰਜਾਬ ਦੇ ਲੋਕਾਂ ਨੇ ਪਿਛਲੇ ਸਾਲ ਭਾਰੀ ਫਤਵੇ ਨਾਲ ਇਮਾਨਦਾਰ ਸਰਕਾਰ ਚੁਣੀ ਹੈ, ਉਦੋਂ ਤੋਂ ਲੁੱਟ-ਖਸੁੱਟ ਤੇ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਈ ਹੈ। ਚੀਮਾ ਨੇ ਕਿਹਾ ਕਿ 'ਆਪ' ਸਰਕਾਰ ਦੇ ਲੋਕ ਪੱਖੀ ਫੈਸਲਿਆਂ ਦੇ ਨਤੀਜੇ ਵਜੋਂ ਪੰਜਾਬ ਵਿੱਚ ਨੌਜਵਾਨਾਂ ਦਾ ਵਿਸ਼ਵਾਸ ਮੁੜ ਬਹਾਲ ਹੋ ਰਿਹਾ ਹੈ। ਉਹ ਵਿਦੇਸ਼ਾਂ ਤੋਂ ਵਾਪਸ ਘਰ ਪਰਤ ਰਹੇ ਹਨ ਅਤੇ ਇੱਥੇ ਕੰਮ ਕਰਨਾ ਚਾਹੁੰਦੇ ਹਨ। 'ਆਪ' ਆਗੂ ਨੇ ਕਿਹਾ ਕਿ ਰਵਾਇਤੀ ਪਾਰਟੀਆਂ ਧਰਮ ਜਾਂ ਫਿਰਕੂ ਤਣਾਅ ਦੇ ਆਧਾਰ 'ਤੇ ਰਾਜਨੀਤੀ ਕਰਦੀਆਂ ਹਨ ਜਾਂ ਉਨ੍ਹਾਂ ਨੂੰ ਸਬਜਬਾਗ ਦਿਖਾਉਂਦੀਆਂ ਹਨ, ਪਰ 'ਆਪ' ਕੰਮ ਅਤੇ ਇਮਾਨਦਾਰੀ ਦੀ ਰਾਜਨੀਤੀ ਕਰਦੀ ਹੈ। ਹਰਪਾਲ ਚੀਮਾ ਨੇ ਕਿਹਾ ਕਿ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਰਕਾਰ ਨੇ ਪੀ.ਐਸ.ਪੀ.ਸੀ.ਐਲ. ਦੀ 20,200 ਕਰੋੜ ਰੁਪਏ ਦੀ ਸਬਸਿਡੀ ਜਾਰੀ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਪਹਿਲਾਂ ਪੀ.ਐਸ.ਪੀ.ਸੀ.ਐਲ. ਨੂੰ ਰਾਜ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਘਾਟੇ ਦਾ ਪ੍ਰਤੀਕ ਮੰਨਿਆ ਜਾਂਦਾ ਸੀ ਪਰ ਆਪ ਸਰਕਾਰ ਪੀ.ਐਸ.ਪੀ.ਸੀ.ਐਲ ਦੀਆਂ ਸਾਰੀਆਂ ਬਕਾਇਆ ਸਬਸਿਡੀਆਂ ਨੂੰ ਕਲੀਅਰ ਕਰੇਗੀ। ਮੀਡੀਆ ਦੇ ਸਵਾਲ ਦਾ ਜਵਾਬ ਦਿੰਦਿਆਂ ਹਰਪਾਲ ਚੀਮਾ ਨੇ ਕਿਹਾ ਕਿ ਸਿਆਸੀ ਬਦਲਾਖੋਰੀ ਕਾਰਨ ਕੁਝ ਲੋਕ ਸਾਡੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਬੇਬੁਨਿਆਦ ਦੋਸ ਲਗਾ ਰਹੇ ਹਨ ਪਰ ਅਸਲ 'ਚ ਭਗਵੰਤ ਮਾਨ ਪੰਜਾਬ ਦੇ ਸਭ ਤੋਂ ਮਿਹਨਤੀ ਅਤੇ ਇਮਾਨਦਾਰ ਮੁੱਖ ਮੰਤਰੀ ਹਨ। ਉਨ੍ਹਾਂ ਕਿਹਾ ਕਿ ਪਿਛਲੇ ਮੁੱਖ ਮੰਤਰੀ ਕਈ-ਕਈ ਮਹੀਨੇ ਸਕੱਤਰੇਤ ਦਫਤਰ ਤੋਂ ਗੈਰਹਾਜਰ ਰਹਿੰਦੇ ਸਨ ਪਰ ਸਾਡੇ ਮੁੱਖ ਮੰਤਰੀ ਤੇ ਮੰਤਰੀ ਮੰਡਲ ਪੰਜਾਬੀ ਨੂੰ ਮੁੜ 'ਰੰਗਲਾ' ਬਣਾਉਣ ਲਈ ਦਿਨ-ਰਾਤ ਕੰਮ ਕਰ ਰਹੇ ਹਨ ਪ੍ਰੈਸ ਕਾਨਫਰੰਸ ਵਿੱਚ ਉਨ੍ਹਾਂ ਨਾਲ 'ਆਪ' ਜਲੰਧਰ ਉਪ ਚੋਣ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ, ਵਿਧਾਇਕ ਸ਼ੀਤਲ ਅੰਗੁਰਾਲ, ਵਿਧਾਇਕ ਜਗਬੀਰ ਬਰਾੜ, 'ਆਪ' ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਅਤੇ ਸਕੱਤਰ ਰਾਜਵਿੰਦਰ ਕੌਰ ਥਿਆੜਾ ਮੌਜੂਦ ਸਨ। ਇਸ ਉਪਰੰਤ ਹਰਪਾਲ ਸਿੰਘ ਚੀਮਾ ਹੋਰ 'ਆਪ' ਸਮੇਤ ਜਲੰਧਰ ਦੇ ਵੱਖ ਵੱਖ ਧਾਰਮਿਕ ਸਥਾਨਾਂ, ਡੇਰਾ ਸੱਚਖੰਡ ਬੱਲਾਂ, ਸ੍ਰੀ ਦੇਵੀ ਤਾਲਾਬ ਮੰਦਰ ਅਤੇ ਗੁਰਦੁਆਰਾ ਪਾਤਸਾਹੀ ਛੇਵੀਂ, ਬਸਤੀ ਸੇਖ ਵਿਖੇ ਨਤਮਸਤਕ ਹੋਏ।

# ਸਾਦਗੀ, ਸੁਹਜ ਤੇ ਸਹਿਜ ਦਾ ਸੁਮੇਲ ਸੀ ਮਾਤਾ ਗੁਰਦੇਵ ਕੌਰ ਟੁਰਨਾ



ਦੋ ਦਹਾਕੇ ਪਹਿਲਾਂ ਰਵਿੰਦਰ ਸਿੰਘ ਟੁਰਨਾ ਬਲਵੰਤ ਸਿੰਘ ਰਾਮੂਵਾਲੀਆ ਵੱਲੋਂ ਬਣਾਈ ਗਈ ਸਿਆਸੀ ਪਾਰਟੀ ਲੋਕ ਭਲਾਈ ਪਾਰਟੀ ਦੇ ਸੱਭਿਆਚਾਰਕ ਵਿੰਗ ਦਾ ਸਿਖਰਲਾ ਆਗੂ ਸੀ। ਮੈਂ 'ਨਵਾਂ ਜ਼ਮਾਨਾ' ਲਈ ਖਬਰਾਂ ਬਣਾਇਆ ਕਰਦਾ ਸੀ। ਉਦੋਂ ਤੋਂ ਬਣੀ ਨੇੜਤਾ ਵਧਦੀ-ਵਧਦੀ ਭਰਾਵਾਂ ਵਾਲੇ ਪੱਧਰ 'ਤੇ ਪਹੁੰਚ ਗਈ। ਮੋਹਵੰਤੇ ਟੁਰਨਾ ਦੀ ਮਾਤਾ ਗੁਰਦੇਵ ਕੌਰ ਟੁਰਨਾ ਦੀ ਅਚਾਨਕ ਮੌਤ ਦੀ ਕੁਲਹਿਣੀ ਖਬਰ ਮਿਲੀ ਤਾਂ ਮੈਨੂੰ ਵੀ ਮੇਰੇ ਅੰਦਰੋਂ ਕੁਝ ਭੁਰ ਜਾਣ ਦਾ ਅਹਿਸਾਸ ਹੋਇਆ। ਮੇਰੇ ਤਿੰਨ-ਚਾਰ ਹੋਰ ਮਿੱਤਰ ਵੀ ਹਨ, ਜੋ ਇਸੇ ਕਤਾਰ ਵਿੱਚ ਆਉਂਦੇ ਹਨ। ਮੈਕਸਿਮ ਗੋਰਕੀ ਦੇ ਨਾਵਲ 'ਮਾਂ' ਦੇ ਨਾਇਕ ਪਾਵੇਲ ਦਾ ਸਭ ਤੋਂ ਨੇੜਲਾ ਮਿੱਤਰ ਆਂਦਰੇਈ ਆਖਦਾ ਹੈ, ਅਸੀ ਸਾਰੇ ਇਕੋ ਮਾਂ ਦੇ ਪੁੱਤਰ ਹਾਂ, ਜਿਨ੍ਹਾਂ ਅੰਦਰ ਸਾਰੇ ਸੰਸਾਰ ਦੇ ਕਿਰਤੀ ਲੋਕਾਂ ਦੀ ਭਾਈਚਾਰੇ ਵਿੱਚ ਅਜਿੱਤ ਭਰੋਸੇ ਦੀ ਲਾਟ ਬਲਦੀ ਹੈ। ਮਾਤਾ ਗੁਰਦੇਵ ਕੌਰ ਦੇ ਤੁਰ ਜਾਣ ਨਾਲ ਸਾਡੀ ਮਿੱਤਰ ਮੰਡਲੀ ਵਿੱਚ ਵੀ ਕੁਝ ਇਹੋ ਜਿਹੀ ਭਾਵਨਾ ਪ੍ਰਗਟ ਹੋਈ ਨਜ਼ਰ ਆਈ ਹੈ। ਰਵਿੰਦਰ ਸਿੰਘ ਟੁਰਨਾ ਦਾ ਇੱਕ ਅਗਾਂਹਵਧੂ ਕਿਸਾਨ, ਅੜਿਆਂ-ਥੁੜਿਆਂ ਦਾ ਹਮਦਰਦ, ਸਿਆਸੀ ਸੂਝ ਵਾਲਾ ਆਗੂ ਅਤੇ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਦੇ ਓ ਐੱਸ ਡੀ ਤੇ ਸਿਆਸੀ ਸਕੱਤਰ ਦੇ ਮੁਰਾਤਬੇ ਤੱਕ ਪਹੁੰਚਣ ਲਈ ਊਰਜਾ ਦਾ ਸਰੋਤ ਮਾਤਾ ਗੁਰਦੇਵ ਕੌਰ ਹੀ ਸੀ। ਸਾਦਗੀ, ਸੁਹਜ ਤੇ ਸਹਿਜ ਦਾ ਸੁਮੇਲ ਬੀਬੀ ਗੁਰਦੇਵ ਕੌਰ ਜ਼ਿੰਦਗੀ ਨੂੰ ਮੋਹ ਕਰਨ ਵਾਲੀ ਊਰਜਾਵਾਨ ਔਰਤ ਸੀ। ਕਹਿੰਦੇ ਸਨ ਕਿ ਬੰਦੇ ਦੀ ਜ਼ਿੰਦਗੀ ਦੀ ਇੱਕ ਰੁੱਤ ਜੀਣ ਦੀ ਹੁੰਦੀ ਹੈ ਤੇ ਇੱਕ ਜਾਣ ਦੀ। ਇਸ ਹਿਸਾਬ ਨਾਲ ਵੀ ਮਾਤਾ ਗੁਰਦੇਵ ਕੌਰ ਟੁਰਨਾ ਦੀ ਉਮਰ ਅਜੇ ਜਾਣ ਦੀ ਨਹੀਂ ਸੀ। ਉਨ੍ਹਾ ਦੀ ਉਮਰ ਦੇ 70 ਸਾਲ ਤੱਕ ਪਹੁੰਚਣ ਨੂੰ ਵੀ ਅਜੇ ਇੱਕ ਵਰ੍ਹਾ ਬਾਕੀ ਸੀ।

ਬਾਬੇ ਨਾਨਕ ਦੇ ਫਲਸਫੇ ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ ਦੇ ਉਹ ਪੱਕੇ ਧਾਰਨੀ ਸਨ। ਉਨ੍ਹਾ ਦੇ ਜੀਵਨ ਵਰਤਾਰੇ ਤੋਂ ਇਸ ਫਲਸਫੇ ਦੀ ਝਾਤ ਸਹਿਜੇ ਹੀ ਮਿਲ ਜਾਂਦੀ ਸੀ। ਕਹਿੰਦੇ ਹਨ ਕਿ ਸੱਚੇ-ਸੁੱਚੇ ਰਿਸ਼ਤੇ ਕੁਦਰਤੀ ਤਰੰਗਾਂ ਰਾਹੀ ਇੱਕ-ਦੂਸਰੇ ਨੂੰ ਦੁੱਖ-ਸੁੱਖ ਦਾ ਸੰਦੇਸ਼ ਦਿੰਦੇ ਰਹਿੰਦੇ ਹਨ ਤੇ ਫਿਰ ਮਾਂ ਦੇ ਰਿਸ਼ਤੇ ਨਾਲੋਂ ਹੋਰ ਸੱਚਾ ਤੇ ਸੁੱਚਾ ਰਿਸ਼ਤਾ ਹੋਰ ਕਿਹੜਾ ਹੋ ਸਕਦਾ ਹੈ। ਇਸੇ ਲਈ ਪ੍ਰੋਫੈਸਰ ਮੋਹਨ ਸਿੰਘ ਲਿਖਦੇ ਹਨ, 'ਮਾਂ ਵਰਗਾ ਘਣਛਾਵਾਂ ਬੂਟਾ ਮੈਨੂੰ ਨਜ਼ਰ ਨਾ ਆਏ, ਲੈ ਕੇ ਜਿਸ ਤੋਂ ਛਾਂ ਉਧਾਰੀ ਰੱਬ ਨੇ ਸਵਰਗ ਬਣਾਏ, ਬਾਕੀ ਕੁੱਲ ਦੁਨੀਆ ਦੇ ਬੂਟੇ ਜੜ੍ਹ ਸੁੱਕਿਆਂ ਮੁਰਝਾਂਦੇ, ਐਪਰ ਫੁੱਲਾਂ ਦੇ ਮੁਰਝਾਇਆਂ ਇਹ ਬੂਟਾ ਸੁੱਕ ਜਾਏ।'

ਰਵਿੰਦਰ ਸਿੰਘ ਟੁਰਨਾ ਨੇ ਇਨ੍ਹਾਂ ਸਤਰਾਂ ਦੇ ਲੇਖਕ ਨਾਲ ਗੱਲਬਾਤ ਕਰਦਿਆ ਦੱਸਿਆ ਕਿ ਉਹ ਲਹਿਰਾਗਾਗਾ ਵਾਲੇ ਪਾਸੇ ਕਿਸੇ ਭੋਗ ਸਮਾਗਮ 'ਤੇ ਬੋਲ ਰਹੇ ਸਨ। ਅਚਾਨਕ ਉਨ੍ਹਾ ਦੀਆਂ ਅੱਖਾਂ ਦੇ ਅੱਥਰੂ ਛਲਕ ਪਏ। ਇਹ ਸੰਕੇਤ ਸੀ ਕਿ ਘਣਛਾਵੇਂ ਬੂਟੇ ਦੀ ਛਾਂ ਖਤਮ ਹੋਣ ਵਾਲੀ ਹੈ।

ਟੁਰਨਾ ਘਰ ਆਏ, ਮਾਂ ਨੂੰ ਵੀ ਉਡੀਕ ਸੀ। ਮਾਂ-ਪੁੱਤ ਨੇ ਲਾਡ ਲਡਾਏ, ਮਾਂ ਆਪਣੇ ਪੁੱਤ ਦੀ ਆਖਰੀ ਝਲਕ ਲਈ ਉਡੀਕ ਰਹੀ ਸੀ, ਸ਼ਾਇਦ ਬਸ ਕੁਝ ਹੀ ਘੰਟਿਆਂ ਬਾਅਦ ਘਣਛਾਵਾਂ ਬੂਟਾ ਛੁਪਨਛੋਤ ਹੋ ਗਿਆ। ਘਰ ਵਿੱਚ ਬਣਾਇਆ ਫੁੱਲਾਂ ਲੱਦਿਆ ਪਾਰਕ ਉਦਾਸ ਦਿਸਣ ਲੱਗਿਆ। ਜੀਵਨ ਸਾਥੀ ਸਰਦਾਰ ਸੁਖਦੇਵ ਸਿੰਘ ਟੁਰਨਾ ਡੂੰਘੀਆਂ ਸੋਚਾਂ 'ਚ ਵਹਿ ਤੁਰਿਆ , ਪੋਤਰਾ ਮਹਿਤਾਬ ਡੌਰਭੌਰਾ ਹੋ ਗਿਆ। ਪੂਰੇ ਘਰ ਵਿੱਚ ਉਦਾਸੀ ਦਾ ਆਲਮ ਛਾ ਗਿਆ। ਖੈਰ, ਜ਼ਿੰਦਗੀ ਦੁੱਖਾਂ-ਸੁੱਖਾਂ ਦਾ ਹੀ ਨਾਂਅ ਹੈ। ਮਾਤਾ ਗੁਰਦੇਵ ਕੌਰ ਦੀ ਸ਼ਖਸੀਅਤ ਦੀ ਮਹਿਕ ਨਾਲ ਸਾਰਾ ਟੁਰਨਾ ਪਰਵਾਰ ਮਹਿਕਦਾ ਰਹੇ ਮੇਰੀ ਇਹੋ ਕਾਮਨਾ ਹੈ।

ਅੱਜ ਉਨ੍ਹਾ ਦੇ ਪਿੰਡ ਫਾਜਲਵਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਸਵੇਰੇ 10.00 ਵਜੇ ਪਵੇਗਾ। ਉਪਰੰਤ 12.00 ਵਜੇ ਤੋਂ ਇੱਕ ਵਜੇ ਤੱਕ ਕੀਰਤਨ ਅਤੇ ਅੰਤਮ ਅਰਦਾਸ ਗੁਰਦੁਆਰਾ ਸਿੰਘ ਸਭਾ ਫਾਜਲਵਾਲ ਵਿਖੇ ਹੋਵੇਗੀ।

**—ਗਿਆਨ ਸੈਦਪੁਰੀ**

# ਗੁਰਪਾਲ ਸਿੰਘ ਨੇ ਨਗਰ ਸੁਧਾਰ ਟਰੱਸਟ ਕਪੂਰਥਲਾ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ



**ਕਪੂਰਥਲਾ, (ਰਵਿੰਦਰ ਸਿੰਘ, ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)**- ਗੁਰਪਾਲ ਸਿੰਘ ਇੰਡੀਅਨ ਨੇ ਨਗਰ ਸੁਧਾਰ ਟਰੱਸਟ ਕਪੂਰਥਲਾ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲ ਲਿਆ ਹੈ। ਸਥਾਨਕ ਨਗਰ ਸੁਧਾਰ ਟਰੱਸਟ ਦੇ ਦਫਤਰ ਵਿਖੇ ਅਹੁਦਾ ਸੰਭਾਲਣ ਮੌਕੇ ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਧੰਨਵਾਦ ਕੀਤਾ। ਪਾਰਟੀ ਦੇ ਵਰਕਰਾਂ ਦਾ ਅਹੁਦਾ ਸੰਭਾਲਣ ਪਿੱਛੋਂ ਚੇਅਰਮੈਨ ਗੁਰਪਾਲ ਸਿੰਘ ਨੇ ਕਿਹਾ ਕਿ ਸਹਿਰ ਕਪੂਰਥਲਾ ਦਾ ਯੋਜਨਾਬੱਧ ਵਿਕਾਸ ਤੇ ਆਮ ਲੋਕਾਂ ਨੂੰ ਵਾਜਬ ਦਰਾਂ 'ਤੇ ਹਾਊਸਿੰਗ ਦੀ ਸਹੂਲਤ ਨਗਰ ਸੁਧਾਰ ਟਰੱਸਟ ਦੀ ਪਹਿਲ ਹੋਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਨਗਰ ਸੁਧਾਰ ਟਰੱਸਟ ਨਾਲ ਸਬੰਧਿਤ ਸੇਵਾਵਾਂ ਸਰਲ ਤਰੀਕੇ ਨਾਲ ਉਪਲਬਧ ਕਰਵਾਉਣ ਲਈ ਹੋਰ ਯਤਨ ਕੀਤੇ ਜਾਣਗੇ। ਇਸ ਮੌਕੇ ਰਾਜ ਸਭਾ ਮੈਂਬਰ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਤੇ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਨਵ-ਨਿਯੁਕਤ ਚੇਅਰਮੈਨ ਨੂੰ ਮੁਬਾਰਕਬਾਦ ਦਿੱਤੀ ।

ਇਸ ਮੌਕੇ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰੱਸਟ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਪਾਰਟੀ ਦੇ ਵਰਕਰਾਂ ਨੂੰ ਵੱਡੇ ਅਹੁਦੇ ਦਿੱਤੇ ਜਾ ਰਹੇ ਹਨ, ਜਿਸ ਨਾਲ ਵਰਕਰ ਉੱਚੇ ਰਾਜਨਿਤਕ ਅਹੁਦਿਆਂ 'ਤੇ ਪੁੱਜੇ ਹਨ। ਉਨ੍ਹਾਂ ਕਿਹਾ ਕਿ ਗੁਰਪਾਲ ਸਿੰਘ ਨੂੰ ਪਾਰਟੀ ਨੇ ਚੇਅਰਮੈਨ ਨਿਯੁਕਤ ਕਰਕੇ ਆਮ ਵਰਕਰਾਂ ਨੂੰ ਮਾਣ ਦੇਣ ਦੀ ਰਾਜਨੀਤੀ ਦੀ ਮਿਸਾਲ ਕਾਇਮ ਕੀਤੀ ਹੈ ਤੇ ਨਾਲ ਹੀ ਭਰੋਸਾ ਜਤਾਇਆ ਕਿ ਗੁਰਪਾਲ ਸਿੰਘ ਦੀ ਅਗਵਾਈ ਹੇਠ ਨਗਰ ਸੁਧਾਰ ਟਰੱਸਟ ਸਹਿਰ ਦੇ ਵਿਕਾਸ ਵਿਚ ਅਹਿਮ ਭੂਮਿਕਾ ਅਦਾ ਕਰੇਗਾ।ਇਸ ਮੌਕੇ ਲਲਿਤਾ ਸਕੁਲਾਨੀ ਚੇਅਰਮੈਨ ਜਿਲਾ ਯੋਜਨਾ ਬੋਰਡ ਕਪੂਰਥਲਾ, ਕਸਮੀਰ ਸਿੰਘ ਮੱਲੀ ਚੈਅਰਮੈਨ ਨਗਰ ਸੁਧਾਰ ਟਰੱਸਟ ਫਗਵਾੜਾ ਪਰਵਿੰਦਰ ਸਿੰਘ ਢੋਟ ਸੀਨੀਅਰ ਆਗੂ ਆਪ,ਕੰਵਰ ਇਕਬਾਲ ਸਿੰਘ ਜਿਲਾ ਵਪਾਰ ਮੰਡਲ ਪ੍ਰਧਾਨ ਕਪੂਰਥਲਾ, ਗੁਰਨਾਮ ਸਿੰਘ ਰਿਟਾਇਰਡ ਡੀ ਐਸ ਪੀ, ਨਵ ਨਿਯੁਕਤ ਚੇਅਰਮੈਨ ਦੇ ਪਰਵਾਰਕ ਮੈਂਬਰ ਤੇ ਵੱਡੀ ਗਿਣਤੀ ਵਿਚ ਪਾਰਟੀ ਦੇ ਅਹੁਦੇਦਾਰ ਤੇ ਵਰਕਰ ਹਾਜ਼ਰ ਸਨ।

# ਐੱਲ ਪੀ ਯੂ 'ਚ ਮਹਿੰਦੀ ਦੇ ਹੁਨਰ ਤੇ ਐਕਸਪੋ ਦੀ ਬੱਲੇ-ਬੱਲੇ



**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ) ਅਤੇ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ (ਏ.ਆਈ.ਯੂ.) ਦੇ ਸਲਾਨਾ ਅੰਤਰਰਾਸ਼ਟਰੀ ਫੈਸਟ ਵਨ ਵਰਲਡ-2023 ਦੇ ਸਮਾਪਤੀ ਦਿਨ ਤੇ ਹਜ਼ਾਰਾਂ ਭਾਗ ਲੈਣ ਵਾਲੇ ਵਿਦਿਆਰਥੀਆਂ ਦਵਾਰਾ ਮਨਮੋਹਕ ਮੇਲੋਡੀਜ਼, ਮਾਈਮਜ਼, ਮਹਿੰਦੀ ਦੇ ਹੁਨਰ ਆਦਿ ਸਾਂਝਾ ਕੀਤਾ ਗਿਆ। ਵਾਰਡ ਸਮਾਰੋਹ ਦੌਰਾਨ, ਐਲ ਪੀ ਯੂ ਦੇ ਸਕੂਲ ਆਫ਼ ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਨੇ ਦੇਸ਼ ਨੇਪਾਲ ਦੀ ਨੁਮਾਇੰਦਗੀ ਕਰਨ ਲਈ ਸਾਲਾਨਾ ਵਨ ਵਰਲਡ ਉਤਸਵ ਦੀ ਓਵਰਆਲ ਟਰਾਫੀ ਜਿੱਤੀ।ਸਕੂਲ ਆਫ਼ ਆਰਕੀਟੈਕਚਰ ਐਂਡ ਪਲੈਨਿੰਗ ਨੇ ਭੂਟਾਨ ਦੀ ਨੁਮਾਇੰਦਗੀ ਕੀਤੀ ਅਤੇ ਮਿੱਤਲ ਸਕੂਲ ਆਫ਼ ਬਿਜ਼ਨਸ ਨੇ ਡੀ ਆਰ ਕਾਂਗੋ ਦੀ ਨੁਮਾਇੰਦਗੀ ਕੀਤੀ। ਇਸੇ ਤਰ੍ਹਾਂ ਡਾਇਰੈਕਟੋਰੇਟ ਆਫ ਡਿਸਟੈਂਸ ਐਜੂਕੇਸ਼ਨ ਨੇ ਤਿੱਬਤ ਦੀ ਨੁਮਾਇੰਦਗੀ ਕੀਤੀ। ਸਕੂਲ ਆਫ਼ ਇਲੈਕਟ੍ਰਾਨਿਕਸ ਅਤੇ ਇਲੈਕਟ੍ਰੀਕਲ ਇੰਜੀਨੀਅਰਿੰਗ ਰਵਾਂਡਾ ਦੀ ਨੁਮਾਇੰਦਗੀ ਕੀਤੀ ਅਤੇ, ਸਕੂਲ ਆਫ਼ ਜਰਨਲਿਜ਼ਮ ਐਂਡ ਕ੍ਰਿਏਟਿਵ ਆਰਟਸ ਨੇ ਆਈਵਰੀ ਕੋਸਟ ਦੀ ਨੁਮਾਇੰਦਗੀ ਕੀਤੀ ਇਹ ਤਿੰਨੋਂ ਦੂਜੇ ਰਨਰ-ਅੱਪ ਅਵਾਰਡਾਂ ਦੇ ਜੇਤੂ ਹਨ। ਐਲਪੀਯੂ ਦੇ 40 ਤੋਂ ਵੱਧ ਸਕੂਲਾਂ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਨਿਯੰਤਰਣ ਅਧੀਨ ਵੱਖ-ਵੱਖ ਦੇਸ਼ਾਂ ਦੀ ਨੁਮਾਇੰਦਗੀ ਕੀਤੀ। ਇੱਥੇ, ਸ਼੍ਰੀਲੰਕਾ, ਭੂਟਾਨ, ਨੇਪਾਲ, ਬੰਗਲਾਦੇਸ਼, ਮੰਗੋਲੀਆ, ਲਾਇਬੇਰੀਆ, ਸੋਮਾਲੀਆ, ਲੈਸੋਥੋ ਕਿੰਗਡਮ, ਮਾਲਦੀਵ, ਅਫਗਾਨਿਸਤਾਨ, ਯਮਨ, ਸੂਡਾਨ, ਰਵਾਂਡਾ, ਤਨਜ਼ਾਨੀਆ, ਮਾਰੀਸ਼ਸ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਬਾਰੇ ਜਾਣਕਾਰੀ ਆਸਾਨੀ ਨਾਲ ਉਪਲਬਧ ਸੀ।

# ਆਲ ਇੰਡੀਆ ਕ੍ਰਾਂਤੀ ਫੋਰਸ ਦੀ ਮੀਟਿੰਗ



**ਬਿਲਗਾ (ਵਿਜੇ ਕੁਮਾਰ)** ਆਲ ਇੰਡੀਆ ਕ੍ਰਾਂਤੀ ਫੋਰਸ ਦੀ ਇਕ ਵਿਸ਼ੇਸ਼ ਮੀਟਿੰਗ ਬਿਲਗਾ ਵਿਖੇ ਨੈਸ਼ਨਲ ਚੇਅਰਮੈਨ ਅਬਦੁਲ ਕਿਊਮ ਰਾਜਾ ਅਤੇ ਨੈਸਨਲ ਪ੍ਰਧਾਨ ਧਰਮਿੰਦਰ ਬਸਰਾ ਦੀ ਅਗਵਾਈ 'ਚ ਕੀਤੀ ਗਈ, ਜਿਸ 'ਚ ਸਰਬਸੰਮਤੀ ਨਾਲ ਬਾਲ ਕ੍ਰਿਸ਼ਨ ਅਗਰਵਾਲ ਨੂੰ ਪੰਜਾਬ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਉਨ੍ਹਾਂ ਦੇ ਨਾਲ ਹੀ ਵਿਵੇਕ ਸ਼ਰਮਾਂ ਨੂੰ ਜਨਰਲ ਸਕੱਤਰ ਪੰਜਾਬ, ਕੁਲਵਿੰਦਰ ਸਿੰਘ ਨੂੰ ਕੋਆਰਡੀਨੇਟਰ ਪੰਜਾਬ ਅਤੇ ਹਰਿੰਦਰ ਸਿੰਘ ਰੰਧਾਵਾ ਜੁਆਇੰਟ ਸਕੱਤਰ ਪੰਜਾਬ ਚੁਣਿਆ ਗਿਆ ਉਨ੍ਹਾਂ ਨੇ ਕਿਹਾ ਕਿ ਆਲ ਇੰਡੀਆ ਕ੍ਰਾਂਤੀ ਫੋਰਸ ਸਮਾਜ ਸੇਵਾ ਦੇ ਕੰਮ ਕਰਦੀ ਹੈ ਇਸ ਸੰਸਥਾ ਦੇ ਮੈਂਬਰ ਕਿਸੇ ਨਾਲ ਧੱਕਾ ਨਹੀਂ ਹੋਣ ਦਿੰਦੇ ਲੋੜਵੰਦਾਂ ਦੇ ਨਾਲ ਖੜਦੇ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਹਰ ਸੰਭਵ ਯਤਨ ਕਰਦੇ ਹਨ । ਨਵੇਂ ਚੁਣੇ ਗਏ ਪ੍ਰਧਾਨ ਬਾਲ ਕ੍ਰਿਸ਼ਨ ਅਗਰਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਹਾਈ ਕਮਾਨ ਨੇ ਜੋ ਜ਼ੁੰਮੇਵਾਰੀ ਸੌਂਪੀ ਹੈ ਉਹ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਕਿਸੇ ਨਾਲ ਕੋਈ ਭੇਦਭਾਵ ਨਹੀਂ ਕੀਤਾ ਜਾਵੇਗਾ ਇਸ ਮੌਕੇ ਤੇ ਆਲ ਇੰਡੀਆ ਕ੍ਰਾਂਤੀ ਫੋਰਸ ਦੇ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ।

# ਸਰਕਾਰੀ ਐਲੀਮੈਂਟਰੀ ਸਕੂਲ ਸੁਖਾਣੀ ਦਾ ਪੰਜਵੀਂ ਕਲਾਸ ਦਾ ਨਤੀਜਾ ਸ਼ਾਨਦਾਰ



**ਕਾਲਾ ਸੰਘਿਆਂ (ਮਨਜੀਤ ਮਾਨ)** ਸਰਕਾਰੀ ਐਲੀਮੈਂਟਰੀ ਸਕੂਲ ਸੁਖਾਣੀ 'ਚ ਪੰਜਵੀਂ ਕਲਾਸ ਦਾ ਨਤੀਜਾ ਆਉਣ ਤੇ ਪਹਿਲੇ ਦੂਸਰੇ ਤੀਸਰੇ ਨੰਬਰ 'ਤੇ ਆਉਣ ਵਾਲੇ ਬੱਚਿਆਂ ਨੂੰ ਇਨਾਮ ਦਿੱਤੇ ਗਏ ਇਸ ਇਨਾਮ ਵੰਡ ਸਮਾਰੋਹ ਵਿਚ ਆਮ ਆਦਮੀ ਪਾਰਟੀ ਕਾਲਾ ਸੰਘਿਆਂ ਦੀ ਟੀਮ ਦੇ ਸੀਨੀਅਰ ਆਗੂ ਸੰਜੀਵ ਕੌਂਡਲ, ਬਿੱਲੂ ਸਹਿਰੀਆਂ, ਸਰਕਲ ਪ੍ਰਧਾਨ ਬਲਕਾਰ ਲਾਲਕਾ, ਵਿਜੇ ਕੁਮਾਰ ਅਰੋੜਾ, ਸੁਖਜਿੰਦਰ ਸਿੰਘ ਸੁਖਾਣੀ ਅਤੇ ਸਕੂਲ ਸਟਾਫ ਵੱਲੋਂ ਅਧਿਆਪਕਾ ਮੈਡਮ ਅਮਨਜੋਤ ਅਤੇ ਮੈਡਮ ਇੰਦਰਜੀਤ ਕੌਰ ਵਲੋਂ ਪਹਿਲੇ ਸਥਾਨ ਤੇ ਆਏ ਵਿਦਿਆਰਥੀ ਅਵਕਾਸ ਦੂਸਰੇ ਤੇ ਅਮਨਜੋਤ ਅਤੇ ਤੀਸਰੇ ਸਥਾਨ 'ਤੇ ਜਸਪ੍ਰੀਤ ਸਿੰਘ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਇਸ ਮੌਕੇ ਸੀਨੀਅਰ ਆਗੂ ਸੰਜੀਵ ਕੌਂਡਲ ਨੇ ਬੱਚਿਆਂ ਨੂੰ ਕਿਹਾ ਕਿ ਤੁਸੀ ਡਟ ਕੇ ਪੜ੍ਹਾਈ ਕਰੋ ਕਿਉਂਕਿ ਪੜ੍ਹਾਈ ਇਕ ਇਹੋ ਜਿਹਾ ਗਹਿਣਾ ਹੈ ਜਿਸਨੂੰ ਕੋਈ ਵੀ ਤੁਹਾਡੇ ਕੋਲੋਂ ਨਾਂ ਤਾਂ ਖੋਹ ਸਕਦਾ ਹੈ ਤੇ ਨਾਂ ਹੀ ਤੁਹਾਡੇ ਕੋਲੋਂ ਜਬਦਸਤੀ ਚੋਰੀ ਕਰ ਸਕਦਾ ਹੈ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਸ੍ ਭਗਵੰਤ ਸਿੰਘ ਮਾਨ ਵਲੋਂ ਪੜ੍ਹਾਈ ਤੇ ਸਿਹਤ ਸਹੂਲਤਾਂ ਸੰਬਧੀ ਕੀਤੇ ਕੰਮ ਬਹੁਤ ਸਲਾਘਾਯੋਗ ਹਨ ਇਸ ਨਾਲ ਸਾਡਾ ਪੰਜਾਬ ਫੇਰ ਤੋਂ ਦੁਆਰਾ ਰੰਗਲਾ ਪੰਜਾਬ ਬਣੇਗਾ ਸਕੂਲ ਸਟਾਫ ਵੱਲੋਂ ਸਾਰੀ ਆਮ ਆਦਮੀ ਪਾਰਟੀ ਦੀ ਟੀਮ ਦਾ ਸਕੂਲ ਆਉਣ ਤੇ ਧੰਨਵਾਦ ਕੀਤਾ ਗਿਆ ਇਸ ਮੌਕੇ ਟੀਮ ਵੱਲੋਂ ਸਕੂਲ ਸਟਾਫ ਨੂੰ ਬੱਚਿਆਂ ਦੀ ਪੜ੍ਹਾਈ ਸਬੰਧੀ ਸਰਕਾਰ ਪੱਧਰ ਦੇ ਕਿੱਸੇ ਵੀ ਤਰ੍ਹਾਂ ਦਾ ਕੋਈ ਵੀ ਕੰਮ ਹੋਵੇ ਤਾਂ ਜਰੂਰ ਦੱਸਣ ਲਈ ਕਿਹਾ ਗਿਆ ਜਿਸ ਨਾਲ ਸਕੂਲ ਵਿੱਚ ਸਿੱਖਿਆ ਦਾ ਪੱਧਰ ਹੋਰ ਉੱਚਾ ਹੋ ਸਕੇ।

# ਸਾਲਾਨਾ 38ਵਾਂ ਫੁੱਟਬਾਲ ਟੂਰਨਾਮੈਂਟ ਕਰਵਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਠੱਕਰਵਾਲ ਦੇ ਸ਼ਹੀਦ ਭਗਤ ਸਿੰਘ ਜੀ ਸਟੇਡੀਅਮ ਵਿਖੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ ਤੇ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਸ਼ਹੀਦ ਭਗਤ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਅਮਿਟ ਯਾਦਾਂ ਛੱਡਦਾ ਸਮਾਪਤ ਹੋ ਗਿਆ। ਇਸ ਮੌਕੇ ਫਾਈਨਲ ਮੁਕਾਬਲੇ 'ਚ ਡਰੋਲੀ ਕਲਾਂ ਤੇ ਬੱਡੋਂ ਦੀ ਟੀਮ ਦੇ ਹੋਏ ਫਸਵੇਂ ਮੁਕਾਬਲੇ 'ਚ ਦੋਵੇਂ ਟੀਮਾਂ 1-1 ਗੋਲ ਨਾਲ ਬਰਾਬਰੀ ਤੇ ਰਹੀਆਂ, ਉਪਰੰਤ ਪੈਨਲਟੀ ਕਿੱਕ ਰਾਹੀਂ ਡਰੋਲੀ ਕਲਾਂ ਨੇ ਬੱਡੋਂ ਦੀ ਟੀਮ ਨੂੰ 4-2 ਦੇ ਫਰਕ ਨਾਲ ਹਰਾ ਕੇ ਜੇਤੂ ਟ੍ਰਾਫੀ ਤੇ ਕਬਜਾ ਕਰ ਲਿਆ। ਇਸ ਮੌਕੇ ਇਨਾਮਾਂ ਦੀ ਵੰਡ ਮੁੱਖ ਮਹਿਮਾਨ ਵਜੋਂ ਹਾਜਰ ਹੋਏ ਸਾਬਕਾ ਮੰਤਰੀ ਸੋਹਣ ਸਿੰਘ ਠੰਡਲ ਨੇ ਕੀਤੀ ਇਸ ਮੌਕੇ ਕਲੱਬ ਪ੍ਰਧਾਨ ਕਿਸਨ ਚੰਦ ਭਨੋਟ, ਮਾਸਟਰ ਰਛਪਾਲ ਸਿੰਘ ਜਲਵੇਹੜਾ,. ਹਰਬੰਸ ਸਿੰਘ ਮੰਝ, ਸੰਤ ਹਰੀ ਸਿੰਘ ਜਸਵਾਲ ਭਾਮ, ਦਰਸਨ ਸਿੰਘ ਰਾਜਾ, ਧਰਮਿੰਦਰ ਸਿੰਘ ਰਾਜੂ, ਪਰਮਜੀਤ ਸਿੰਘ ਰਾਜੂ, ਡਾ. ਸੁਖਦੇਵ ਸਿੰਘ ਬੱਡੋਂ, ਸਰਬਜੀਤ ਸਿੰਘ ਮੰਝ, ਸਰਪੰਚ ਜਸਵੀਰ ਸਿੰਘ ਕਾਲਾ ਮੌਜੋਮਜਾਰਾ, ਰਾਜੇਸ ਕੁਮਾਰ ਰਾਜਾ, ਪ੍ਰਿੰਸੀਪਲ ਸੁਖਇੰਦਰ ਸਿੰਘ ਰਿੱਕੀ ਬੱਡੋਂ, ਰਣਵੀਰ ਸਿੰਘ ਮੰਝ, ਮੈਡਮ ਓਮਾਂ ਸਿੰਘ ਮੰਝ, ਅਮਰੀਕ ਸਿੰਘ ਕੋਚ ਮੀਰਾਪੁਰ, ਧਰਮਿੰਦਰ ਸਿੰਘ ਮੰਜ, ਕਮਲਜੀਤ ਸਿੰਘ ਫੌਜੀ ਠੱਕਰਵਾਲ, ਕੈਪਟਨ ਅਮਨਚੈਨ ਸਿੰਘ, ਹਰਜਿੰਦਰ ਸਿੰਘ ਨੀਟਾ ਭਾਮ, ਮਾਸ. ਹਰਭਜਨ ਸਿੰਘ ਅਜਨੋਹਾ, ਚਰਨਜੀਤ ਸਿੰਘ ਸੈਕਟਰੀ, ਰਣਵੀਰ ਸਿੰਘ ਮੰਜ ਕਨੇਡਾ, ਗੁਰਦਿਆਲ ਸਿੰਘ ਡੋਡ ਅਮਰੀਕਾ, ਰਾਜਬਲਵੀਰ ਸਿੰਘ ਭਾਮ, ਅਮਰੀਕ ਸਿੰਘ, ਚਰਨ ਸਿੰਘ ਮੰਜ, ਹਰਭਜਨ ਸਿੰਘ ਭੱਜੀ, ਪ੍ਰੀਤਮ ਸਿੰਘ ਸੋਢੀ ਕਨੇਡਾ, ਜਗਤਾਰ ਸਿੰਘ ਮੌਜੋਮਜਾਰਾ, ਦਵਿੰਦਰ ਸਿੰਘ ਢਿੱਲੋਂ ਸਾਬਕਾ ਸਰਪੰਚ, ਆਦਿ ਹਾਜ਼ਰ ਸਨ।

# ਬਾਬਾ ਜੁਝਾਰ ਸਿੰਘ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਨਾਲ ਮਨਾਇਆ




**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**-ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਧੰਨ ਧੰਨ ਬਾਬਾ ਜੁਝਾਰ ਸਿੰਘ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ ਜਿਸ ਵਿਚ ਪ੍ਰਸਿੱਧ ਰਾਗੀ ਅਤੇ ਕਥਾਵਾਚਕਾਂ ਨੇ ਧੰਨ ਧੰਨ ਬਾਬਾ ਜੁਝਾਰ ਸਿੰਘ ਦੀ ਜੀਵਨੀ ਨਾਲ ਸਬੰਧਤ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਸਮਾਗਮ 'ਚ ਭਾਈ ਬਲਜੀਤ ਸਿੰਘ ਸਰਹਿੰਦ ਵਾਲੇ, ਭਾਈ ਅਨਤਵੀਰ ਸਿੰਘ ਵਾਲੇ, ਅਮਨਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਸੁਰਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਗੁਰਪ੍ਰੀਤ ਸਿੰਘ ਹਜ਼ੂਰੀ ਰਾਗੀ, ਭਾਈ ਕਿਰਨਦੀਪ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਸ੍ਰੀ ਚਮਕੌਰ ਸਾਹਿਬ, ਇਸ ਮੌਕੇ ਬਾਬਾ ਜੋਗਿੰਦਰ ਸਿੰਘ ਸ੍ਰੀ ਚਮਕੌਰ ਸਹਿਬ ਵਾਲੇ ਵੱਲੋਂ ਲੰਗਰ ਲਗਾਏ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਭਾਈ ਨੱਥਾ ਸਿੰਘ, ਨਰਿੰਦਰ ਸਿੰਘ ਸੋਲਖੀਆਂ, ਰਵਿੰਦਰ ਸਿੰਘ ਅਕਾਊਂਟੈਂਟ, ਪਰਮਜੀਤ ਸਿੰਘ, ਜਥੇਦਾਰ ਬਹਾਦਰ ਸਿੰਘ ਮਕੜੋਨਾ, ਬਾਬਾ ਪਰਮਿੰਦਰ ਸਿੰਘ, ਬੁਲੰਦ ਪ੍ਰੈਸ ਕਲੱਬ ਦੇ ਪ੍ਰਧਾਨ ਅਮਰਜੀਤ ਸਿੰਘ ਕਲਸੀ, ਸੰਤ ਬਾਬਾ ਧਰਮ ਸਿੰਘ ਜੀ ਖਾਲਸਾ ਗੁ.ਸ੍ਰੀ ਸ਼ਹੀਦ ਬੁਰਜ ਸਾਹਿਬ ਸ੍ਰੀ ਚਮਕੌਰ ਸਾਹਿਬ, ਭਾਈ ਜੰਗ ਸਿੰਘ ਰਾਮਪੁਰ ਵਾਲੇ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

## ਜਨਮ ਦਿਨ ਮੁਬਾਰਕ



ਹਰਕੀਰਤ ਸਿੰਘ (ਮਲੋਟ)



ਸਾਹਿਬ ਸਿੰਘ ਪਨੂੰ (ਮਹਿਤਪੁਰ)



ਅਰਸ਼ਦੀਪ ਸ਼ਰਮਾ (ਮਾਨਸਾ)



ਦਵਿਆਂਸ਼ ਕੁਮਾਰ (ਨਵਾਂਸ਼ਹਿਰ)

# ਬੇਮੌਸਮੀ ਬਾਰਸ਼ ਕਾਰਨ ਹੋਏ ਨੁਕਸਾਨ ਦੇ ਮੁਆਵਜ਼ੇ ਲਈ ਐੱਸ ਡੀ ਐੱਮ ਨੂੰ ਦਿੱਤਾ ਮੰਗ ਪੱਤਰ




**ਫਿਲੌਰ, (ਨਿਰਮਲ)** ਜਮਹੂਰੀ ਕਿਸਾਨ ਸਭਾ ਤਹਿਸੀਲ ਫਿਲੌਰ ਵਲੋਂ ਪੰਜਾਬ ਦੇ ਮੁਖ ਮੰਤਰੀ ਦੇ ਨਾਂਅ ਇੱਕ ਮੰਗ ਪੱਤਰ ਭੇਜਿਆ, ਜਿਸ 'ਚ ਮੰਗ ਕੀਤੀ ਕਿ ਬੇਮੌਸਮੀ ਬਾਰਸ ਕਾਰਨ ਹੋਏ ਨੁਕਸਾਨ ਉਪਰੰਤ ਯੋਗ ਮੁਆਵਜਾ ਦਿੱਤਾ ਜਾਵੇ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਗੁਰਦਾਵਰੀਆ ਠੀਕ ਢੰਗ ਨਾਲ ਨਹੀਂ ਹੋ ਰਹੀਆ, ਜਿਸ ਨਾਲ ਮੁਆਵਜੇ ਦੇ ਨਾਂ 'ਤੇ ਅੱਖਾਂ ਪੂੰਝਣ ਤੋਂ ਬਿਨ੍ਹਾਂ ਕੁਝ ਨਹੀਂ ਨਿਕਲੇਗਾ। ਆਗੂਆਂ ਨੇ ਕਿਹਾ ਕਿ ਕੁਝ ਪਿੰਡਾਂ 'ਚ ਪੱਖਪਾਤੀ ਰਿਪੋਰਟਾਂ ਬਣਾਈਆਂ ਜਾ ਰਹੀਆਂ ਹਨ। ਆਗੂਆਂ ਨੇ ਕਿਹਾ ਕਿ ਸਿਰਫ ਕਣਕ ਹੀ ਨਹੀਂ ਸਗੋਂ ਹੋਰ ਫਸਲਾਂ ਦਾ ਵੀ ਭਾਰੀ ਨੁਕਸਾਨ ਹੋਇਆ ਹੈ। ਐਸ ਡੀ ਐਮ ਦਫਤਰ ਸਾਹਮਣੇ ਲਗਾਏ ਧਰਨੇ ਨੂੰ ਜਿਲ੍ਹਾ ਸਕੱਤਰ ਸੰਤੋਖ ਸਿੰਘ ਬਿਲਗਾ, ਸੂਬਾ ਕਮੇਟੀ ਜਸਵਿੰਦਰ ਸਿੰਘ ਢੇਸੀ, ਤਹਿਸੀਲ ਪ੍ਰਧਾਨ ਕੁਲਦੀਪ ਫਿਲੌਰ, ਸੁਰਿੰਦਰ ਸਿੰਘ ਰੁੜਕੀ, ਮਨਜਿੰਦਰ ਸਿੰਘ ਬਾਸੀ, ਹਰਦੇਵ ਸਿੰਘ ਸੰਧੂ, ਪਰਮਜੀਤ ਬੋਪਾਰਾਏ, ਜਰਨੈਲ ਸਿੰਘ, ਕੁਲਜੀਤ ਸਿੰਘ, ਸਤੀਸ ਪੁਆਦੜਾ, ਮਾ. ਸੁਖਜੀਤ ਸਿੰਘ ਜੰਡਿਆਲਾ, ਮਾ. ਸ਼ਿੰਗਾਰਾ ਸਿੰਘ ਦੁਸਾਂਝ ਨੇ ਸੰਬੋਧਨ ਕੀਤਾ। ਮਗਰੋਂ ਤਹਿਸੀਲਦਾਰ ਫਿਲੌਰ ਨੂੰ ਮੰਗ ਪੱਤਰ ਦਿੱਤਾ ਗਿਆ। ਮੰਗ ਪੱਤਰ ਦੇਣ ਵੇਲੇ ਕਿਸਾਨ ਆਗੂਆਂ ਨੇ ਗੁਰਦਵਾਰੀਆਂ ਬਾਰੇ ਆਪਣੀਆਂ ਮੁਸਕਲਾਂ ਸਾਂਝੀਆਂ ਕੀਤੀਆਂ। ਤਹਿਸੀਲਦਾਰ ਫਿਲੌਰ ਬਲਜਿੰਦਰ ਸਿੰਘ ਨੇ ਮੰਨਿਆ ਕਿ ਪਟਵਾਰੀਆਂ ਦੀ ਗਿਣਤੀ ਘੱਟ ਹੈ, ਜਿਸ ਕਾਰਨ ਸਮਾਂ ਲੱਗ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁਢਲੇ ਪੜਾਅ ਦੀ ਪੜਤਾਲ ਜਲਦ ਮੁਕੰਮਲ ਕਰ ਲਈ ਜਾਵੇਗੀ।

# ਕਾਮਰਸ ਦੇ ਵਿਦਿਆਰਥੀਆਂ ਨੇ ਵਿਦਿਅਕ ਟੂਰ ਲਾਇਆ



**ਮਾਹਿਲਪੁਰ, (ਸਫਰੀ)** ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਕਮਰਸ ਵਿਭਾਗ ਦੇ ਅਧਿਆਪਕਾਂ ਦੀ ਅਗਵਾਈ ਹੇਠ ਵਿਭਾਗ ਦੇ ਵਿਦਿਆਰਥੀਆਂ ਨੇ ਹਿਮਾਚਲ ਪ੍ਰਦੇਸ਼ ਦੇ ਹਿਲ ਸਟੇਸ਼ਨਾਂ ਕਾਂਗੜਾ, ਧਰਮਸ਼ਾਲਾ ਅਤੇ ਮੈਕਲੌਡਗੰਜ ਦਾ ਵਿਦਿਅਕ ਟੂਰ ਲਗਾਇਆ।

ਇਸ ਮੌਕੇ ਵਿਦਿਆਰਥੀਆਂ ਨੇ ਉਕਤ ਥਾਵਾਂ ਦੇ ਕਿਲ੍ਹੇ, ਪ੍ਰਾਚੀਨ ਮੰਦਿਰਾਂ ਅਤੇ ਆਮ ਲੋਕਾਂ ਦੇ ਜਨ ਜੀਵਨ ਨੂੰ ਨੇੜਿਓ ਦੇਖਣ ਦੇ ਨਾਲ ਨਾਲ ਕੁਦਰਤੀ ਦ੍ਰਿਸ਼ਾਂ ਦਾ ਆਨੰਦ ਮਾਣਿਆ। ਵਿਦਿਆਰਥੀਆਂ ਅਨੁਸਾਰ ਮੈਕਲੌਡਗੰਜ ਵਿੱਚ ਉਨ੍ਹਾਂ ਭਾਗਸੂ ਨਾਥ ਮੰਦਿਰ, ਦਲਾਈਲਾਮਾ ਮੰਦਿਰ ਆਦਿ ਦੇ ਇਤਿਹਾਸ ਬਾਰੇ ਜਾਣਕਾਰੀ ਲਈ ਅਤੇ ਭਾਗਸੂ ਨਾਥ ਝਰਨੇ ਦੀ ਸੁੰਦਰਤਾ ਦਾ ਆਨੰਦ ਮਾਣਿਆ। ਇਸ ਮੌਕੇ ਅਧਿਆਪਕਾਂ ਨੇ ਦੱਸਿਆ ਕਿ ਇਹ ਵਿਦਿਅਕ ਟੂਰ ਉਨ੍ਹਾਂ ਦੀ ਕਾਲਜ ਜ਼ਿੰਦਗੀ ਦਾ ਯਾਦਗਾਰੀ ਟੂਰ ਰਿਹਾ ਜਿਸ ਨਾਲ ਉਨ੍ਹਾਂ ਨੂੰ ਹਿਮਾਚਲ ਪ੍ਰਦੇਸ਼ ਦੇ ਪਹਾੜੀ ਸਥਾਨਾਂ ਦੀ ਸੰਸਕ੍ਰਿਤੀ, ਵਪਾਰ, ਧਰਮ ਅਤੇ ਲੋਕ ਜੀਵਨ ਨੂੰ ਵੀ ਗੰਭੀਰਤਾ ਨਾਲ ਦੇਖਣ ਦਾ ਮੌਕਾ ਮਿਲਿਆ।

ਉਨ੍ਹਾਂ ਕਿਹਾ ਕਿ ਅਕਾਦਮਿਕ ਸਿੱਖਿਆ ਦੇ ਨਾਲ ਨਾਲ ਅਜਿਹੇ ਟੂਰ ਵਿਦਿਆਰਥੀਆਂ ਨੂੰ ਨਵੀਆਂ ਥਾਵਾਂ 'ਤੇ ਪੁੱਜਣ ਅਤੇ ਨਵਾਂ ਸਿੱਖਣ ਦਾ ਮੌਕਾ ਦਿੰਦੇ ਹਨ। ਇਸ ਮੌਕੇ ਕਮਰਸ ਵਿਭਾਗ ਦੇ ਪ੍ਰੋ ਅਮਰਜੀਤ ਲਾਲ, ਡਾ ਰਾਕੇਸ਼ ਕੁਮਾਰ, ਪ੍ਰੋ ਸੰਦੀਪ ਕੌਰ, ਪ੍ਰੋ ਹਰਪ੍ਰੀਤ ਕੌਰ ਅਤੇ ਪ੍ਰੋ ਗੀਤੀ ਕਾਕੜਿਆ ਵੀ ਹਾਜ਼ਰ ਸਨ।

# ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ ਵਿਖੇ ਸਮਾਗਮ ਅੱਜ ਤੋਂ



**ਹੁਸ਼ਿਆਰਪੁਰ (ਓ ਪੀ ਰਾਣਾ )** ਸ੍ਰੀ ਗੁਰੂ ਰਵਿਦਾਸ ਜੀ ਇਤਿਹਾਸਕ ਅਸਥਾਨ ਸ੍ਰੀ ਚਰਨਛੋਹ ਗੰਗਾ ਖੁਰਾਲਗੜ ਸਾਹਿਬ ਵਿਖੇ ਚਾਰ ਦਿਨਾਂ ਵਿਸ਼ਾਲ ਸਮਾਗਮ 11, 12, 13 ਅਤੇ 14 ਅਪ੍ਰੈਲ ਨੂੰ ਦੇਸ਼ ਵਿਦੇਸ਼ ਦੀਆਂ ਲੱਖਾਂ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਪੂਰਵਕ ਮਨਾਏ ਜਾਣਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਆਦਿ ਧਰਮ ਗੁਰ ਸੰਤ ਸਰਵਣ ਦਾਸ ਲੁਧਿਆਣਾ, ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ, ਸੰਤ ਸੁਰਿੰਦਰ ਦਾਸ ਪ੍ਰਧਾਨ ਸ੍ਰੀ ਚਰਨਛੋਹ ਗੰਗਾ ਗੁਰੂਘਰ ਨੇ ਦਸਿਆ ਕਿ 11 ਅਪ੍ਰੈਲ ਨੂੰ ਮਹਾਤਮਾ ਜੋਤੀਬਾ ਫੂਲੇ ਜਨਮ ਦਿਨ,12,13 ਅਪ੍ਰੈਲ ਅੰਮ੍ਰਿਤਧਾਰਾ ਪ੍ਰਗਟ ਦਿਵਸ ਅਤੇ 14 ਅਪ੍ਰੈਲ ਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਸਮਾਗਮ ਸ਼ਰਧਾ ਪੂਰਵਕ ਮਨਾਏ ਜਾਣਗੇ ਉਨ੍ਹਾਂ ਦੱਸਿਆ ਕਿ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.)ਭਾਰਤ, ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਅਤੇ ਵੱਖ ਵੱਖ ਡੇਰਿਆਂ, ਸੰਪਰਦਾਵਾਂ ਦੇ ਸੰਤ ਮਹਾਂਪੁਰਸ਼ ਅਤੇ ਕੌਮ ਦੇ ਬੁੱਧੀਜੀਵੀ ਆਪਣੇ ਵਿਚਾਰ ਪੇਸ਼ ਕਰਨਗੇ। ਉਨ੍ਹਾਂ ਸੰਗਤਾਂ ਨੂੰ ਇਨਾਂ ਸਮਾਗਮਾਂ ਵਿਚ ਹੁੰਮ ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ।

## ਨਤੀਜਾ ਰਿਹਾ 100 ਫੀਸਦੀ

**ਅੱਡਾ ਸਰਾਂ , (ਕਾਜਲ )**- ਬੀ.ਐੱਨ. ਡੀ.ਸਕੂਲ ਕੰਧਾਲਾ ਜੱਟਾਂ ਦਾ ਨਤੀਜਾ 100 ਫੀਸਦੀ ਰਿਹਾ ਹੈ । ਪ੍ਰਿੰਸੀਪਲ ਜੈ ਕਿਸਨ ਮਹਿਤਾ ਨੇ ਦੱਸਿਆ ਕਿ ਸਕੂਲ ਦੇ 32 ਵਿਦਿਆਰਥੀਆਂ ਨੇ ਪ੍ਰੀਖਿਆ 'ਚੋਂ 85 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਅਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਵੱਲੋਂ ਐਲਾਨੇ ਗਏ ਨਤੀਜਿਆਂ ਵਿਚ ਸਕੂਲ ਦੀ ਵਿਦਿਆਰਥਣ ਅਰਪਿਤਾ ਡੋਗਰਾ 495 ਅੰਕ ਲੈ ਕੇ ਪਹਿਲੇ, ਅਪਨਿੰਦਰ ਕੌਰ 491 ਅੰਕ ਲੈ ਕੇ ਦੂਜੇ, ਸੁਖਮਨ ਕੌਰ 486 ਅੰਕ ਲੈ ਕੇ ਤੀਜੇ ਅਤੇ ਹਰਪ੍ਰੀਤ ਕੌਰ 477 ਅੰਕ ਲੈ ਕੇ ਚੌਥੇ ਸਥਾਨ 'ਤੇ ਰਹੀ। ਸਕੂਲ ਦੇ ਪ੍ਰਬੰਧਕ ਇੰਜਨੀਅਰ ਅਨਿਲ ਮਹਿਤਾ ਅਤੇ ਪ੍ਰਿੰਸੀਪਲ ਜੈ ਕਿਸ਼ਨ ਮਹਿਤਾ ਨੇ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ ਅਤੇ ਅੱਗੇ ਤੋਂ ਵੀ ਪੂਰੀ ਲਗਨ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਅਮਨਦੀਪ ਕੌਰ,ਸਿਮਰਨਜੀਤ ਕੌਰ,ਪਵਨਦੀਪ ਕੌਰ, ਗੁਰਬਖਸ਼ ਕੌਰ, ਕਿਰਨਦੀਪ ਕੌਰ,ਹਰਪ੍ਰੀਤ ਕੌਰ, ਅਮਿਤ ਕੁਮਾਰ, ਗੁਰਪ੍ਰੀਤ ਸਿੰਘ,ਸੁਖਵਿੰਦਰ ਸਿੰਘ, ਕੁਲਦੀਪ ਸਿੰਘ ਮੌਜੂਦ ਸਨ।

# ਢਾਹਾਂ ਕਲੇਰਾਂ ਵਿਖੇ ਪਹਿਲੀ ਨੈਸ਼ਨਲ ਲੈਵਲ ਪੈਰਾਮੈਡਿਕ ਮੀਟ



**ਬਹਿਰਾਮ (ਅਵਤਾਰ ਕਲੇਰ)** ਦੋਆਬੇ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਸਾਲ 2022 ਵਿ•ਚ ਸਥਾਪਿਤ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਵਿਖੇ ਪਹਿਲੀ ਨੈਸ਼ਨਲ ਲੈਵਲ ਪੈਰਾਮੈਡਿਕ ਮੀਟ 2023 ਦਾ ਆਯੋਜਿਨ ਕੀਤਾ ਗਿਆ। ਇਸ ਦਾ ਉਦਘਾਟਨ ਹਰਦੇਵ ਸਿੰਘ ਕਾਹਮਾ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰ-ਸਟ ਢਾਹਾਂ ਕਲੇਰਾਂ ਨੇ ਸ਼ਮ੍ਹਾਂ ਰੋਸ਼ਨ ਕਰਕੇ ਕੀਤਾ ਅਤੇ ਉਹਨਾਂ ਦਾ ਸਹਿਯੋਗ ਕੁਲਵਿੰਦਰ ਸਿੰਘ ਢਾਹਾਂ ਜਨਰਲ ਸਕੱਤਰ, ਅਮਰਜੀਤ ਸਿੰਘ ਕਲੇਰਾਂ ਚੇਅਰਮੈਨ ਫਾਈਨਾਂਸ, ਡਾ. ਐਸ ਐਸ ਗਿੱਲ ਡਾਇਰੈਕਟਰ ਮੈਡੀਕਲ ਐਜੂਕੇਸ਼ਨਲ ਅਤੇ ਸਾਬਕਾ ਵਾਈਸ ਚਾਂਸਲਰ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ, ਪ੍ਰੋਫੈਸਰ ਹਰਬੰਸ ਸਿੰਘ ਬੋਲੀਨਾ ਡਾਇਰੈਕਟਰ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਡਾ. ਰਵਿੰਦਰ ਖਜੂਰੀਆ ਮੈਡੀਕਲ ਸੁਪਰਡੈਂਟ ਗੁਰੂ ਨਾਨਕ ਮਿਸ਼ਨ ਹਸਪਤਾਲ, ਇੰਜੀ: ਵਰਿੰਦਰ ਸਿੰਘ ਬਰਾੜ ਐਚ ਆਰ ਐਡਮਿਨ ਤੇ ਕਨਵੀਨਰ, ਰਾਜਦੀਪ ਥਿਥਵਾੜ ਪ੍ਰਮੁੱਖ ਸਲਾਹਕਾਰ ਅਧਿਆਪਕ ਅਤੇ ਮੈਡਮ ਰਮਨਦੀਪ ਕੌਰ ਵਾਈਸ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ ਨਰਸਿੰਗ ਨੇ ਦਿੱਤਾ। ਹਰਦੇਵ ਸਿੰਘ ਕਾਹਮਾ ਪ੍ਰਧਾਨ ਨੇ ਆਪਣੇ ਪ੍ਰਧਾਨਗੀ ਭਾਸ਼ਨ 'ਚ ਭਾਰਤ ਦੇ ਵੱਖ ਸੂਬਿਆਂ ਤੋਂ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਪੁੱਜੇ 300 ਤੋਂ ਵੱਧ ਵੱਖ-ਵੱਖ ਵਿਸ਼ਾ ਮਾਹਿਰਾਂ, ਡੈਲੀਗੇਟਾਂ, ਪੈਰਾ ਮੈਡੀਕਲ ਅਤੇ ਹੈਲਥ ਕੇਅਰ ਵਰਕਰਾਂ ਅਤੇ ਪੈਰਾ ਮੈਡੀਕਲ ਵਿਦਿਆਰਥੀ ਨੂੰ ਨਿੱਘਾ ਜੀ ਆਇਆਂ ਕੀਤਾ। ਉਹਨਾਂ ਨੇ ਪੈਰਾ ਮੈਡੀਕਲ ਦੇ ਪ੍ਰਚਾਰ ਅਤੇ ਪਸਾਰ ਕਰਨ ਲਈ ਹੋਰ ਵੀ ਉਦਮ ਕਰਨ 'ਤੇ ਜ਼ੋਰ ਦਿੱਤਾ ਅਤੇ ਭਵਿੱਖ ਵਿਚ ਢਾਹਾਂ ਕਲੇਰਾਂ ਵਿਖੇ ਨੈਸ਼ਨਲ ਲੈਵਲ ਪੈਰਾਮੈਡਿਕ ਮੀਟਾਂ ਕਰਵਾਉਣ ਸੰਬੰਧੀ ਵੀ ਉਤਸ਼ਾਹਿਤ ਕੀਤਾ। ਪੈਰਾਮੈਡਿਕ ਮੀਟ 2023 ਦੇ ਸਵੇਰ ਦੇ ਪਹਿਲੇ ਸੈਸ਼ਨ ਵਿਚ ਮੁੱਖ ਬੁਲਾਰਿਆਂ ਡਾ. ਵਿਕਾਸ ਤਿਵਾੜੀ ਪ੍ਰੋਫੈਸਰ ਅਰੋਗਿਅਮ ਮੈਡੀਕਲ ਕਾਲਜ ਰੁੜਕੀ ਯੂ.ਕੇ, ਡਾ. ਜੈਸ਼੍ਰੀ ਕਰੰਨਵਾਲ ਤਿਵਾੜੀ ਪ੍ਰੋਫੈਸਰ ਅਰੋਗਿਅਮ ਮੈਡੀਕਲ ਕਾਲਜ ਰੁੜਕੀ, ਡਾ. ਸੌਰਭ ਗੁਪਤਾ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ, ਮੈਡਮ ਭਾਵਨਾ ਸੋਲੰਕੀ ਸੰਤੋਸ਼ ਮੈਡੀਕਲ ਕਾਲਜ ਗਾਜ਼ੀਆਬਾਦ ਉੱਤਰ ਪ੍ਰਦੇਸ਼, ਮੈਡਮ ਪਿਊਸ਼ੀ ਯਾਦਵ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਜਲੰਧਰ ਅਤੇ ਸ੍ਰੀ ਅਬਦੁੱਲ ਵਾਜਿਦ ਭੱਟ ਜੀ ਐਨ ਏ ਯੂਨੀਵਰਸਿਟੀ ਫਗਵਾੜਾ ਪੰਜਾਬ ਨੇ ਵਿਦਿਆਰਥੀਆਂ ਨੂੰ ਵੱਖ ਵੱਖ ਵਿਸ਼ਿਆਂ 'ਤੇ ਸੰਬੋਧਨ ਕੀਤਾ ਅਤੇ ਉਹਨਾਂ ਨਾਲ ਸਿੱਧੀ ਗੱਲਬਾਤ ਕੀਤੀ ਇਸ ਮੌਕੇ ਡਾ. ਐਸ. ਐਸ. ਗਿੱਲ ਡਾਇਰੈਕਟਰ ਮੈਡੀਕਲ ਐਜੂਕੇਸ਼ਨਲ ਅਤੇ ਡਾ. ਰਵਿੰਦਰ ਖਜੂਰੀਆ ਨੇ ਦਿਨੋ-ਦਿਨ ਆਧੁਨਿਕ ਹੋ ਰਹੀਆਂ ਪੈਰਾ ਮੈਡੀਕਲ ਸੇਵਾਵਾਂ ਕਰਕੇ ਵੱਧ ਰਹੀਆਂ ਚੁਣੌਤੀਆਂ ਅਤੇ ਹੋ ਰਹੀਆਂ ਪ੍ਰਾਪਤੀਆਂ ਬਾਰੇ ਵਿਚਾਰ ਸਾਂਝੇ ਕੀਤੇ। ਇੰਜੀ: ਵਰਿੰਦਰ ਸਿੰਘ ਬਰਾੜ ਐਚ ਆਰ ਐਡਮਿਨ ਨੇ ਸਿਹਤ ਸੇਵਾਵਾਂ ਦੇ ਵੱਖ-ਵੱਖ ਖੇਤਰਾਂ ਵਿਚ ਪੈਰਾ ਮੈਡੀਕਲ ਵਿਦਿਆਰਥੀ ਦੇ ਸਨਿਹਰੀ ਭਵਿੱਖ ਅਤੇ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਵਿਖੇ ਚੱਲਦੇ ਡਿਗਰੀ ਕੋਰਸਾਂ ਕੋਰਸਾਂ ਬਾਰੇ ਜਾਣਕਾਰੀ ਦਿੱਤੀ। ਰਾਜਦੀਪ ਥਿਥਵਾੜ ਪ੍ਰਮੁੱਖ ਸਲਾਹਕਾਰ ਅਧਿਆਪਕ ਨੇ ਗੁਰੂ ਨਾਨਕ ਪੈਰਾ ਮੈਡੀਕਲ ਢਾਹਾਂ ਕਲੇਰਾਂ ਪਹਿਲੀ ਨੈਸ਼ਨਲ ਲੈਵਲ ਪੈਰਾਮੈਡਿਕ ਮੀਟ 2023 ਵਿਚ ਸ਼ਾਮਲ ਮੁੱਖ ਮਹਿਮਾਨ, ਪ੍ਰਧਾਨਗੀ ਮੰਡਲ ਵਿਚ ਸ਼ਾਮਲ ਸ਼ਖਸੀਅਤਾਂ, ਵਿਸ਼ਾ ਮਾਹਿਰਾਂ, ਡੈਲੀਗੇਟਾਂ, ਹੈਲਥ ਕੇਅਰ ਵਰਕਰਾਂ ਅਤੇ ਪੈਰਾ ਮੈਡੀਕਲ ਵਿਦਿਆਰਥੀ ਦਾ ਧੰਨਵਾਦ ਕੀਤਾ।

# ਐੱਸ ਡੀ ਐੱਮ ਨੇ ਲਿਆ ਫਸਲਾਂ ਦੇ ਨੁਕਸਾਨ ਦਾ ਜਾਇਜ਼ਾ

**ਟਾਂਡਾ ਉੜਮੜ ( ਓਂਕਾਰ ਸਿੰਘ ਜਸਵਿੰਦਰ ਸੰਧੂ )**-ਐੱਸ. ਡੀ. ਐੱਮ. ਦਸੂਹਾ ਓਜਸਵੀ ਆਈ. ਏ. ਐੱਸ. ਵੱਲੋਂ ਬੇਮੌਸਮੀ ਬਰਸਾਤ ਅਤੇ ਗੜ੍ਹੇਮਾਰੀ ਨਾਲ ਪ੍ਰਭਾਵਿਤ ਹੋਏ ਕਣਕ ਦੀ ਫਸਲ ਦੇ ਨੁਕਸਾਨ ਦਾ ਜਾਇਜ਼ਾ ਲੈਣ ਲਈ ਪਿੰਡ ਮਸੀਤਪਲ ਕੋਟ, ਕੰਧਾਲੀ ਨਰੰਗਪੁਰ, ਜਾਜਾ ਅਤੇ ਟਾਂਡਾ ਢੋਲਵਾਹਾ ਰੋਡ ਇਲਾਕੇ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਢੁੱਕਵਾਂ ਮੁਆਵਜਾ ਦਿਵਾਉਣ ਲਈ ਫਸਲਾਂ ਦੇ ਨੁਕਸਾਨ ਦੇ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਢੁੱਕਵੇ ਮੁਆਵਜੇ ਲਈ ਮਾਲ ਵਿਭਾਗ ਅਤੇ ਖੇਤੀਬਾੜੀ ਵਿਭਾਗ ਵੱਲੋਂ ਕੀਤੀ ਜਾਂ ਰਹੀ ਸਪੈਸਲ ਗਿਰਦਾਵਰੀ ਦੇ ਕੰਮ ਦੀ ਮੌਕੇ 'ਤੇ ਜਾ ਕੇ ਪੜਤਾਲ ਕੀਤੀ। ਇਸ ਦੌਰਾਨ ਐੱਸ. ਡੀ. ਐੱਮ. ਦਸੂਹਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਇਸ ਕੁਦਰਤੀ ਆਫਤ ਨਾਲ ਹੋਏ ਨੁਕਸਾਨ ਦਾ ਢੁਕਵਾਂ ਮੁਆਵਜਾ ਜਲਦ ਤੋਂ ਜਲਦ ਦੇਣ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਜਲਦ ਗਿਰਦਾਵਰੀ ਦਾ ਕੰਮ ਮੁਕੰਮਲ ਕਰਕੇ ਕਿਸਾਨਾਂ ਨੂੰ ਉਚਿਤ ਮੁਆਵਜਾ ਦਿੱਤਾ ਜਾਵੇਗਾ। ਇਸ ਮੌਕੇ ਨੰਬਰਦਾਰ ਗੁਰਦੇਵ ਸਿੰਘ ਹਰਜੀਤ ਸਿੰਘ,, ਕਮਲਜੀਤ ਸਿੰਘ,ਪ੍ਰੀਤਮ ਸਿੰਘ, ਪਟਵਾਰੀ ਰਾਕੇਸ਼ ਸਾਗਰ, ਨੰਬਰਦਾਰ ਬਲਵਿੰਦਰ ਸਿੰਘ,ਤੀਰਥ ਸਿੰਘ,ਮੇਜਰ ਸਿੰਘ,ਜਸਵਿੰਦਰ ਸਿੰਘ, ਸੰਦੀਪ ਕੁਮਾਰ,ਪਟਵਾਰੀ ਰਜਿੰਦਰ ਕੁਮਾਰ, ਨੰਬਰਦਾਰ ਜਸਵੰਤ ਸਿੰਘ, ਨੰਬਰਦਾਰ ਸੰਦੀਪ ਸੈਣੀ ਕਰਮਜੀਤ ਸਿੰਘ ਪ੍ਰਧਾਨ, ਅਮਰੀਕ ਸਿੰਘ ਆਦਿ ਮੌਜੂਦ ਸਨ।

